SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ
ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਵਿਨੀਪੈਗ ਦੇ ਕਿਸੇ ਵੀ ਏਰੀਆ ਵਿੱਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਕਾਲ ਕਰੋ
AMRITPAL DHILLON
BROKER: MAXIMUM REALTY
MAXIMUM REALTY
Call: 204-979-7200
Office: 204-777-9999
Email: amritrealtorwinnipeg@gmail.com

Vol: 8 No: 177 Website : www.punjabiakhbaar.ca Email: editor@punjabiakhbaar.ca Friday, 6 August 2021

## ਇਲੈਕਸ਼ਨਜ਼ ਅਲਬਰਟਾ ਨੂੰ ਗਲਤ ਜਾਣਕਾਰੀ ਦੇਣ ਦੇ ਦੋਸ਼ਾਂ ਵਿੱਚ ਪੰਜਾਬੀ ਐਮ ਐਲ ਏ ਦਵਿੰਦਰ ਤੂਰ ਕਸੂਤਾ ਫਸਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਫੌਲਕਨਰਿਜ ਤੋਂ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਦੀ ਨੌਮਿਨੇਸ਼ਨ ਰੇਸ ਤੋਂ ਬਾਦ ਚੋਣ ਲੜਣ ਤੱਕ ਕਈ ਤਰ੍ਹਾਂ ਦੇ ਚੋਣ ਅਪਰਾਧ ਕਰਨ, ਗ਼ਲਤ ਵਿੱਤੀ ਸਟੇਟਮੈਂਟਸ ਫਾਇਲ ਕਰਨ ਆਦਿ ਦੇ ਦੋਸ਼ਾਂ ਤਹਿਤ ਵਿਧਾਇਕ ਦਵਿੰਦਰ ਤੂਰ ਨੂੰ ਇਲੈਕਸ਼ਨਜ਼ ਐਲਬਰਟਾ ਨੇ 15 ਹਜ਼ਾਰ ਡਾਲਰਾਂ ਦਾ ਜੁਰਮਾਨਾ ਕੀਤਾ ਹੈ। ਤੂਰ ਖਿਲਾਫ਼ ਦੋਸ਼ ਹੈ ਕਿ ਉਹਨਾਂ ਘੱਟੋ ਘੱਟ 10 ਉਲੰਘਣ ਕੀਤੇ ਜਿਹਨਾਂ ਵਿੱਚ ਖ਼ਰਚ ਸੀਮਾ ਤੋਂ ਵੱਧ ਖ਼ਰਚਾ ਕਰਨ, ਆਪਣੀ ਹੀ ਨੰਬਰ ਵਾਲੀ ਇੱਕ ਕੰਪਨੀ ਤੋਂ ਪਾਬੰਦੀਸ਼ੁਦਾ ਦਾਨ ਹਾਸਲ ਕਰਨ, ਇਲੈਕਸ਼ਨਜ਼ ਐਲਬਰਟਾ ਨੂੰ ਗ਼ਲਤ ਜਾਣਕਾਰੀ ਦੇਣ, ਕਿਸੇ ਗੈਰ ਵਿੱਤੀ ਅਦਾਰੇ ਤੋਂ ਲੋਨ ਲੈਣ, ਚੀਫ਼ ਫਾਇਨੈਂਸ਼ੀਅਲ ਅਫਸਰ ਦੇ ਖਾਤੇ ਤੋਂ ਇਲਾਵਾ ਕਿਸੇ ਹੋਰ ਖਾਤੇ ਵਿੱਚ ਰਕਮ ਰੱਖਣ ਆਦਿ ਦੇ ਗੰਭੀਰ ਦੋਸ਼ ਲੱਗੇ ਹਨ। ਸਾਲ 2019 ਵਿੱਚ ਹੋਈਆਂ ਵਿਧਾਨਸਭਾ ਚੋਣਾਂ ਵਿੱਚ ਤੂਰ ਨੇ ਐਨ.ਡੀ.ਪੀ. ਉਮੀਦਵਾਰ ਪਰਮੀਤ ਸਿੰਘ ਬੋਪਾਰਾਏ ਨੂੰ ਸਿਰਫ਼ 91 ਵੋਟਾਂ ਦੇ ਫ਼ਰਕ ਨਾਲ ਹਰਾਇਆ ਸੀ। ਵਿਰੋਧੀ ਧਿਰ ਐਨਡੀਪੀ ਰੇਚੈਲ ਨੌਟਲੀ ਨੇ ਦਵਿੰਦਰ ਤੂਰ ਦੇ ਅਸਤੀਫੇ ਦੀ ਮੰਗ ਕਰਦਿਆਂ ਪ੍ਰੀਮੀਅਰ ਜੇਸਨ ਕੈਨੀ ਨੂੰ ਕਿਹਾ ਹੈ ਕਿ ਉਹ ਤੂਰ ਨੂੰ ਕੌਕਸ ਵਿੱਚੋਂ ਬਾਹਰ ਕੱਢਣ। ਨੌਟਲੀ ਨੇ ਕਿਹਾ ਕਿ ਤੂਰ ਨੇ ਨਿਯਮਾਂ ਦਾ ਉਲੰਘਣ ਕੀਤਾ ਹੈ, ਐਮਐਲਏ ਬਣਨ ਲਈ ਘਪਲਾ ਕੀਤਾ ਹੈ ਤੇ ਲੌਅ-ਮੇਕਰ ਬਣਨ ਵਾਸਤੇ ਲੌਅ-ਬ੍ਰੇਕ ਕੀਤਾ ਹੈ। ਅਦਾਰਾ ਪੰਜਾਬੀ ਅਖ਼ਬਾਰ ਵੱਲੋਂ ਉਸਦਾ ਪੱਖ ਜਾਣਨ ਲਈ ਕੀਤੀ ਗਈ ਫੋਨ ਕਾਲ ਦਾ ਦਵਿੰਦਰ ਤੂਰ ਨੇ ਕੋਈ ਜਵਾਬ ਨਹੀਂ ਦਿੱਤਾ ਪਰ ਇਹ ਸੁਣਨ ਵਿੱਚ ਆਇਆ ਹੈ ਐਮ ਐਲ ਏ ਦਵਿੰਦਰ ਤੂਰ ਮੰਨ ਰਿਹਾ ਹੈ ਕਿ ਉਸ ਕੋਲੋਂ ਗ਼ਲਤੀ ਹੋਈ ਹੈ ਤੇ ਉਹ ਜੁਰਮਾਨਾ ਜਮ੍ਹਾਂ ਕਰਵਾਉਣਗੇ।

## ਚਾਈਲਡ ਕੇਅਰ ਸਬੰਧੀ ਨਵੀਂ ਐਪ 30 ਅਗਸਤ ਤੋਂ ਚਾਲੂ ਹੋ ਜਾਵੇਗੀ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਮੈਨੀਟੋਬਾ ਵਿਚ ਚਾਈਲਡ ਕੇਅਰ ਸਿਸਟਮ ਨੂੰ ਹੋਰ ਬਿਹਤਰ ਬਣਾਉਣ ਲਈ ਸੂਬਾ ਸਰਕਾਰ ਵੱਲੋਂ ਨਵੀਂ ਐਪ ਲਾਂਚ ਕੀਤੀ ਗਈ ਹੈ ਇਹ ਜਾਣਕਾਰੀ ਫੈਮਿਲੀਜ਼ ਮਨਿਸਟਰ ਰੌਚਕ ਸਪੀਟਜ਼ ਵੱਲੋਂ ਸਾਂਝੀ ਕੀਤੀ ਗਈ। ਉਨ੍ਹਾਂ ਦੇ ਦੱਸਣ ਮੁਤਾਬਕ ਪੁਰਾਣੀ ਚਾਈਲਡ ਕੇਅਰ ਸਿਸਟਮ ਜਿਸ ਨੂੰ ਆਨਲਾਈਨ ਚਾਈਲਡ ਕੇਅਰ ਰਜਿਸਟਰੀ ਆਖਿਆ ਜਾਂਦਾ ਸੀ, ਵਿੱਚ ਬਹੁਤ ਖਾਮੀਆਂ ਸਨ। ਜਿਸ ਕਾਰਨ ਮਾਪਿਆਂ ਨੂੰ ਬੱਚਿਆਂ ਲਈ ਚਾਈਲਡ ਕੇਅਰ ਸਪੇਸਿਜ਼ ਲੱਭਣ ਵਿੱਚ ਮੁਸ਼ਕਲ ਆਉਂਦੀ ਸੀ। ਪੀਰੀਅਡਸ ਅਤੇ ਕਿਰਗਿਜ਼ ਅਡਵਾਈਜ਼ਰੀ ਕਮੇਟੀ ਤੋਂ ਮਿਲੇ ਸੁਝਾਵਾਂ ਤੋਂ ਬਾਅਦ ਸਰਕਾਰ ਵੱਲੋਂ ਉਸ ਆਊਟਡੇਟਿਡ ਸਿਸਟਮ ਨੂੰ ਹੁਣ ਨਵੀਂ ਐਪ ਨਾਲ ਬਦਲਿਆ ਜਾਵੇਗਾ ਜੋ ਕਿ 30 ਅਗਸਤ ਤੋਂ ਉਪਲੱਬਧ ਹੋਵੇਗੀ। ਮੰਤਰੀ ਜੀ ਦੇ ਦੱਸਣ ਅਨੁਸਾਰ ਨਵੀਂ ਐਪ ਕਾਫੀ ਇੰਟਰੈਕਟਿਵ ਅਤੇ ਯੂਜ਼ਰ ਫਰੈਂਡਲੀ ਹੈ ਜੋ ਪੇਰੈਂਟਸ ਨੂੰ ਲਾਈਸੈਂਸ ਚਾਈਲਡ ਕੇਅਰ ਪ੍ਰਤੀਨਿਧੀ ਲੱਭਣ ਵਿਚ ਮੱਦਦ ਕਰੇਗੀ। ਇਸ ਐਪ ਨੂੰ ਚਾਈਲਡ ਕੇਅਰ ਫਸਿਲਿਟੀ ਵਿੱਚ ਇੰਸਟਾਲ ਕਰਨ ਲਈ 957000 ਡਾਲਰ ਦੀ ਗਰਾਂਟ ਵੀ ਸਰਕਾਰ ਵਲੋਂ ਚਾਈਲਡ ਕੇਅਰ ਯੂਨਿਟਸ ਨੂੰ ਦਿੱਤੀ ਜਾਵੇਗੀ

### ਕਰੋਨਾ ਕਾਰਣ ਵਿਨੀਪੈਗ ਦਾ ਡਾਊਨਟਾਊਨ ਵੀ ਆਰਥਿਕ ਤੌਰ ਤੇ ਰਗੜਿਆ ਗਿਆ ਹੈ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਕੋਵਿਡ-19 ਮਹਾਂਮਾਰੀ ਦੌਰਾਨ ਵਿਨੀਪੈਗ ਡਾਊਨਟਾਊਨ ਉੱਤੇ ਕੀ ਪ੍ਰਭਾਵ ਪਏ ਹਨ ਇਸ ਦੀ ਇੱਕ ਰਿਪੋਰਟ ਡਾਊਨ ਟਾਊਨ ਬ੍ਰਿਜ ਵੱਲੋਂ ਸਾਂਝੀ ਕੀਤੀ ਗਈ ਹੈ। ਡਾਊਨਟਾਊਨ ਬ੍ਰਿਜ ਦੇ ਸੀਈਓ ਕੇਟ ਫੈਸਿਲਟੀ ਅਨੁਸਾਰ 2020 ਸਪਰਿੰਗ ਤੋਂ ਡਾਊਨ ਟਾਊਨ ਵਿੱਚ ਕੰਮ ਕਰਦੇ ਬਹੁਤੇ ਮੈਨੀਟੋਬਾ ਵਾਸੀ ਰਿਮੋਟਲੀ ਕੰਮ ਕਰ ਰਹੇ ਹਨ। ਹਾਲਾਤ ਸੁਧਰਨ ਮਗਰੋਂ ਦੁਬਾਰਾ ਉਹ ਡਾਊਨਟਾਊਨ ਓਬੀਸੀਜ਼ ਵਿੱਚ ਆਉਣਾ ਸ਼ੁਰੂ ਹੋਏ ਹਨ ਪਰ ਸਥਿਤੀ ਪਹਿਲਾਂ ਵਰਗੀ ਨਹੀਂ ਹੈ।

## ਕਰੋਨਾ ਕਾਲ ਦੌਰਾਨ ਜ਼ੁਰਮਾਂ ਦੀ ਦੁਨੀਆਂ ਠੰਡੀ ਰਹੀ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਵਿਨੀਪੈਗ ਪੁਲਸ ਵੱਲੋਂ ਕੋਵਿਡ-19 ਦੇ ਸਮੇਂ ਦੌਰਾਨ ਸਾਲ ਦੋ ਹਜਾਰ ਵੀਹ ਦੀ ਵਿਨੀਪੈਗ ਕ੍ਰਾਈਮ ਸਟੇਟਸ ਰਿਪੋਰਟ ਸਾਂਝੀ ਕੀਤੀ ਗਈ। ਇਸ ਰਿਪੋਰਟ ਦੇ ਅੰਕੜਿਆਂ ਮੁਤਾਬਕ ਕਮਿਊਨੀਕੇਸ਼ਨ ਸੈਂਟਰ ਨੂੰ ਆਈਆਂ ਕਾਲਾਂ ਵਿੱਚ ਛੇ ਪ੍ਰਸੈਂਟ ਦੀ ਕਮੀ ਆਈ ਹੈ। ਪਰ ਵੈਲਬੀਂਗ ਕਾਲਾਂ ਵਿਚ ਬਾਰਾਂ ਪਰਸੈਂਟ ਦਾ ਵਾਧਾ ਹੋਇਆ ਹੈ। ਖ਼ਾਸਕਰ ਲਿਕੁਰ ਮਾਰਟ ਬੰਦ ਰਹਿਣ ਕਾਰਨ ਚੋਰੀ ਅਤੇ ਲੁੱਟਮਾਰ ਦੇ ਮਾਮਲਿਆਂ ਵਿੱਚ ਵੀ ਕਮੀ ਆਈ ਹੈ। ਪ੍ਰਾਪਰਟੀ ਕ੍ਰਾਈਮਜ਼ ਦੇ ਮਾਮਲਿਆਂ ਵਿੱਚ ਸਾਲ 2019 ਦੇ ਮੁਕਾਬਲੇ 14 ਪ੍ਰਸੈਂਟ ਦੀ ਕਮੀ ਆਈ ਹੈ ਪਰ ਪਿਛਲੇ 5 ਸਾਲਾਂ ਐਵਰੇਜ ਦੇ ਮੁਕਾਬਲੇ ਗਿਆਰਾਂ ਪਰਸੈਂਟ ਦਾ ਇਜ਼ਾਫਾ ਹੈ। ਇਸ ਦੇ ਨਾਲ ਟੋਟਲ ਕਰਾਈਮ ਰੇਟ ਦਸ ਪਰਸੈਂਟ ਘਟਿਆ ਹੈ ਪਰ ਡਰੱਗ ਕ੍ਰਾਈਮ ਦੇ ਮਾਮਲੇ 13 ਪਰਸੈਂਟ ਵਧੇ ਹਨ। ਹੋਮੀਸਾਈਡ ਦੇ ਮਾਮਲਿਆਂ ਵਿੱਚ ਲਗਾਤਾਰ ਦੂਜੇ ਸਾਲ ਵਾਧਾ ਹੋਇਆ ਹੈ ਜੋ ਕਿ 2020 ਦੌਰਾਨ 42 ਮਾਮਲੇ ਰਹੇ ਜੇ ਯੂਥ ਕ੍ਰਾਈਮ ਦੇ ਮਾਮਲੇ ਨੂੰ ਵੇਖੀਏ ਤਾਂ ਸਾਲ 2015 ਵਿਚ 2513 ਮਾਮਲੇ ਦਰਜ ਹੋਏ ਸਨ 2020 ਵਿਚ ਇਹ ਘਟ ਕੇ 1370 ਰਹਿ ਗਏ ਜੋ ਕਿ ਇੱਕ ਚੰਗਾ ਰੁਝਾਨ ਹੈ। ਇੱਥੇ ਵਰਣਨਯੋਗ ਹੈ ਕਿ ਜਦੋਂ ਲਿਕਰ ਮਾਰਟ ਦੇ ਉੱਤੇ ਕੰਟਰੋਲ ਐਂਟਰੈਂਸ ਲੱਗੀਆਂ ਹਨ ਤਾਂ ਸ਼ਾਪ ਉੱਪਰ ਲੁੱਟਮਾਰ ਦੇ ਮਾਮਲਿਆਂ ਵਿੱਚ ਭਾਰੀ ਕਮੀ ਆਈ ਹੈ। ਅੰਕੜਿਆਂ ਮੁਤਾਬਕ ਪਹਿਲਾਂ ਔਸਤਨ ਹਰ 50 ਮਿੰਟ ਬਾਅਦ ਲਿਕੁਰ ਮਾਰਟ ਵਿਖੇ ਵਿਖੇ ਚੋਰੀ ਦੀ ਘਟਨਾ ਵਾਪਰਦੀ ਸੀ ਪਿਛਲੇ ਸਾਲਾਂ ਵਿੱਚ ਪੰਜ ਹਜ਼ਾਰ ਤੋਂ ਵੱਧ ਚੋਰੀ ਦੀਆਂ ਘਟਨਾਵਾਂ ਵਾਪਰੀਆਂ ਪਰ ਕੰਟਰੋਲ ਇੰਟੈਂਸਿਵ ਤੋਂ ਬਾਅਦ ਇਹ ਘਟ ਕੇ ਸਿਰਫ 770 ਰਹਿ ਗਈਆਂ

## ਚੋਣ ਮੋਡ 'ਚ ਆਇਆ ਅਕਾਲੀ ਦਲ ; 400 ਯੂਨਿਟ ਬਿਜਲੀ ਮੁਫਤ ਦੇਣ ਦਾ ਐਲਾਨ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਗੱਠਜੋੜ ਨੇ ਸੂਬੇ ਦੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਪੰਜਾਬ ਦੇ ਲੋਕਾਂ ਲਈ ਲੋਕ ਲੁਭਾਊ ਵਾਅਦਿਆਂ ਦਾ ਪਿਟਾਰਾ ਖੋਲ੍ਹ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ-ਬਸਪਾ ਗੱਠਜੋੜ ਸਰਕਾਰ ਦੇ ਸੱਤਾ ਵਿੱਚ ਆਉਣ 'ਤੇ 13 ਨੁਕਾਤੀ ਏਜੰਡਾ ਲਾਗੂ ਕਰਨ ਦਾ ਐਲਾਨ ਕੀਤਾ। ਇਸ ਏਜੰਡੇ ਵਿੱਚ ਨੀਲਾ ਕਾਰਡ ਧਾਰਕ ਪਰਿਵਾਰਾਂ ਦੀਆਂ ਮੁਖੀ ਬਿਰਧ ਔਰਤਾਂ ਨੂੰ ਦੋ ਹਜ਼ਾਰ ਰੁਪਏ ਮਹੀਨਾ ਪੈਨਸ਼ਨ, ਖੇਤੀਬਾੜੀ ਖਪਤਕਾਰਾਂ ਨੂੰ ਡੀਜ਼ਲ ਰੇਟ ਵਿੱਚ 10 ਰੁਪਏ ਪ੍ਰਤੀ ਲਿਟਰ ਦੀ ਛੋਟ, ਸਨਅਤ ਲਈ 5 ਰੁਪਏ ਪ੍ਰਤੀ ਯੂਨਿਟ ਬਿਜਲੀ ਤੇ ਵਿਦਿਆਰਥੀਆਂ ਲਈ ਵਿਆਜ ਮੁਕਤ 10 ਲੱਖ ਰੁਪਏ ਦਾ ਕਰਜ਼ਾ ਦੇਣਾ ਸ਼ਾਮਲ ਹੈ। ਸੁਖਬੀਰ ਬਾਦਲ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਆਖਿਆ ਕਿ ਗੱਠਜੋੜ ਦੇ ਏਜੰਡੇ ਵਿੱਚ ਹਰ ਘਰ ਨੂੰ ਹਰ ਮਹੀਨੇ 400 ਯੂਨਿਟ ਮੁਫਤ ਬਿਜਲੀ ਦੇਣਾ ਅਤੇ ਸਾਰੇ ਨੀਲੇ ਕਾਰਡ ਧਾਰਕਾਂ ਦੇ ਬਕਾਇਆ ਬਿਜਲੀ ਬਿੱਲ ਮੁਆਫ ਕਰਨਾ ਵੀ ਸ਼ਾਮਲ ਹੈ।

ਆਪਣੇ ਫੋਨ ਵਿੱਚ ਪੰਜਾਬੀ ਅਖਬਾਰ ਦੀ ਐਪ ਆਹ ਲਿੰਕ ਕਲਿੱਕ ਕਰਕੇ ਫਰੀ ਡਾਊਨਲੋਡ ਕਰੋ
Android app
https://play.google.com/store/apps/details?id=com.mehramedia.punjabiakhbaar
ਐਪਲ ਦੇ ਫੋਨ ਲਈ ਇਹ ਲਿੰਕ ਕਲਿੱਕ ਕਰਿਓ
iPhone App
https://apps.apple.com/in/app/punjabi-akhbaar/id1559030797
PunjabiAkhbaar.ca

Barinder Ubhi
Realtor
(204)807-5013
babbu_ubhi@yahoo.com
MAXPRO REAL ESTATE
1739 Pembina Hwy. Winnipeg, MB, R3T 2G6
P:(204) 218-2222
F:(204) 261-1488
www.maxprorealestate.ca

ਵਿਨੀਪੈਗ ਅਤੇ ਆਸ ਪਾਸ ਦੇ ਏਰੀਆ ਵਿੱਚ ਡਰਾਈਵਿੰਗ ਸਿਖਾਉਂਦੇ ਹਾਂ
PRIME DRIVING SCHOOL
ਕਲਾਸ 5 ਲਾਇਸੈਂਸ ਲੈਣ ਲਈ ਪਰਮਿੰਦਰ ਸਿੰਘ ਨੂੰ ਸੰਪਰਕ ਕਰੋ
Class 5 Training • Knowledge Test Preparation
PARMINDER SINGH
Class 5 Driving Instructor
ਪੰਜਾਬੀ ਵਿੱਚ ਟਰੇਨਿੰਗ ਤੁਹਾਨੂੰ ਜਲਦੀ ਡਰਾਈਵਰ ਬਣਾ ਦਿੰਦੀ ਹੈ
(204)930-3030
primedrivingschool@hotmail.com
Training available in Winnipeg & Surrounding areas

Sukhbaz Deol
Financial Advisor
(204)998-7511
SAHARA INSURANCE GROUP
Visitor / Travel Insurance / Life Insurance
Super Visa Insurance / RRSP / RESP / Investments

ਸਟਾਈਲ ਇੰਡੀਆ ਬਾਲੀਵੁੱਡ ਕਲੈਕਸ਼ਨ ਵਿਨੀਪੈਗ
STYLE India BOLLYWOOD COLLECTION
• Latest Boutique suits
• Heavy Phulkari
• Frock suits
• Shimmer and Shunil suits
• Super soft blankets
ਇੰਡੀਆ ਨੂੰ ਪੈਸੇ ਭੇਜਣ ਲਈ ਵਧੀਆ ਰੇਟ
MoneyGram
ਪਾਸਪੋਰਟ ਸਾਈਜ਼ ਫੋਟੋ ਸਿਰਫ 10 ਡਾਲਰ
ਨਵੇਂ ਨਵੇਂ ਬੁਟੀਕ ਦੇ ਸੂਟ, ਭਾਰੀ ਫੁਲਕਾਰੀਆਂ, ਫਰਾਕ ਸੂਟ, ਸ਼ਿਮਰ ਐਂਡ ਸ਼ੁਨੀਲ ਸੂਟ, ਸੁਪਰ ਸੌਫਟ ਕੰਬਲ
102 Mandalay Dr. Winnipeg
(204) 632-9999

Yadwinder Deol
Realtor
MAXIMUM REALTY
ਘਰ ਵੇਚਣ ਜਾਂ ਖਰੀਦਣ ਲਈ ਸੰਪਰਕ ਕਰੋ!
Call TODAY to buy or sell your house
(204)803-2811

iccrc crcic
Raman D. Sood
Regulated Immigration Consultant (RCIC)
Commissioner of Oaths, Manitoba
Rainbow Immigration Ltd.
Fulfilling Dreams!
Ph: 204-202-7900
1403 Jefferson Ave., Winnipeg, MB, Canada R2P 0R6
Web: www.rainbowimmigration.ca
Email: rainbowimmigrationwinnipeg@gmail.com

IATA
ONKAR TRAVELS
Call:- 204-202-7900 for BEST WHOLESALE AIRFARES
Sood Brothers Travels & Tours
ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
1403 Jefferson Ave. Winnipeg, MB Canada
Ph: 204-202-7900, www.onkartravels.com
email: ywg@onkartravels.com

Need a Mortgage?......
MORTGAGE ARCHITECTS
Thinking of buying a Real Estate? Call today to discuss your mortgage options. We guarantee the lowest rates.
ਘਰ ਲੈਣ ਬਾਰੇ ਸੋਚਦੇ ਹੋ? ਘੱਟ ਰੇਟ ਤੇ ਮੌਰਗੇਜ ਲੈਣ ਲਈ ਅੱਜ ਹੀ ਕਮਲਜੀਤ ਸੰਧੂ ਨੂੰ ਫੋਨ ਕਰੋ।
SUPER VISA INSURANCE
SAHARA INSURANCE GROUP
Giving you the protection you need.
We offer best solution for you.
Super Visa Insurance
Critical Illness Insurance
Disability Insurance
Dental & Health Insurance
Mortgage Insurance
Life Insurance
Visitor Insurance
KAMALJEET SANDHU
Mortgage and Insurance Expert
Cell: 1(204) 751-0124
360 Keewatin St., Unit # 5, Winnipeg, MB

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ
204-218-3852
Just4kang@gmail.com

Gagan Bagri
Mortgage Advisor & Truck Loan Expert
EAST TO WEST LEASING
TRUCK/TRAILER & EQUIPMENT FINANCING
204-688-6486
100 MANDALAY DRIVE, WINNIPEG, MB
All Kind of Mortgages Saving You Both Time & Money
Lowest Rates Guaranteed
THE MORTGAGE WORLD

SUPER VISA INSURANCE
BEST RATE
SAHARA INSURANCE GROUP
DEEP GREWAL
Cell: 204-996-2571
deepgrewal12@gmail.com
Unit F10, 1833 Inkster Blvd. Winnipeg, MB. R2X 1R3

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ
Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

RAJ SANDHU
REALTOR®
Excellent Service...
Guaranteed Results!
ROYAL LePAGE
Call: 204.227.5758
Email: rajsandhu@royallepage.ca
Thank you for your trust and support!

Ready to make a move?
TD Ready for you
Rajandeep Mudhar, MBA
Manager, Mobile Mortgage Specialist
C: 204-963-9481
rajandeep.mudhar@td.com

Way to Success
PERFECT ONE DRIVING SCHOOL LTD.
Class 1 & 3 Driving Training Center
PVI and MELT Approved School
NARINDER SAINI
ROBIN SANDHU
204 930 5822
204 899 5823
2040, Logan Avenue Manitoba, R2H 0H9
Email: info@perfectonedrivingschool.com
www.perfectonedrivingschool.com
Like us on

BEST DEAL DRIVING SCHOOL
204-583-4500
Jaspreet Kaur Thind
Class 5 Instructor
Class 5 • Brush up Courses • Pickup and Drop
Special Discount for New Comers and Students

CUSHMAN & WAKEFIELD Winnipeg
Stevenson
WE ARE YOUR FULL SERVICE COMMERCIAL REAL ESTATE PARTNER
KHUSH GREWAL
Senior Associate
T. 204 934 6210
khush.grewal@cwstevenson.ca
17 NIHAL BAY
(+/-) 1,100 - 4,400 SF Units For Lease

Dawat
Take Out Catering
ਖਾਣਾ ਤਿਆਰ ਹੈ ਬੱਸ ਆਕੇ ਲੈ ਜਾਓ
ਸੁਆਦਲੇ ਖਾਣਿਆਂ ਦਾ ਆਨੰਦ ਲੈਣ ਲਈ ਫੋਨ ਮਿਲਾਓ।
14 Keewatin ST
Winnipeg (MB)
204 582 6666
204 880 8770




COPPERSTONE AT COPPERFIELD

# BRAND NEW HOME STYLES

ਹੁਣ ਵੇਚ ਰਹੇ ਹਾਂ।



## MODERN SINGLE FAMILY HOMES

- 2,015 to 2,508 sq. ft.
- 3-4 bedrooms with bonus room
- 2-3 bathrooms
- Legal basement suite option

**STARTING FROM LOW $500 (INCL.GST)**

## EXECUTIVE SINGLE FAMILY HOMES

- 2,508 to 2,934 sq. ft.
- 3-4 bedrooms with bonus room
- 2-3 bathrooms
- Walk-out basement with options to add a legal basement suite with separate entrance

**STARTING FROM HIGH $600 (INCL.GST)**

**PRE-SALES INCENTIVE ON NOW**

For a limited time receive blinds, washer/dryer, luxury vinyl plank flooring + upgraded slide-In range and fridge with water/ice dispenser worth over $9,000* included in your purchase price.

VESTA PROPERTIES

587.352.4266
COPPERSTONELIVING.COM

SHOWHOMES & SALES CENTRE
1233 Copperfield Boulevard SE
Calgary AB

Monday - Wednesday: 2 - 8 PM
Sat, Sun & Holidays: 12 - 5 PM
Thursday & Friday: by appointment

*Incentive value of $9,000 is an estimated price only and can be cancelled or modified without notice.

# 3 ਜੁਲਾਈ 2021 ਤੱਕ ਓਲੰਪਿਕ ਖੇਡਾਂ ਦੀ ਅੱਪਡੇਟ ਇਸ ਤਰਾਂ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਟੋਕਿਓ ਓਲੰਪਿਕਸ ਵਿੱਚ ਜਿਮਨਾਸਟਿਕਸ ਦੀ ਆਖ਼ਰੀ ਇਵੈਂਟ, ਬੈਲੈਂਸ ਬੀਮ ਫਾਇਨਲ ਵਿੱਚ ਕੈਨੇਡਾ ਦੀ ਐਲੀ ਬਲੈਕ ਨੇ ਗਿੱਟੇ ਦੀ ਸੱਟ ਤੋਂ ਬਾਦ ਵਾਪਸੀ ਤਾਂ ਕਰ ਲਈ ਪਰ ਉਸ ਨੂੰ ਚੌਥੇ ਸਥਾਨ ਨਾਲ ਹੀ ਸਬਰ ਕਰਨਾ ਪਿਆ ਜਦੋਂ ਕਿ ਅਮੈਰਿਕਾ ਦੀ ਪ੍ਰਸਿੱਧ ਸਿਮੋਨ ਬਾਇਲਜ਼ ਦੀ ਵਾਪਸੀ ਉਸ ਨੂੰ ਬ੍ਰੌਂਜ਼ ਮੈਡਲ ਦਵਾ ਗਈ। ਇਸ ਇਵੈਂਟ ਵਿੱਚ ਚੀਨ ਨੇ ਗੋਲਡ ਮੈਡਲ ਹਾਸਲ ਕੀਤਾ ਹੈ। ਉੱਧਰ 49 ਸਾਲ ਬਾਦ ਹੌਕੀ ਦੇ ਸੈਮਾਇ-ਫਾਇਨਲ ਵਿੱਚ ਪਹੁੰਚੀ ਭਾਰਤ ਦੀ ਮਰਦਾਂ ਦੀ ਟੀਮ ਬੈਲਜੀਅਮ ਹੱਥੋਂ 2-5 ਦੇ ਫ਼ਰਕ ਨਾਲ ਹਾਰ ਗਈ ਤੇ ਹੁਣ ਕਾਂਸੀ ਦੇ ਮੈਡਲ ਵਾਸਤੇ ਉਸ ਦਾ ਮੁਕਾਬਲਾ ਜਰਮਨੀ ਜਾਂ ਆਸਟ੍ਰੇਲੀਆ ਨਾਲ ਹੋਵੇਗਾ। ਇਸ ਮੈਚ ਵਿੱਚ ਭਾਰਤ ਸ਼ੁਰੂਆਤ ਵਿੱਚ 2-1 ਨਾਲ ਅੱਗੇ ਚੱਲ ਰਿਹਾ ਸੀ ਪਰ ਮਗਰੋਂ ਬੈਲਜੀਅਮ ਦੇ ਤਬੜਤੋੜ ਹਮਲਿਆਂ ਦਾ ਸਾਹਮਣਾ ਭਾਰਤੀ ਟੀਮ ਨਾ ਕਰ ਸਕੀ। ਬੈਲਜੀਅਮ ਨੂੰ 14 ਪੈਨਲਟੀ ਕੌਰਨਰ ਮਿਲੇ ਤੇ ਉਹਨਾਂ 3 ਨੂੰ ਗੋਲਾਂ ਵਿੱਚ ਬਦਲ ਦਿੱਤਾ। ਬੈਲਜੀਅਮ ਦਾ ਚੌਥਾ ਗੋਲ ਪੈਨਲਟੀ ਸਟ੍ਰੋਕ ਨਾਲ ਹੋਇਆ। ਭਾਰਤ ਨੂੰ 5 ਪੈਨਲਟੀ ਕੌਰਨਰ ਮਿਲੇ ਜਿਹਨਾਂ ਵਿੱਚੋਂ ਉਹ ਸਿਰਫ਼ ਇੱਕ ਨੂੰ ਹੀ ਗੋਲ ਵਿੱਚ ਤਬਦੀਲ ਕਰ ਸਕੇ। ਭਾਰਤੀ ਪਹਿਲਵਾਨ ਸੋਨਮ ਮਲਿਕ 62 ਕਿਲੋਗ੍ਰਾਮ ਭਾਰਵਰਗ ਵਿੱਚ ਫ੍ਰੀਸਟਾਇਲ ਪ੍ਰੀ-ਕੁਆਟਰ-ਫਾਇਨਲ ਵਿੱਚ ਹਾਰ ਗਈ। ਸ਼ੌਟ-ਪੁਟ ਵਿੱਚ ਤੇਜਿੰਦਰਪਾਲ ਸਿੰਘ ਤੂਰ ਫਾਇਨਲ ਲਈ ਕੁਆਲਿਫਾਇ ਨਹੀਂ ਕਰ ਸਕਿਆ ਤੇ ਉਹ 13ਵੇਂ ਸਥਾਨ 'ਤੇ ਹੀ ਰਹਿ ਗਿਆ। ਭਾਰਤੀ ਪ੍ਰਾਇਮ ਮਨਿਸਟਰ ਨਰੇਂਦਰ ਮੋਦੀ ਨੇ ਭਾਰਤੀ ਓਲੰਪਿਕ ਦਲ ਨੂੰ ਆਪਣੇ ਘਰ ਆਉਣ ਦਾ ਸੱਦਾ ਦਿੱਤਾ ਹੈ ਅਤੇ ਉਹਨਾਂ ਨੂੰ 15 ਅਗਸਤ ਵਾਲੇ ਦਿਨ ਲਾਲ ਕਿਲੇ 'ਤੇ ਹੋਣ ਵਾਲੇ ਰਾਸ਼ਟਰੀ ਪ੍ਰੋਗਰਾਮ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਹੈ। ਮੈਡਲ ਟੈਲੀ ਵਿੱਚ ਇਸ ਸਮੇਂ ਚੀਨ 32 ਗੋਲਡ ਲੈ ਕੇ ਸਭ ਤੋਂ ਪਹਿਲੇ ਸਥਾਨ 'ਤੇ ਬਣਿਆ ਹੋਇਆ ਹੈ ਜਦੋਂ ਕਿ ਅਮੈਰਿਕਾ ਕੋਲ 22 ਗੋਲਡ ਮੈਡਲ ਹਨ। ਕੈਨੇਡਾ 3 ਗੋਲਡ, 4 ਸਿਲਵਰ ਅਤੇ 7 ਬ੍ਰੌਂਜ਼ ਮੈਡਲਜ਼ ਨਾਲ 15ਵੇਂ ਸਥਾਨ 'ਤੇ ਹੈ ਅਤੇ ਭਾਰਤ 1 ਸਿਲਵਰ ਅਤੇ 1 ਬ੍ਰੌਂਜ਼ ਨਾਲ 63ਵੇਂ ਸਥਾਨ 'ਤੇ ਹੈ। ਇੱਧਰ, ਕੈਨੇਡਾ ਦੀ 100 ਮੀਟਰ ਸਪ੍ਰਿੰਟ ਵਿੱਚ ਰੈਕਰਡ ਹੋਲਡਰ ਅਤੇ 100 ਮੀਟਰ ਰੀਲੇਅ ਵਿੱਚ ਸਿਲਵਰ ਮੈਡਲ ਜੇਤੂ ਰਹਿ ਚੁੱਕੀ ਐਂਜੇਲਾ ਬੇਅਲੀ ਦਾ ਦੇਹਾਂਤ ਹੋ ਗਿਆ ਹੈ। ਉਹ 59 ਵਰ੍ਹਿਆਂ ਦੇ ਸਨ ਤੇ ਕੈਂਸਰ ਨਾਲ ਜੂਝ ਰਹੇ ਸਨ। ਉਸ ਦਾ 1987 ਵਿੱਚ 100 ਮੀਟਰ ਸਪਰਿੰਟ ਵਿੱਚ 10.98 ਸੈਕੰਡ ਦਾ ਬਣਾਇਆ ਰੈਕਰਡ ਅਜੇ ਤੱਕ ਨਹੀਂ ਟੁੱਟਿਆ ਹੈ।

# ਜਲੰਧਰ ਜ਼ਿਲ੍ਹੇ ਦਾ ਪੰਜਾਬੀ ਮੁੜ ਬਣਿਆ ਕੈਨੇਡਾ ਦੀ ਕੈਲਗਰੀ ਯੂਨੀਵਰਸਿਟੀ ਦਾ ਸੈਨੇਟ ਮੈਂਬਰ




ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਪੰਜਾਬੀ ਭਾਈਚਾਰੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਰਹਿੰਦੇ ਸੀਨੀਅਰ ਪੱਤਰਕਾਰ ਰਿਸੀ ਨਾਗਰ ਹੁਰਾਂ ਨੂੰ ਐਲਬਰਟਾ ਸਰਕਾਰ ਦੇ ਉਚੇਰੀ ਸਿੱਖਿਆ ਵਿਭਾਗ ਨੇ ਯੂਨੀਵਰਸਿਟੀ ਔਫ ਕੈਲਗਰੀ ਦੀ ਸੈਨੇਟ ਦੇ ਮੈਂਬਰ ਵਜੋਂ ਵਾਧਾ ਕਰ ਦਿੱਤਾ ਹੈ। ਹੁਣ ਉਹ ਇਸ ਭੂਮਿਕਾ ਵਿੱਚ 30 ਜੂਨ, 2024 ਤੱਕ ਰਹਿਣਗੇ, ਉਨ੍ਹਾਂ ਦੀ ਪਹਿਲੀ ਨਿਯੁਕਤੀ 1 ਜੁਲਾਈ 2018 'ਚ ਹੋਈ ਸੀ। ਰਿਸੀ ਨਾਗਰ ਪੰਜਾਬ ਦੇ ਪਿੰਡ ਸੰਕਰ (ਜਲੰਧਰ) ਦੇ ਜੰਮਪਲ ਹਨ ਉਨ੍ਹਾਂ ਆਪਣੀ ਸਿੱਖਿਆ ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪੂਰੀ ਕੀਤੀ ਤੇ ਆਰੀਆ ਕਾਲਜ ਨੂਰਮਹਿਲ 'ਚ ਲੈਕਚਰਾਰ ਵਜੋਂ ਸੇਵਾਵਾਂ ਸੁਰੂ ਕੀਤੀਆਂ ਤੇ ਪ੍ਰਿੰਸੀਪਲ ਵਜੋਂ ਵੀ ਪ੍ਰਮੋਟ ਹੋਏ, ਇੰਦਰਾ ਗਾਂਧੀ ਓਪਨ ਯੂਨੀਵਰਸਿਟੀ 'ਚ ਬਤੌਰ ਅੰਗਰੇਜੀ ਲੈਕਚਰਾਰ ਪੰਜ ਸਾਲ ਵਜੋਂ ਵੀ ਸੇਵਾ ਨਿਭਾਈ। ਇਸ ਤੋਂ ਬਾਅਦ ਉਨ੍ਹਾਂ ਛੇ ਸਾਲ ਤੱਕ ਮੀਡੀਆ ਖੇਤਰ ਨਾਲ ਜੁੜੇ ਹੋਏ ਹਨ ਜਿਸ ਦੌਰਾਨ ਉਹ ਪੰਜਾਬੀ, ਹਿੰਦੀ ਤੇ ਅੰਗਰੇਜੀ ਅਖਬਾਰਾਂ ਲਈ ਆਰਟੀਕਲ ਲਿਖਦੇ ਰਹਿੰਦੇ ਹਨ। ਪੰਜਾਬੀ ਅਖਬਾਰ ਵਿੱਚ ਉਹਨਾਂ ਦਾ ਆਰਟੀਕਲ "ਨਗਾਰਖਾਨੇ ਦੀ ਤੂਤੀ" ਲਗਾਤਾਰ ਬਹੁਤ ਸਾਲ ਛਪਦਾ ਰਿਹਾ ਹੈ ਅਤੇ ਹੁਣ ਵੀ ਵੱਖੋ ਵੱਖ ਸਮਿਆਂ ਮੌਕੇ ਸਿਆਸੀ ਚੋਭਾਂ ਲਿਖਦੇ ਰਹਿੰਦੇ ਹਨ। ਸਾਲ 2009 'ਚ ਉਹ ਪਰਿਵਾਰ ਸਮੇਤ ਕੈਨੇਡਾ ਦੇ ਸਰੀ ਸਹਿਰ ਪੱਕੇ ਵਸਨੀਕ ਬਣ ਗਏ ਜਿੱਥੇ ਉਨ੍ਹਾਂ ਦੱਖਣੀ ਭਾਈਚਾਰੇ ਨਾਲ ਸੰਬੰਧਤ ਇਕ ਰੇਡੀਓ - 93.1 'ਤੇ ਹੋਸਟ ਵਜੋਂ ਸੇਵਾਵਾਂ ਸੁਰੂ ਕਰ ਦਿੱਤੀਆਂ ਜਿਸ ਤੋਂ ਬਾਅਦ ਹੁਣ ਇਸੇ ਰੇਡੀਓ ਅਦਾਰੇ ਨਾਲ ਕੈਲਗਰੀ ਤੋਂ ਨਿਊਜ ਡਾਇਰੈਕਟਰ ਤੇ ਹੋਸਟ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਰਿਸੀ ਨਾਗਰ ਆਪਣੇ ਕੰਮ ਤੋਂ ਬਿਨਾ ਲੋਕ ਭਲਾਈ ਕੰਮਾਂ 'ਚ ਵੀ ਆਪਣੀਆਂ ਸੇਵਾਵਾਂ ਵੱਡੇ ਪੱਧਰ 'ਤੇ ਨਿਭਾਅ ਰਹੇ ਹਨ ਜਿਸ 'ਚ ਉਹ ਕਈ ਸਮਾਜ ਸੇਵੀ ਸੰਸਥਾਵਾਂ ਜਿਵੇਂ ਕੈਲਗਰੀ ਪੁਲਿਸ ਸਰਵਿਸ ਐਂਟੀ ਰੇਸਇਜਮ ਐਕਸਨ ਕਮੇਟੀ, ਕੈਲਗਰੀ ਐਂਟੀ ਰੇਸਇਜਮ ਕਮੇਟੀ ਤੇ ਬੋਰਡ ਆਫ ਡਾਇਰੈਕਟਰ ਸੈਂਡਲਰਿਜ ਕਮਿਊਨਿਟੀ ਐਸੋਸਿਏਸਨ ਦੇ ਮੈਂਬਰ ਹਨ।

# ਬੈਂਫ ਦੀ ਮੇਅਰ ਬਣੀ ਸੈਨੇਟਰ ਪਰ ਉਸਦੀ ਇਸ ਨਿਯੁਕਤੀ ਉੱਪਰ ਕੈਨੀ ਸਾਹਿਬ ਔਖੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੈਂਫ਼ ਦੀ ਮੇਅਰ ਕੈਰੇਨ ਸੋਰੈਨਸਨ ਨੂੰ ਦੇਸ਼ ਦੀ ਪਾਰਲੀਮੈਂਟ ਦੇ ਅਪਰ ਹਾਊਸ, ਸੈਨੇਟ ਦੀ ਮੈਂਬਰ ਨਿਯੁਕਤ ਕਰਨ ਦਾ ਐਲਾਨ ਕੀਤਾ ਗਿਆ ਹੈ। ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ 29 ਜੁਲਾਈ ਵਾਲੇ ਦਿਨ ਇਸ ਗੱਲ ਦਾ ਐਲਾਨ ਕੀਤਾ। ਐਲਬਰਟਾ ਤੋਂ 6 ਸੈਨੇਟਰ ਨਿਯੁਕਤ ਕੀਤੇ ਜਾਂਦੇ ਹਨ ਤੇ ਇੱਕ ਪੋਸਟ ਖਾਲੀ ਸੀ ਜਿਸ 'ਤੇ ਬੈਂਫ ਮੇਅਰ ਸੋਰੈਨਸਨ ਦੀ ਨਿਯੁਕਤੀ ਕਰ ਦਿੱਤੀ ਗਈ ਹੈ। ਸੋਰੈਨਸਨ ਨੇ ਇਸ ਗੱਲ ਦਾ ਐਲਾਨ ਹੁੰਦਿਆਂ ਹੀ ਬੈਂਫ਼ ਦੀ ਮੇਅਰ ਵੱਜੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਤੇ ਪ੍ਰਾਇਮ ਮਨਿਸਟਰ ਦਾ ਇਸ ਨਿਯੁਕਤੀ ਲਈ ਧੰਨਵਾਦ ਕੀਤਾ ਹੈ। ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਪ੍ਰਾਇਮ ਮਨਿਸਟਰ ਦੇ ਇਸ ਐਲਾਨ ਦੀ ਤਿੱਖੀ ਆਲੋਚਨਾ ਕਰਦਿਆਂ ਇਸ ਫੈਸਲੇ ਨੂੰ ਲੋਕਤੰਤਰੀ ਕਦਰਾਂ ਕੀਮਤਾਂ ਦੀ ਅਣਦੇਖੀ ਕਰਨ ਵਾਲਾ ਦੱਸਿਆ ਹੈ।

# ਪਾਰਕਾਂ ਵਿੱਚ ਬੈਠਕੇ ਪੈੱਗ ਸੈੱਗ ਲਾਉਣ ਆਲਾ ਪਰੋਗਰਾਮ ਠੀਕ ਠਾਕ ਚੱਲ ਰਿਹਾ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪਾਰਕਾਂ ਵਿੱਚ ਸ਼ਰਾਬਨੋਸ਼ੀ ਕਰਨ ਦੇਣ ਦਾ ਪਾਇਲਟ ਪ੍ਰੋਗਰਾਮ ਸਫ਼ਲਤਾ ਨਾਲ ਚੱਲ ਨਿਕਲਿਆ ਹੈ। ਪਹਿਲੇ ਮਹੀਨੇ ਦੌਰਾਨ ਸਿਰਫ਼ ਇੱਕ ਸ਼ਿਕਾਇਤ ਆਈ ਤੇ ਇੱਕ ਪਾਰਕ ਵਿੱਚੋਂ ਇੱਕ ਟੇਬਲ ਨੂੰ ਇਸ ਪ੍ਰੋਗਰਾਮ ਵਿੱਚੋਂ ਹਟਾਇਆ ਗਿਆ ਹੈ। ਸਵੇਰ ਦੇ 11 ਵਜੇ ਤੋਂ ਰਾਤ 9 ਵਜੇ ਤੱਕ ਇਹਨਾਂ ਗਿਣੇ ਮਿੱਥੇ ਪਾਰਕਾਂ ਵਿੱਚ ਟੇਬਲ 'ਤੇ ਬੈਠ ਕੇ ਸ਼ਰਾਬਨੋਸ਼ੀ ਕੀਤੀ ਜਾ ਸਕਦੀ ਹੈ। ਇਹ ਪ੍ਰੋਗਰਾਮ ਪਹਿਲੀ ਜੂਨ ਨੂੰ ਸ਼ੁਰੂ ਕੀਤਾ ਗਿਆ ਸੀ। ਐਲਬੋਅ ਪਾਰਕ ਵਿੱਚੋਂ ਇੱਕ ਟੇਬਲ ਨੂੰ ਸ਼ਰਾਬਨੋਸ਼ੀ ਦੇ ਪੂਲ ਵਿੱਚੋਂ ਕੱਢ ਲਿਆ ਗਿਆ ਹੈ ਪਰ ਇਸ ਦਾ ਕਾਰਨ ਕੋਈ ਡਿਸਟਰਬੈਂਸ ਜਾਂ ਨਿਯਮਾਂ ਦੀ ਅਣਦੇਖੀ ਨਹੀਂ ਹੈ। ਕਈ ਕਮਿਊਨਿਟੀਆਂ ਨੇ ਟੇਬਲ ਰਿਜ਼ਰਵ ਕਰਨ ਦੀ ਮੰਗ ਕਰ ਦਿੱਤੀ ਹੈ ਜਿਸ ਤੋਂ ਇਸ ਪ੍ਰੋਗਰਾਮ ਦੀ ਸਫ਼ਲਤਾ ਦੇਖੀ ਜਾ ਰਹੀ ਹੈ।

# ਕਰੋਨਾ ਸਬੰਧੀ ਸਾਰੀਆਂ ਪਾਬੰਦੀਆਂ ਹਟਾਉਣ ਵਾਲਾ ਐਲਬਰਟਾ, ਕੈਨੇਡਾ ਦਾ ਹੀ ਨਹੀਂ, ਦੁਨੀਆ ਦਾ ਪਹਿਲਾ ਸੂਬਾ ਬਣ ਗਿਆ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਐਮਰਜੰਸੀ ਰੂਮ ਫਿਜ਼ਿਸ਼ਨ ਡਾ. ਜੋਅ ਵਿਪੌਂਡ ਦਾ ਕਹਿਣਾ ਹੈ ਕਿ ਸਿਹਤ ਸੰਬੰਧੀ ਲੱਗੀਆਂ ਪਾਬੰਦੀਆਂ ਨੂੰ ਪੂਰੀ ਤਰ੍ਹਾਂ ਚੁੱਕ ਲੈਣ ਦਾ ਯੂਸੀਪੀ ਸਰਕਾਰ ਦਾ ਫੈਸਲਾ ਹੈਰਾਨ ਤੇ ਪਰੇਸ਼ਾਨ ਕਰ ਦੇਣ ਵਾਲਾ ਹੈ ਤੇ ਪੂਰੀ ਜਨਤਾ ਨੂੰ ਖ਼ਤਰੇ ਵਿੱਚ ਪਾ ਦਿੱਤਾ ਗਿਆ ਹੈ। ਬੀਤੀ 29 ਜੁਲਾਈ ਤੋਂ ਬਾਦ ਸੂਬੇ ਵਿੱਚ ਜਿਹੜੇ ਲੋਕ,



ਕੋਰੋਨਾ ਵਾਇਰਸ ਪੌਜ਼ਿਟਿਵ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆਉਣਗੇ, ਉਹਨਾਂ ਨੂੰ ਆਇਸੋਲੇਟ ਹੋਣ ਤੋਂ ਛੋਟ ਦੇ ਦਿੱਤੀ ਗਈ ਹੈ। ਆਉਂਦੀ 16 ਅਗਸਤ ਤੋਂ ਸਾਰਿਆਂ ਦੇ ਹੀ ਕੋਰੋਨਾ ਟੈਸਟ ਬੰਦ ਹੋ ਰਹੇ ਹਨ ਤੇ ਆਇਸੋਲੇਸ਼ਨ ਤੋਂ ਵੀ ਛੋਟ ਮਿਲ ਰਹੀ ਹੈ। ਸਿਰਫ਼ ਹਸਪਤਾਲ ਦਾਖ਼ਲ ਹੋਣ ਵਾਲਿਆਂ ਦੇ ਹੀ ਕੋਰੋਨਾ ਟੈਸਟ ਕੀਤੇ ਜਾਣਗੇ। ਇਸ 'ਤੇ ਸਿਟੀ ਮੇਅਰ ਨਾਹੀਦ ਨੈਂਸ਼ੀ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਇਸ ਨੂੰ ਗ਼ੈਰ-ਸਿਆਣਪ ਵਾਲਾ ਫੈਸਲਾ ਕਰਾਰ ਦਿੱਤਾ ਹੈ। ਐਡਮੰਟਨ ਦੇ ਮੇਅਰ ਨੇ ਵੀ ਸਰਕਾਰ ਦੇ ਇਸ ਫੈਸਲੇ ਦੀ ਸਖ਼ਤ ਆਲੋਚਨਾ ਕੀਤੀ ਹੈ। ਸੂਬੇ ਦੇ ਹੈਲਥ ਮਨਿਸਟਰ ਟਾਇਲਰ ਸ਼ੈਂਡਰੋ ਨੇ ਇਸ ਫੈਸਲੇ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਡਾ. ਡੀਨਾ ਹਿਨਸ਼ੌਅ ਦਾ ਫੈਸਲਾ ਵਿਗਿਆਨਕ ਅਧਾਰ 'ਤੇ ਲਿਆ ਗਿਆ ਹੈ ਤੇ ਕਈ ਹਫ਼ਤਿਆਂ ਤੇ ਕਈ ਮਹੀਨਿਆਂ ਦੀ ਮਿਹਨਤ ਮਗਰੋਂ ਇਸ ਨਤੀਜੇ 'ਤੇ ਪਹੁੰਚਿਆ ਗਿਆ ਹੈ। ਸਾਰੀਆਂ ਪਾਬੰਦੀਆਂ ਹਟਾਉਣ ਵਾਲਾ ਐਲਬਰਟਾ, ਕੈਨੇਡਾ ਦਾ ਹੀ ਨਹੀਂ, ਦੁਨੀਆ ਦਾ ਪਹਿਲਾ ਸੂਬਾ ਬਣ ਗਿਆ ਹੈ। ਸ਼ੈਂਡਰੋ ਨੇ ਕਿਹਾ ਕਿ ਜਿਹੜੇ ਲੋਕ ਡਾ. ਡੀਨਾ ਹਿਨਸ਼ੌਅ ਦੇ ਇਸ ਫੈਸਲੇ 'ਤੇ ਉਹਨਾਂ ਦਾ ਵਿਰੋਧ ਕਰ ਰਹੇ ਹਨ, ਉਹ ਗ਼ੈਰ-ਜ਼ਿੰਮੇਦਾਰਾਨਾ ਕੰਮ ਕਰ ਰਹੇ ਹਨ। ਕਈ ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਦਾ ਇਹ ਫੈਸਲਾ ਸਰਾਸਰ ਗ਼ਲਤ ਹੈ।

# ਵਧੇ ਖਰਚਿਆਂ ਵਾਲੇ ਐਰੀਨਾ ਸੈਂਟਰ ਦੇ ਨਿਰਮਾਣ ਨੂੰ ਸਿਟੀ ਕੌਂਸਿਲ ਵੱਲੋਂ ਮਨਜ਼ੂਰੀ ਮਿਲੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸਿਟੀ ਕੌਂਸਲ ਨੇ ਨਵੇਂ ਬਣਨ ਵਾਲੇ ਇਵੈਂਟ ਸੈਂਟਰ ਦੇ ਨਿਰਮਾਣ ਵਿੱਚ ਆਉਣ ਵਾਲੀਆਂ ਤਬਦੀਲੀਆਂ, ਵਾਧੂ ਬਜਟ ਅਤੇ ਨਵੇਂ ਪ੍ਰੋਜੈਕਟਰ ਮੈਨੇਜਰ ਦੇ ਮਾਮਲੇ ਨੂੰ ਮਨਜ਼ੂਰ ਕਰ ਲਿਆ ਹੈ। ਪਿਛਲੇ ਦਿਨੀਂ ਦੱਸਿਆ ਗਿਆ ਸੀ ਕਿ ਇਸ ਨਵੇਂ ਇਵੈਂਟ ਸੈਂਟਰ ਦੀ ਪਹਿਲਾਂ ਦੱਸੀ ਗਈ ਲਾਗਤ 550 ਮਿਲੀਅਨ ਡਾਲਰਾਂ ਤੋਂ ਵਧ ਕੇ 608 ਮਿਲੀਅਨ ਡਾਲਰ ਹੋ ਗਈ ਹੈ। ਕੌਂਸਲ ਵਿੱਚ ਇਸ ਗੱਲ ਨੂੰ ਮਨਜ਼ੂਰ ਕਰ ਲਿਆ ਗਿਆ ਕਿ ਲਾਗਤ ਵਧ ਗਈ ਹੈ ਤੇ ਸਿਟੀ ਵੱਲੋਂ ਇਸ ਵਧੀ ਹੋਈ ਲਾਗਤ ਦਾ ਹਿੱਸਾ ਦਿੱਤਾ ਜਾਵੇਗਾ। ਕੈਲਗਰੀ ਮਿਉਨਿਸਿਪਲ ਲੈਂਡ ਕੌਰਪੋਰੇਸ਼ਨ ਵੱਲੋਂ ਇਸ ਪ੍ਰੋਜੈਕਟ ਨਿਰਮਾਣ ਦੀ ਨਜ਼ਰਸਾਨੀ ਕਰਨ ਤੋਂ ਹੱਥ ਪਿਛਾਂਹ ਖਿੱਚ ਲਏ ਜਾਣ ਮਗਰੋਂ ਨਵੇਂ ਮੈਨੇਜਰ ਦੀ ਨਿਯੁਕਤੀ ਲਈ ਕੈਲਗਰੀ ਸਪੋਰਟਸ ਐਂਡ ਐਂਟਰਟੇਨਮੈਂਟ ਕੌਰਪੋਰੇਸ਼ਨ - ਸੀਸੈਕ ਨੂੰ ਨਵਾਂ ਮੈਨੇਜਰ ਨਿਯੁਕਤ ਕਰਨ ਲਈ ਹਰੀ ਝੰਡੀ ਦਿਖਾ ਦਿੱਤੀ ਗਈ ਹੈ। ਸੱਤ ਵੱਖੋ ਵੱਖ ਮੁੱਦਿਆਂ 'ਤੇ ਕੌਂਸਲ ਵੱਲੋਂ ਵੋਟਿੰਗ ਕੀਤੀ ਗਈ ਤੇ ਬਹੁਗਿਣਤੀ ਨਾਲ ਇਹਨਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ।

# ਲੜਾਈ ਹਟਾਉਣ ਵਾਲੇ ਦਾ ਛੁਰਾ ਮਾਰਕੇ ਕੀਤੇ ਕਤਲ ਵਿੱਚ ਸ਼ੱਕੀ ਗ੍ਰਿਫਤਾਰ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲੰਘੀ 30 ਜੂਨ ਵਾਲੇ ਦਿਨ ਡਾਉਨ-ਟਾਉਨ ਕੈਲਗਰੀ ਵਿੱਚ ਛੁਰੇ ਮਾਰ ਕੇ ਇੱਕ ਵਿਅਕਤੀ ਦਾ ਕਤਲ ਕਰ ਦੇਣ ਦੇ ਮਾਮਲੇ ਵਿੱਚ ਲੱਭੇ ਜਾ ਰਹੇ ਇਕ ਸ਼ੱਕੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਐਂਟੌਨੀ? ਜੋਇਲ ਗ੍ਰੌਸ ਵੈਂਟਰ-ਬੋਇ ਨਾਮ ਦੇ ਇਸ ਵਿਅਕਤੀ ਨੇ ਲੜਾਈ ਤੋਂ ਬਾਦ ਪੌਲ ਮਾਰਚ ਨਾਮ ਦੇ ਵਿਅਕਤੀ ਨੂੰ ਛੁਰਾ ਮਾਰ ਦਿੱਤਾ ਸੀ ਤੇ ਫ਼ਰਾਰ ਹੋ ਗਿਆ ਸੀ। ਉਸ ਦੇ ਖਿਲਾਫ਼ ਗ੍ਰਿਫ਼ਤਾਰੀ ਦਾ ਕੰਟਰੀ ਵਾਇਡ ਵੌਰੰਟ ਜਾਰੀ ਕੀਤਾ ਗਿਆ ਸੀ। ਉਸ ਨੂੰ ਡਾਉਨ-ਟਾਉਨ ਵਿੱਚ ਕਾਬੂ ਕਰ ਲਿਆ ਗਿਆ ਤੇ ਹੁਣ 16 ਅਗਸਤ ਨੂੰ ਕੋਰਟ ਵਿੱਚ ਪੇਸ਼ ਕੀਤਾ ਜਾਵੇਗਾ। ਜੇਮਜ਼ ਸ਼ੌਰਟ ਪਾਰਕ ਵਿੱਚ ਇੱਕ ਮਰਦ ਅਤੇ ਔਰਤ ਦੀ ਲੜਾਈ ਹੋ ਰਹੀ ਸੀ ਤੇ ਪੌਲ ਮਾਰਚ ਉਸ ਨੂੰ ਰੋਕਣ ਲਈ ਉਥੇ ਪਹੁੰਚ ਗਿਆ। ਮਰਦ, ਔਰਤ ਨੂੰ ਕੁੱਟ ਰਿਹਾ ਸੀ ਤੇ ਮਾਰਚ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਐਂਟੌਨੀ? ਜੋਇਲ ਗ੍ਰੌਸ ਵੈਂਟਰ-ਬੋਇ ਨਾਮ ਦੇ ਇਸ ਵਿਅਕਤੀ ਨੇ ਪੌਲ ਮਾਰਚ 'ਤੇ ਹੀ ਚਾਕੂ ਨਾਲ ਹਮਲਾ ਕਰ ਦਿੱਤਾ। 3 ਦਿਨਾਂ ਬਾਦ ਉਸ ਦੀ ਮੌਤ ਹੋ ਗਈ ਸੀ।

# ਅੱਗ ਲੱਗਣ ਕਾਰਣ ਦੋ ਘਰ ਸੜਕੇ ਹੋਏ ਸੁਆਹ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਸਾਊਥ ਵੈਸਟ ਕਮਿਊਨਿਟੀ ਵੁਡਬਾਇਨ ਵਿੱਚ ਬੀਤੇ ਐਤਵਾਰ ਦੀ ਬਾਦ ਦੁਪਹਿਰ ਅੱਗ ਲੱਗ ਜਾਣ ਕਾਰਨ ਦੋ ਘਰ ਅਤੇ ਇੱਕ ਡੀਟੈਚਡ ਗੈਰਾਜ ਸੜ ਗਏ ਹਨ। ਡੇਢ ਵਜੇ ਦੇ ਕਰੀਬ 28 ਫਾਇਰਫਾਇਟਰਾਂ ਨੇ ਇਸ ਅੱਗ ਉੱਪਰ ਕਾਬੂ ਪਾਇਆ। ਇੱਕ ਘਰ ਤਾਂ ਪੂਰੀ ਤਰ੍ਹਾਂ ਖਾਲੀ ਸੀ ਪਰ ਦੂਜੇ ਵਿੱਚੋਂ 2 ਵਿਅਕਤੀ ਆਪਣੀ ਪਾਲਤੂ ਬਿੱਲੀ ਲੈ ਕੇ ਸੁਰੱਖਿਅਤ ਬਾਹਰ ਨਿੱਕਲ ਆਏ ਸਨ। ਅੱਗ ਲੱਗਣ ਕਾਰਨ ਬੈਕ-ਐਲੀ ਵਿੱਚ ਨੈਚੁਰਲ ਗੈਸ ਲੀਕ ਹੋ ਗਈ ਤੇ ਉਸ ਨੂੰ ਰੋਕਣ ਲਈ ਵੱਖਰੇ ਪ੍ਰਬੰਧ ਕਰਨੇ ਪਏ। ਅੱਗ ਕਾਰਨ ਘਰਾਂ ਤੇ ਗੈਰਾਜ ਨੂੰ ਵਿਆਪਕ ਨੁਕਸਾਨ ਹੋਇਆ ਹੈ ਤੇ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

# ਕੈਲਗਰੀ ਦੇ ਸਟੈਂਪੀਡ ਮੇਲੇ ਵਿੱਚ ਹਰ ਰੋਜ਼ 7 ਜਣੇ ਕਰੋਨਾ ਦੀ ਲਪੇਟ ਵਿੱਚ ਆਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਹਰ ਸਾਲ ਸਟੈਂਪੀਡ ਦਾ ਆਯੋਜਨ ਕਰਨ ਵਾਲੀ ਸੰਸਥਾ ਕੈਲਗਰੀ ਸਟੈਂਪੀਡ ਦਾ ਕਹਿਣਾ ਹੈ ਕਿ ਇਸ ਵਾਰ ਪੈਨਡੈਮਿਕ ਦੇ ਪਰਛਾਵੇਂ ਹੇਠ ਹੋਏ ਇਸ ਵੱਡੇ ਮੇਲੇ ਵਿੱਚ ਕੁਲ 71 ਲੋਕਾਂ ਨੂੰ ਕੋਰੋਨਾ ਵਾਇਰਸ ਨੇ ਆਪਣੀ ਲਪੇਟ ਵਿੱਚ ਲਿਆ ਹੈ। ਔਸਤਨ ਹਰ ਰੋਜ਼ 7 ਵਿਅਕਤੀ ਇਸ ਦੀ ਲਪੇਟ ਵਿੱਚ ਆਏ ਦਰਜ ਕੀਤੇ ਗਏ ਹਨ। ਸਟੈਂਪੀਡ ਦੀ ਕਾਰਜਕਾਰੀ ਮੁਖੀ ਡੈਨਾ ਪੀਅਰਜ਼ ਦਾ ਕਹਿਣਾ ਹੈ ਕਿ ਸਾਰੇ ਪ੍ਰਬੰਧ ਕੀਤੇ ਗਏ ਸਨ ਤੇ ਬਹੁਤ ਸਾਰੇ ਸੁਰਖਿਆ ਪ੍ਰਬੰਧ ਕੀਤੇ ਜਾਣ ਅਤੇ ਲੱਖਾਂ ਲੋਕਾਂ ਦੇ ਆਉਣ ਦੇ ਬਾਵਜੂਦ ਸਿਰਫ਼ 71 ਕੇਸਾਂ ਦਾ ਆਉਣਾ ਪ੍ਰਬੰਧਾਂ ਦੀ ਸਫ਼ਲਤਾ ਹੀ ਹੈ। ਪੈਨਡੈਮਿਕ ਦੇ 15-16 ਮਹੀਨਿਆਂ ਮਗਰੋਂ ਦੇਸ਼ ਭਰ ਵਿੱਚ ਸਟੈਂਪੀਡ ਪਹਿਲਾ ਵੱਡਾ ਪ੍ਰੋਗਰਾਮ ਸੀ। ਸਟੈਂਪੀਡ ਦੇ ਮੈਡਿਕਲ ਡਾਇਰੈਕਟਰ ਡਾ. ਜੀਆ ਹੂ ਦੇ ਅਨੁਸਾਰ ਪਿਛਲੇ ਦੋ ਹਫ਼ਤਿਆਂ ਦੌਰਾਨ ਐਲਬਰਟਾ ਭਰ ਵਿੱਚ 749 ਕੇਸ ਆਏ ਰਿਪੋਰਟ ਕੀਤੇ ਗਏ ਹਨ। ਉਹਨਾਂ ਕਿਹਾ ਕਿ ਇਸ ਮੇਲੇ ਤੋਂ ਕੁੱਝ ਕੇਸਾਂ ਦੇ ਆਉਣ ਦੀ ਸੰਭਾਵਨਾ ਤਾਂ ਹੈ ਹੀ ਸੀ। ਸਟੈਂਪੀਡ ਕਰਮਚਾਰੀਆਂ, ਵਲੰਟੀਅਰਾਂ ਅਤੇ




ਰੋਡੀ? ਐਥਲੀਟਾਂ ਵਿੱਚੋਂ ਕਿਸੇ ਨੂੰ ਵੀ ਕੋਰੋਨਾ ਵਾਇਰਸ ਨੇ ਆਪਣੀ ਲਪੇਟ ਵਿੱਚ ਨਹੀਂ ਲਿਆ। ਐਲਬਰਟਾ ਦੇ ਸਾਬਕਾ ਚੀਫ਼ ਮੈਡਿਕਲ ਅਫਸਰ ਔਫ਼ ਹੈਲਥ ਡਾ. ਜੇਮਜ਼ ਟੈਲਬੌਟ ਦਾ ਕਹਿਣਾ ਹੈ ਕਿ 3-4 ਅਗਸਤ ਤੱਕ ਸਥਿੱਤੀ ਸਪਸ਼ਟ ਹੋਵੇਗੀ ਤੇ ਜੇ ਇਸ ਦੌਰਾਨ ਵਾਇਰਸ ਪੌਜ਼ਿਟਿਵ ਕੇਸ ਵਧੇ ਤਾਂ ਇਸ ਨੂੰ ਸਟੈਂਪੀਡ ਦਾ ਅਸਰ ਹੀ ਮੰਨਿਆ ਜਾਵੇਗਾ। ਉਹਨਾਂ ਕਿਹਾ ਕਿ ਸੂਬੇ ਦੀ 12 ਸਾਲ ਤੋਂ ਉੱਪਰ 25% ਜਨਸੰਖਿਆ ਅਜੇ ਵੀ ਵੈਕਸਿਨ ਤੋਂ ਸੱਖਣੀ ਹੈ ਤੇ ਇਸ ਗੱਲ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਜਾਰੀ ਅੰਕੜਿਆਂ ਵਿੱਚ ਦੱਸਿਆ ਗਿਆ ਹੈ ਕਿ 26 ਜੁਲਾਈ ਵਾਲੇ ਦਿਨ 134 ਕੇਸ ਆਏ ਰਿਪੋਰਟ ਹੋਏ ਹਨ। ਕੈਲਗਰੀ ਜ਼ੋਨ ਵਿੱਚ 725, ਐਡਮੰਟਨ ਜ਼ੋਨ ਵਿੱਚ 211, ਨੌਰਥ ਜ਼ੋਨ ਵਿੱਚ 80, ਸੈਂਟਰਲ ਜ਼ੋਨ ਵਿੱਚ 63 ਅਤੇ ਸਾਊਥ ਜ਼ੋਨ ਵਿੱਚ 92 ਕੇਸ ਰਿਪੋਰਟ ਕੀਤੇ ਜਾ ਰਹੇ ਹਨ। ਹਸਪਤਾਲਾਂ ਵਿੱਚ ਇਸ ਵਾਇਰਸ ਤੋਂ ਪੀੜਤ ਦਾਖ਼ਲ ਵਿਅਕਤੀਆਂ ਦੀ ਗਿਣਤੀ 82 ਅਤੇ ਉਹਨਾਂ ਵਿਚੋਂ 21 ਆਈਸੀਯੂ ਵਿੱਚ ਦੱਸੇ ਗਏ ਹਨ। 3 ਹੋਰ ਵਿਅਕਤੀਆਂ ਦੀ ਮੌਤ ਮਗਰੋਂ ਮਰਨ ਵਾਲੇ ਵਿਅਕਤੀਆਂ ਦੀ ਕੁੱਲ ਸੰਖਿਆ 2325 'ਤੇ ਪਹੁੰਚੀ ਦਰਜ ਹੋਈ ਹੈ। ਸੂਬੇ ਵਿੱਚ ਐਕਟਿਵ ਵੇਰੀਐਂਟਸ ਦੀ ਸੰਖਿਆ 845 'ਤੇ ਪਹੁੰਚ ਗਈ ਹੈ।

# ਜਿਹੜੀ ਪਾਰਟੀ ਨੂੰ ਲੋਕ ਦਾਨ ਰਾਸ਼ੀ ਵੱਧ ਦੇ ਰਹੇ ਹਨ ਤਾਂ ਫਿਰ ਵੋਟਾਂ ਵੀ ਉਸੇ ਪਾਰਟੀ ਨੂੰ ਹੀ ਵੱਧ ਪੈਣਗੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਇਸ ਸਾਲ ਜਨਵਰੀ ਤੋਂ ਜੂਨ ਮਹੀਨੇ ਦੌਰਾਨ ਐਨ.ਡੀ.ਪੀ. ਨੂੰ 27 ਲੱਖ 1 ਹਜ਼ਾਰ 664 ਡਾਲਰ ਦੀ ਦਾਨ ਰਾਸ਼ੀ ਹਾਸਲ ਹੋਈ ਹੈ ਜਦੋਂ ਕਿ ਸੱਤਾਧਾਰੀ ਯੂ.ਸੀ.ਪੀ. ਨੂੰ 13 ਲੱਖ 59 ਹਜ਼ਾਰ 962 ਡਾਲਰ ਹੀ ਮਿਲੇ ਹਨ। 250 ਜਾਂ ਇਸ ਤੋਂ ਘੱਟ ਡਾਲਰ ਦੇਣ ਵਾਲਿਆਂ ਦੀ ਵੱਡੀ ਗਿਣਤੀ ਐਨਡੀਪੀ ਵੱਲ ਗਈ ਹੈ ਤੇ ਯੂਸੀਪੀ ਨੂੰ ਇੱਕ ਵਾਰ ਫਿਰ ਝਟਕਾ ਲੱਗਿਆ ਹੈ। ਦੂਜੇ ਕੁਆਰਟਰ ਵਿੱਚ ਐਨਡੀਪੀ ਨੇ 15 ਲੱਖ 15 ਹਜ਼ਾਰ 419 ਡਾਲਰ ਹਾਸਲ ਕੀਤੇ ਜਦੋਂ ਕਿ ਯੂਸੀਪੀ ਨੂੰ 7 ਲੱਖ 15 ਹਜ਼ਾਰ 886 ਡਾਲਰ ਪ੍ਰਾਪਤ ਹੋਏ ਹਨ। ਦੂਜੀਆਂ ਪਾਰਟੀਆਂ ਕਾਫੀ ਪਿੱਛੇ ਹਨ।

SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Pii Punjab Insurance Inc
SERVICES
▪ Life Insurance
▪ Mortgage Insurance
▪ Critical Illness Insurance
▪ Disability Insurance
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ



Harpinder Sidhu
REGIONAL MANAGER
403 404 3500
sidhu.harpinder@gmail.com



Gurinder Chahal
MANAGER
587 707 7000
cgyquotes@gmail.com

A PLUS
• ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
• ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
• ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
• ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2



Kewal Sangha
587 582 6666

• ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
• ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
• ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
• ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸੰਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com



ਦਿੱਤੀ ਉਸ ਆਜਾਦੀ ਦਾ ਸਭ ਤੋਂ ਵੱਧ ਫਾਇਦਾ ਵੀ ਤਾਂ ਉਹਨਾਂ ਨੇ ਹੀ ਉਠਾਇਐ । ਤੈਨੂੰ ਭਾਵੇਂ ਆਖਰੀ ਸਮੇਂ ਵਤਨ ਦੀ ਮਿੱਟੀ ਵੀ ਨਾ ਮਿਲ ਸਕੀ। ਤੇਰੀਆਂ ਅਸਥੀਆਂ ਵੀ 34 ਸਾਲ ਬਾਅਦ ਵਤਨ ਪਰਤ ਸਕੀਆਂ। ਇੱਕ ਗੱਲ ਹੋਰ ਦੱਸਾਂ! ਇਸ ਬੁੱਤ ਹੇਠਾਂ ਨਾਮ ਤਾਂ ਤੇਰਾ ਈ ਐ ਪਰ ਕਹਿੰਦੇ ਇਹ ਤੇਰਾ ਨਹੀਂ। ਸਮੇਂ ਦੇ ਹਾਕਮਾਂ ਨੂੰ ਐਨ ਮੌਕੇ ਤੇ ਯਾਦ ਆਇਆ ਕਿ ਤੇਰਾ ਸ਼ਹੀਦੀ ਦਿਨ ਆ ਗਿਆ। ਤੇਰਾ ਬੁੱਤ ਬਣਵਾਉਣ ਦਾ ਸਮਾਂ ਨਹੀਂ ਸੀ। ਲੋਕਾਂ ਨੂੰ ਆਪਣੀ ਦੇਸ਼ ਭਗਤੀ ਬਾਰੇ ਦੱਸਣ ਦਾ ਵੇਲਾ ਵੀ ਖੁੰਝਾਉਣਾ ਨਹੀਂ ਸੀ ਸੋ ਜਿਹੜਾ ਤਿਆਰ ਪਿਆ ਸੀ ਲਿਆ ਕੇ ਲਾ ਦਿੱਤਾ। ਮੈਨੂੰ ਤੇਰੇ ਵਾਰਸ ਸੁਨਾਮ ਵਾਸੀਆਂ ਨੇ ਦੱਸਿਐ। ਇਹ ਵੀ ਦੱਸਿਐ ਕਿ ਸ਼ਹਿਰ ਵਿੱਚ ਇੱਕ ਹੋਰ ਬੁੱਤ ਵੀ ਐ ਇਹੋ ਜਿਹਾ ਜਿਸ ਦੀ ਸ਼ਕਲ ਤੇਰੇ ਨਾਲ ਨਹੀਂ ਮਿਲਦੀ। ਚਲੋ ਖੈਰ, ਸ਼ਕਲਾਂ 'ਚ ਕੀ ਪਿਐ। ਐਨਾ ਬਹੁਤ ਐ ਤੈਨੂੰ ਸਾਲ ਬਾਅਦ ਯਾਦ ਕਰ ਲੈਂਦੇ ਹਾਂ। ਤੇਰੇ ਬੁੱਤਾਂ ਤੋਂ ਮਿੱਟੀ ਝਾੜ ਲੈਂਦੇ ਹਾਂ। ਤੂੰ ਤਾਂ ਇੱਕ ਮਾਈਕਲ ਓਡਵਾਇਰ ਮਾਰਿਐ ਹੁਣ ਅਣਗਿਣਤ ਫਿਰਦੇ ਨੇ ਮਾਈਕਲ ਓਡਵਾਇਰ ਤੇ ਸਾਂਡਰਸ। ਪਰ ਉਨ੍ਹਾਂ ਨਾਲ ਪੰਗਾ ਅਸੀਂ ਨੀ ਲੈਣਾ। ਤੈਨੂੰ ਤੇ ਭਗਤ ਸਿੰਘ ਨੂੰ ਈ ਆਉਣਾ ਪੈਣਾ।

ਲੈ ਸਰਦਾਰ ਊਧਮ ਸਿਹਾਂ ਅਸੀਂ ਵੀ ਤੈਨੂੰ ਅੱਜ ਸਾਲ ਬਾਅਦ ਯਾਦ ਕਰ ਲਿਆ ਹੋਰਨਾਂ ਵਾਂਗ। ਪਰ ਸਾਡੇ ਯਾਦ ਕਰਨ 'ਚ ਐਨਾ ਕੁ ਫਰਕ ਐ ਕਿ ਅਸੀਂ ਸਵਖਤੇ ਸਾਈਕਲਾਂ ਤੇ ਆਏ ਹਾਂ ਅਤੇ ਉਹ ਵੀ ਬਿਨਾਂ ਹਾਰਾਂ ਤੋਂ। ਕਿਉਂਕਿ ਦਿਨ ਵੇਲੇ ਤੇਰੇ ਬੁੱਤ ਕੋਲ ਕਿਸੇ ਆਮ ਆਦਮੀ ਨੂੰ ਪੁਲਸ ਨੇ ਜਾਣ ਨਹੀਂ ਦੇਣਾ। ਅੱਜ ਖਾਸ ਵਿਅਕਤੀਆਂ ਨੇ ਖਾਸ ਵੱਡੀਆਂ ਵੱਡੀਆਂ ਸਰਕਾਰੀ ਗੱਡੀਆਂ 'ਚ ਆਉਣੈ ਤੇਰੇ ਗਲ਼ 'ਚ ਵੱਡੇ ਵੱਡੇ ਹਾਰ ਪਾਉਣ, ਤੇਰੀ ਕੁਰਬਾਨੀ ਦੇ ਸੋਹਲੇ ਗਾਉਣ। ਗਾਉਣ ਵੀ ਕਿਉਂ ਨਾ। ਜਿਹੜੀ ਆਜ਼ਾਦੀ ਲਈ ਤੂੰ ਕੁਰਬਾਨੀ

## ਸਿਟੀ ਔਫ ਕੈਲਗਰੀ ਅਤੇ ਕੈਲਗਰੀ ਫਲੇਮਜ਼ ਰਲ ਮਿਲਕੇ ਇਵੈਂਟ ਸੈਂਟਰ ਬਣਾਉਣਗੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਨਵੇਂ ਬਣਨ ਵਾਲੇ ਇਵੈਂਟ ਸੈਂਟਰ ਦੀ ਨਿਰਮਾਣ ਲਾਗਤ ਵਿੱਚ ਹੋਏ ਵਾਧੇ ਨੂੰ ਸਿਟੀ ਔਫ਼ ਕੈਲਗਰੀ ਅਤੇ ਕੈਲਗਰੀ ਫ਼ਲੇਮਜ਼ ਵੱਲੋਂ ਰਲ਼ ਕੇ ਚੁੱਕਿਆ ਜਾਵੇਗਾ ਅਤੇ ਇਸ ਨਵੇਂ ਏਰੀਨਾ ਅਤੇ ਇਵੈਂਟ ਸੈਂਟਰ ਦੇ ਨਿਰਮਾਣ ਅਤੇ ਇਸ ਦੇ ਡਿਜ਼ਾਇਨ ਦੀ ਦੇਖ-ਰੇਖ ਕਰਨ ਵਾਲੀ, ਕੈਲਗਰੀ ਮਿਊਨਿਸਿਪਲ ਲੈਂਡ ਕੌਰਪੋਰੇਸ਼ਨ - ਸੀ.ਐਮ.ਐਲ.ਸੀ. ਨੇ ਇਸ ਕੰਮ ਤੋਂ ਹੁਣ ਆਪਣੇ ਹੱਥ ਪਿਛਾਂਹ ਖਿੱਚ ਲਏ ਹਨ। ਕੈਲਗਰੀ ਸਪੋਰਟਸ ਐਂਡ ਐਂਟਰਟੇਨਮੈਂਟ ਕੌਰਪੋਰੇਸ਼ਨ - ਸੀਸੈੱਕ ਨੇ ਕਿਹਾ ਹੈ ਕਿ ਭਵਿੱਖ ਵਿੱਚ ਜੇ ਲਾਗਤ ਵਾਧਾ ਹੋਇਆ ਤਾਂ ਉਹ ਇਸ ਦਾ ਖ਼ਰਚਾ ਚੁੱਕਣਗੇ। ਉੱਧਰ ਸੀ.ਐਮ.ਐਲ.ਸੀ. ਨੇ ਕਿਹਾ ਹੈ ਕਿ ਜੇ ਸੀਸੈੱਕ ਨੇ ਸਾਰਾ ਖ਼ਰਚਾ ਚੁੱਕਣਾ ਹੈ ਤਾਂ ਉਹ ਇਸ ਕੰਮ ਦੀ ਦੇਖਰੇਖ ਅਤੇ ਨਜ਼ਰਸਾਨੀ ਕਰਨ ਲਈ ਕਿਸੇ ਹੋਰ ਨੂੰ ਪ੍ਰੋਜੈਕਟ ਮੈਨੇਜਰ ਲਗਾ ਦੇਣ। ਚੇਤੇ ਰਹੇ ਕਿ ਇਸ ਸਾਲ ਦੇ ਸ਼ੁਰੂ ਵਿੱਚ ਇਸ ਵਿਵਾਦਿਤ ਇਵੈਂਟ ਸੈਂਟਰ ਦੇ ਨਿਰਮਾਣ ਨੂੰ ਲੈ ਕੇ ਸੀਸੈੱਕ ਅਤੇ ਸਿਟੀ ਦਰਮਿਆਨ 550 ਮਿਲੀਅਨ ਡਾਲਰਾਂ ਦਾ ਕਰਾਰ ਹੋ ਗਿਆ ਸੀ ਤੇ ਹੁਣ ਕਿਹਾ ਜਾ ਰਿਹਾ ਹੈ ਕਿ ਇਸ ਪ੍ਰੋਜੈਕਟ ਦੀ ਲਾਗਤ 550 ਮਿਲੀਅਨ ਡਾਲਰਾਂ ਤੋਂ ਵਧ ਕੇ 608.5 ਮਿਲੀਅਨ ਡਾਲਰ ਹੋ ਰਹੀ ਹੈ। ਇਸ ਵਿਚੋਂ ਸਿਟੀ 287.5 ਮਿਲੀਅਨ ਅਤੇ ਸੀਸੈੱਕ 321 ਮਿਲੀਅਨ ਡਾਲਰਾਂ ਦਾ ਭੁਗਤਾਨ ਕਰਨਗੇ। ਵਾਧੂ ਲਾਗਤ ਵਿੱਚ, ਸਿਟੀ ਵੱਲੋਂ ਸਾਢੇ 12 ਮਿਲੀਅਨ ਡਾਲਰ ਦੇਣ ਤੋਂ ਇਲਾਵਾ ਕੁੱਝ ਹੋਰ ਖ਼ਰਚਿਆਂ ਦੀ ਅਦਾਇਗੀ ਵੀ ਕਰਨੀ ਪੈ ਸਕਦੀ ਹੈ ਕਿਉਂਕਿ ਸਮਝੌਤੇ ਵਿੱਚ ਸਿਟੀ ਨੇ ਸ਼ਰਤਾਂ ਮੰਨੀਆਂ ਹੋਈਆਂ ਹਨ। ਇਸ ਇਵੈਂਟ ਸੈਂਟਰ ਦਾ ਨਿਰਮਾਣ ਇਸੇ ਸਾਲ ਦਸੰਬਰ ਵਿੱਚ ਸ਼ੁਰੂ ਹੋਣਾ ਹੈ ਤੇ 2024 ਵਿੱਚ ਪੂਰਾ ਹੋਣਾ ਹੈ।

## ਗਲੋਬਲ ਪਰਵਾਸੀ ਸੀਨੀਅਰਜ਼ ਸਿਟੀਜ਼ਨ ਸੁਸਾਇਟੀ ਕੈਲਗਰੀ ਦੇ ਬਾਬਿਆਂ ਨੇ ਮਨਾਈ ਪਿਕਨਿਕ



ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਦੇ ਬਜੁਰਗਾਂ ਦੀ ਬਣਾਈ ਹੋਈ ਸੰਸਥਾ ਗਲੋਬਲ ਪਰਵਾਸੀ ਸੀਨੀਅਰਜ ਸਿਟੀਜਨ ਸੁਸਾਇਟੀ ਕੈਲਗਰੀ ਵਲੋਂ ਬੀਤੇ ਦਿਨੀ ਪ੍ਰੇਰੀਵਿੰਡਜ ਪਾਰਕ ਵਿਖੇ ਇੱਕ ਪਿਕਨਿਕ ਮਨਾਈ ਗਈ । ਜਰਨੈਲ ਤੱਗੜ, ਮਲਕੀਤ ਸਿੰਘ ਸਿੱਧੂ, ਅਤੇ ਹੋਰ ਬਾਕੀ ਮੈਂਬਰਾਂ ਨੇ ਮੰਚ ਉਪਰੋਂ ਆਪਣੀਆਂ ਰਚਨਾਵਾਂ ਨਾਲ ਹਾਜਰੀ ਲਗਵਾਈ। ਚਾਹ ਪਾਣੀ ਅਤੇ ਹੋਰ ਖਾਣਪੀਣ ਦਾ ਖੁੱਲਾ ਪਰਬੰਧ ਸੀ । ਸੰਸਥਾ ਦੇ ਪ੍ਰਧਾਨ ਸੱਤਪਾਲ ਕੌਸਿਲ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।





















## ਕੈਲਗਰੀ ਯੂਨੀਵਰਸਿਟੀ ਦੀਆਂ ਫੀਸਾਂ ਦੇ ਵਾਧੇ ਨੂੰ ਫਿਲਹਾਲ ਬਰੇਕਾਂ ਲੱਗੀਆਂ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜੇਸਨ ਕੈਨੀ ਸਰਕਾਰ ਨੇ ਯੂਨਿਵਰਸਿਟੀ ਔਫ਼ ਕੈਲਗਰੀ ਦੇ ਵਿਦਿਆਰਥੀਆਂ ਨੂੰ ਫਿਲਹਾਲ ਰਾਹਤ ਦਿੰਦੇ ਹੋਏ ਟਿਊਸ਼ਨ ਫੀਸ ਵਾਧੇ ਨੂੰ ਬਰੇਕਾਂ ਲਗਾ ਦਿੱਤੀਆਂ ਹਨ। ਸਰਕਾਰ ਦਾ ਕਹਿਣਾ ਹੈ ਕਿ ਇਸ ਫੀਸ ਵਾਧੇ ਨੂੰ ਲੈ ਕੇ ਵਿਦਿਆਰਥੀ ਯੂਨੀਅਨ ਨਾਲ ਸਹੀ ਢੰਗ ਨਾਲ ਗੱਲਬਾਤ ਨਹੀਂ ਹੋ ਸਕੀ ਹੈ। ਸੂਬੇ ਦੇ ਐਡਵਾਂਸਡ ਐਜੁਕੇਸ਼ਨ ਮਨਿਸਟਰ ਡਾ. ਡਿਮੈਟਰੀਅਸ ਨਿਕੋਲਾਇਡੀਜ਼ ਦਾ ਕਹਿਣਾ ਹੈ ਕਿ ਉਹਨਾਂ ਨੇ ਯੂਨਿਵਟਸਿਟੀ ਪ੍ਰਸ਼ਾਸਨ ਨੂੰ ਕਿਹਾ ਹੈ ਕਿ ਟਿਊਸ਼ਨ ਫੀਸ ਵਾਧੇ ਦੀ ਤਜਵੀਜ਼ ਦੁਬਾਰਾ ਦਿੱਤੀ ਜਾਵੇ ਅਤੇ ਵਿਦਿਆਰਥੀਆਂ ਨਾਲ ਚੰਗੀ ਤਰ੍ਹਾਂ ਗੱਲਬਾਤ 29 ਅਕਤੂਬਰ ਤੱਕ ਮੁਕੰਮਲ ਕਰ ਲਈ ਜਾਵੇ। ਇਹ ਫੀਸ ਵਾਧਾ ਤਿੰਨ ਸਾਲ ਵਾਸਤੇ ਪ੍ਰਤੀ ਸਾਲ 7% ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦਾ ਅਤੇ ਇੱਕ ਸਾਲ ਵਾਸਤੇ 10% ਤੋਂ ਵੱਧ ਨਹੀਂ ਹੋ ਸਕਦਾ। ਵਿਦਿਆਰਥੀਆਂ ਨੇ ਦੋਸ਼ ਲਗਾਇਆ ਸੀ ਯੂਨਿਵਰਸਿਟੀ ਪ੍ਰਸ਼ਾਸਨ ਵੱਲੋਂ ਤਜਵੀਜ਼ਸ਼ੁਦਾ ਫੀਸ ਵਾਧਾ ਕਈ ਪ੍ਰੋਗਰਾਮਾਂ ਵਿੱਚ 30% ਤੱਕ ਜਾ ਰਿਹਾ ਸੀ। ਵਿਦਿਆਰਥੀਆਂ ਨੇ ਸਰਕਾਰ ਦੇ ਫੀਸ ਵਾਧੇ ਨੂੰ ਟਾਲਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ।

## ਫ਼ਸਟ ਨੇਸ਼ਨ ਭਾਈਚਾਰੇ ਦਾ ਕਹਿਣਾ ਹੈ ਕਿ ਸਾਡੇ ਫੰਡ ਸਿੱਧਿਆਂ ਸਾਨੂੰ ਹੀ ਮਿਲਣ ਸਾਨੂੰ ਸੰਭਣੇ ਅਤੇ ਵਰਤਣੇ ਆਉਂਦੇ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਦਰਨ ਐਲਬਰਟਾ ਵਿੱਚ ਸਥਿਤ ਇੱਕ ਫ਼ਸਟ ਨੇਸ਼ਨ ਭਾਈਚਾਰੇ ਨੇ ਫੈਡਰਲ ਸਰਕਾਰ ਨੂੰ ਕਿਹਾ ਹੈ ਕਿ ਉਸ ਦੇ ਖੇਤਰ ਵਿੱਚੋਂ ਆਉਂਦੀਆਂ ਔਇਲ ਐਂਡ ਗੈਸ ਰੌਇਲਟੀਜ਼ ਦਾ ਪ੍ਰਬੰਧ ਉਹ ਉਹਨਾਂ ਨੂੰ ਦੇਵੇ ਤੇ ਉਹ ਆਪ ਹੀ ਇਸ ਦਾ ਪ੍ਰਬੰਧ ਕਰ ਸਕਦੇ ਹਨ। ਮੌਜੂਦਾ ਸਮੇਂ ਇਹ ਰੌਇਲਟੀਜ਼ ਪਹਿਲਾਂ ਫੈਡਰਲ ਸਰਕਾਰ ਕੋਲ ਜਾਂਦੀਆਂ ਹਨ ਤੇ ਫਿਰ ਸਰਕਾਰ ਬਿਅਰਸ-ਪੌਅ ਫ਼ਸਟ ਨੇਸ਼ਨ ਨੂੰ ਭੇਜੀਆਂ ਜਾਂਦੀਆਂ ਹਨ। ਇਸ ਮੂਲ ਨਿਵਾਸੀ ਬੈਂਡ ਨੇ ਦੋਸ਼ ਲਗਾਇਆ ਹੈ ਕਿ ਫੈਡਰਲ ਸਰਕਾਰ ਉਹਨਾਂ ਦੀ ਰਕਮ ਨੂੰ ਸਹੀ ਢੰਗ ਨਾਲ ਨਹੀਂ ਵਰਤ ਰਹੀ ਹੈ ਅਤੇ ਉਹਨਾਂ ਉੱਪਰ ਭਰੋਸਾ ਨਾ ਕਰਦੀ ਹੋਈ, ਉਹਨਾਂ ਨੂੰ ਰਕਮ ਜਾਰੀ ਨਹੀਂ ਕਰ ਰਹੀ ਹੈ। ਫੈਡਰਲ ਸਰਕਾਰ ਕੋਲ ਇਸ ਫੰਡ ਦਾ ਪ੍ਰਬੰਧ 19ਵੀਂ ਸਦੀ ਤੋਂ ਚੱਲਿਆ ਆ ਰਿਹਾ ਹੈ। ਪੱਛਮੀ ਕੈਨੇਡਾ ਦੇ ਕਈ ਮੂਲ ਨਿਵਾਸੀਆਂ ਨੇ 16 ਸਾਲ ਚੱਲੀ ਲੰਬੀ ਲੜਾਈ ਮਗਰੋਂ ਫੈਡਰਲ ਸਰਕਾਰ ਤੋਂ ਆਪਣੇ ਫਾਇਨੈਂਸਿਜ਼ ਦਾ ਪ੍ਰਬੰਧ ਆਪਣੇ ਹੱਥੀਂ ਲੈ ਲਿਆ ਸੀ ਪਰ ਹੁਣ ਇਸ ਬੈਂਡ ਨੇ ਵੀ ਇਸ ਕੰਮ ਲਈ ਆਪਣੀ ਲੜਾਈ ਵਿੱਢ ਦਿੱਤੀ ਹੈ। ਬੈਂਡ ਨੇ ਕਿਹਾ ਹੈ ਕਿ



ਉਹਨਾਂ ਦੇ ਸਾਰੇ ਫੰਡ ਸਿੱਧਿਆਂ ਉਹਨਾਂ ਨੂੰ ਆਉਣ ਤੇ ਫੈਡਰਲ ਸਰਕਾਰ ਦਾ ਦਖ਼ਲ ਇਸ ਵਿੱਚ ਨਹੀਂ ਹੋਣਾ ਚਾਹੀਦਾ ਹੈ।

## ਇਸ ਤਰਾਂ ਕਿਰਾਏ ਉੱਪਰ ਘਰ ਦੇਣਾ ਮਹਿੰਗਾ ਵੀ ਪੈ ਸਕਦਾ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਏਅਰ ਬੀ.ਐਨ.ਬੀ. ਰਾਹੀਂ ਆਪਣੀ ਪ੍ਰੌਪਰਟੀ ਕਿਰਾਏ 'ਤੇ ਦੇਣ ਵਾਲਿਆਂ ਵਾਸਤੇ ਸਾਵਧਾਨੀ ਵਾਲੀ ਖ਼ਬਰ ਹੈ। ?ਕੋਟੋਕਸ ਵਿੱਚ ਇੱਕ ਘਰ ਦੀ ਬੇਸਮੈਂਟ ਨੂੰ ਏਅਰ ਬੀ.ਐਨ.ਬੀ. ਰਾਹੀਂ ਕਿਰਾਏ 'ਤੇ ਲੈਣ ਵਾਲੇ ਇੱਕ ਵਿਅਕਤੀ ਦੀ ਘਰ ਵਿੱਚ ਹੀ ਮੌਤ ਹੋ ਜਾਣ ਦੀ ਸੂਚਨਾ ਹੈ। ਘਰ ਮਾਲਕ ਦਾ ਕਹਿਣਾ ਹੈ ਕਿ ਕਿਰਾਏਦਾਰ ਵਿਅਕਤੀ ਨਹਾ ਰਿਹਾ ਸੀ ਤੇ 2 ਘੰਟੇ ਬਾਦ ਵੀ ਜਦ ਪਾਣੀ ਦੀ ਅਵਾਜ਼ ਬੰਦ ਨਾ ਹੋਈ ਤਾਂ ਮਾਲਕ ਹੇਠਾਂ ਦੇਖਣ ਲਈ ਚਲਿਆ ਗਿਆ ਤਾਂ ਪਾਣੀ ਚੱਲ ਰਿਹਾ ਸੀ, ਵਿਅਕਤੀ ਟੱਬ ਵਿੱਚ ਡਿੱਗਿਆ ਹੋਇਆ ਸੀ ਤੇ ਸਾਰਾ ਪਾਣੀ ਬੇਸਮੈਂਟ ਵਿੱਚ ਫੈਲ ਰਿਹਾ ਸੀ। ਉਸ ਨੇ 9-1-1 ਕਾਲ ਕੀਤੀ ਤੇ ਪੈਰਾਮੈਡਿਕਸ ਨੇ ਉਸ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ। ਸਾਰੀ ਬੇਸਮੈਂਟ ਵਿੱਚ ਪਾਣੀ ਤੇ ਖ਼ੂਨ ਫੈਲ ਗਿਆ ਸੀ । 60 ਸੈਂਟੀਮੀਟਰ ਤੱਕ ਪਾਣੀ ਚੜ੍ਹ ਗਿਆ ਸੀ। ਬੇਸਮੈਂਟ ਨੂੰ 55 ਹਜ਼ਾਰ ਡਾਲਰ ਦਾ ਨੁਕਸਾਨ ਹੋਇਆ ਹੈ ਪਰ ਏਅਰ ਬੀ.ਐਨ.ਬੀ. ਨੇ ਇਸ ਦਾ ਭੁਗਤਾਨ ਕਰਨ ਤੋਂ ਨਾਂਹ ਕਰ ਦਿੱਤੀ ਹੈ। ਘਰ ਮਾਲਕ ਦਾ ਕਹਿਣਾ ਹੈ ਕਿ ਸਮਝੌਤੇ ਮੁਤਾਬਕ ਕਿਰਾਏਦਾਰ ਵੱਲੋਂ ਕੀਤੇ ਨੁਕਸਾਨ ਦੀ ਭਰਪਾਈ ਏਅਰ ਬੀ.ਐਨ.ਬੀ. ਵੱਲੋਂ ਕੀਤੀ ਜਾਣੀ ਹੁੰਦੀ ਹੈ। ਏਅਰ ਬੀ.ਐਨ.ਬੀ. ਨੇ 52 ਹਜ਼ਾਰ ਡਾਲਰ ਦੀ ਪੇਸ਼ਕਸ਼ ਕੀਤੀ ਸੀ ਪਰ ਪੂਰੇ ਖ਼ਰਚੇ ਦੇਣ ਤੋਂ ਨਾਂਹ ਕਰ ਦਿੱਤੀ। ਇੰਸ਼ੋਰੈਂਸ ਮਾਹਿਰਾਂ ਦਾ ਕਹਿਣਾ ਹੈ ਕਿ ਕਿਰਾਏ 'ਤੇ ਪ੍ਰੌਪਰਟੀ ਦੇਣ ਤੋਂ ਪਹਿਲਾਂ ਸਾਰੀ ਪੌਲਿਸੀ ਨੂੰ ਘੋਖ ਲੈਣਾ ਚਾਹੀਦਾ ਹੈ। ਏਅਰ ਬੀ.ਐਨ.ਬੀ. ਦਾ ਕਹਿਣਾ ਹੈ ਕਿ ਪ੍ਰੌਪਰਟੀ ਦੀ ਡੈਪਰਿਸਿਏਸ਼ਨ ਨੂੰ ਦੇਖਦਿਆਂ 52 ਹਜ਼ਾਰ ਡਾਲਰਾਂ ਦੀ ਰਕਮ ਦੀ ਪੇਸ਼ਕਸ਼ ਕੀਤੀ ਗਈ ਸੀ।

## ਘੋੜ ਦੌੜਾਂ ਦੌਰਾਨ ਇੱਕ ਘੋੜੇ ਦੀ ਲੱਤ ਟੁੱਟਣ ਕਾਰਣ ਹੋਈ ਮੌਤ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰੈਡ ਡੀਅਰ ਵਿੱਚ ਚੱਲ ਰਹੀ 'ਦ ਨੌਰਥ ਅਮੇਰਿਕਨ ਪੋਨੀ ਚੱਕਵੈਗਨ ਰੇਸ ਚੈਂਪੀਅਨਸ਼ਿਪ' ਵਿੱਚ ਇੱਕ ਘੋੜੇ ਦੀ ਮੌਤ ਹੋ ਜਾਣ ਦੀ ਖ਼ਬਰ ਹੈ। ਜਾਰੀ ਸੂਚਨਾ ਵਿੱਚ ਦੱਸਿਆ ਗਿਆ ਹੈ ਕਿ ਚੱਲ ਰਹੇ ਮੁਕਾਬਲੇ ਦੌਰਾਨ ਇੱਕ ਘੋੜਾ ਅਚਾਨਕ ਬੇਕਾਬੂ ਹੋ ਕੇ ਡਿੱਗ ਪਿਆ ਤੇ ਉਸ ਦੇ ਪਿਛੇ ਵੈਗਨ ਵੀ ਉਸ ਉੱਪਰ ਜਾ ਡਿੱਗੀ। ਘੋੜੇ ਨੂੰ ਕਾਫੀ ਸੱਟਾਂ ਲੱਗੀਆਂ ਤੇ ਉਸ ਨੂੰ ਮੌਤ ਦਾ ਇੰਜੈਕਸ਼ਨ ਦੇਣਾ ਪਿਆ। ਐਕਸਿਡੈਂਟ ਵਿੱਚ ਹੋਰ ਘੋੜੇ ਵੀ ਸ਼ਾਮਲ ਸਨ ਪਰ ਉਹਨਾਂ ਦੇ ਮਾਮੂਲੀ ਸੱਟਾਂ ਲੱਗੀਆਂ ਹਨ। ਦੋਵੇਂ ਚੱਕਵੈਗਨ ਡ੍ਰਾਇਵਰ ਇਸ ਹਾਦਸੇ ਵਿੱਚ ਵਾਲ ਵਾਲ ਬਚ ਗਏ ਹਨ। ਐਲਬਰਟਾ ਪ੍ਰੋਫੈਸ਼ਨਲ ਚੱਕਵੈਗਨ ਐਂਡ ਚੈਰਿਅਟ ਐਸੋਸਿਏਸ਼ਨ ਨੇ ਜਾਰੀ ਸੂਚਨਾ ਵਿੱਚ ਕਿਹਾ ਹੈ ਕਿ ਜਾਨਵਰਾਂ ਦੀ ਸੁਰੱਖਿਆ ਦੇ ਸਾਰੇ ਪ੍ਰਬੰਧ ਕੀਤੇ ਗਏ ਹਨ ਤੇ ਕਿਸੇ ਅਣਸੁਖਾਵੀਂ ਘਟਨਾ ਵਿੱਚ ਕਦੇ ਨਾ ਠੀਕ ਹੋਣ ਵਾਲੀ ਸਥਿਤੀ ਵਿੱਚ ਹੀ ਘੋੜੇ ਨੂੰ ਮੌਤ ਦਾ ਇੰਜੈਕਸ਼ਨ ਦਿੱਤਾ ਜਾਂਦਾ ਹੈ।



## ਹਾਕੀ ਖਿਡਾਰੀ ਕਤਲ ਸਬੰਧੀ ਇੱਕ ਦੋਸ਼ੀ ਕਰਾਰ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 17 ਮਾਰਚ, 2019 ਵਾਲੇ ਦਿਨ ਸਿਕਸਿਕਾ ਨੇਸ਼ਨ ਦੇ ਹਾਕੀ ਖਿਡਾਰੀ 24 ਸਾਲਾ ਕ੍ਰਿਸਚੀਅਨ ਅਘੰਗਮੈਨ ਦੇ ਗੋਲੀ ਮਾਰ ਕੇ ਕਤਲ ਕਰ ਦੇਣ ਦੇ ਮਾਮਲੇ ਵਿੱਚ ਕੈਲਗਰੀ ਨਿਵਾਸੀ ਬ੍ਰੈਂਡਨ ਗਿਫੇਨ ਨੂੰ ਮੈਨਸਲੌਟਰ ਦਾ ਦੋਸ਼ੀ ਐਲਾਨਿਆ ਗਿਆ ਹੈ। ਕੋਰਟ ਔਫ਼ ਕੁਈਨ'ਜ਼ ਬੈਂਚ ਦੇ ਜਸਟਿਸ ਰੌਬਰਟ ਹੌਲ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਦੋਸ਼ੀ ਨੂੰ ਪਤਾ ਸੀ ਕਿ ਗੋਲੀ ਚਲਾਉਣ ਨਾਲ ਮੌਤ ਹੋ ਸਕਦੀ ਹੈ ਪਰ ਇਸ ਮਾਮਲੇ ਵਿੱਚ ਉਸ ਨੂੰ ਇਹ ਨਹੀਂ ਪਤਾ ਸੀ ਕਿ ਉਸ ਦੀ ਗੋਲੀ ਸੱਚਮੁੱਚ ਹੀ ਕਿਸੇ ਦੀ ਜਾਨ ਲੈ ਸਕਦੀ ਹੈ। ਬ੍ਰੈਂਡਨ ਅਤੇ ਉਸ ਦੇ ਭਰਾ ਨੂੰ ਕਤਲ ਦੇ ਇਸ ਮਾਮਲੇ ਵਿੱਚ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਸਿਗਰਟਾਂ ਦੀ ਡੱਬੀ ਪਿਛੇ ਹੋਈ ਇਸ ਲੜਾਈ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ ਜਿਸ ਵਾਸਤੇ ਬ੍ਰੈਂਡਨ ਗਿੱਫੈਨ ਨੂੰ ਮੈਨਸਲੌਟਰ ਦਾ ਦੋਸ਼ੀ ਐਲਾਨਿਆ ਗਿਆ ਹੈ ਸਜ਼ਾ ਬਾਦ ਵਿੱਚ ਸੁਣਾਈ ਜਾਵੇਗੀ।

## ਭੰਗ ਪੀਤੀ ਹੋਣ ਕਾਰਣ ਉਹ ਛੁਰੇ ਮਾਰਦਾ ਰਿਹਾ ਪਰ ਅਦਾਲਤ ਉਸ ਨੂੰ ਦੋਸ਼ੀ ਹੀ ਨਹੀਂ ਮੰਨਦੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 6 ਅਕਤੂਬਰ 2017 ਵਾਲੇ ਦਿਨ ਇੱਕ ਔਰਤ ਅਤੇ ਉਸ ਦੇ 6 ਸਾਲਾ ਲੜਕੇ ਨੂੰ ਛੁਰੇ ਮਾਰ ਕੇ ਜ਼ਖ਼ਮੀ ਕਰ ਦੇਣ ਦੀ ਘਟਨਾ ਵਿੱਚ ਕਾਬੂ ਕੀਤੇ ਗਏ ਵਿਅਕਤੀ ਨੂੰ ਇਸ ਘਟਨਾ ਵਾਸਤੇ ਉਸ ਦੀ ਖ਼ਰਾਬ ਮਾਨਸਿਕ ਹਾਲਤ ਨੂੰ ਵੇਖਦਿਆਂ ਅਪਰਾਧਕ ਤੌਰ 'ਤੇ ਜ਼ਿਮੇਦਾਰ ਨਹੀਂ ਠਹਿਰਾਇਆ ਗਿਆ ਹੈ। ਕੋਰਟ ਔਫ਼ ਕੁਈਨ'ਜ਼ ਬੈਂਚ ਦੇ ਜਸਟਿਸ ਰੌਬਰਟ ਹੌਲ ਨੇ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਜੌਨ ਯੈਗ ਨਾਮ ਦੇ ਇਸ ਵਿਅਕਤੀ ਨੇ ਭਾਵੇਂ ਦੋਵਾਂ ਨੂੰ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਮਾਨਸਿਕ ਸਿਹਤ ਖ਼ਰਾਬ ਹੋਣ ਦੇ ਚੱਲਦਿਆਂ ਇਸ ਗੱਲ ਤੋਂ ਜਾਣੂੰ ਨਹੀਂ ਸੀ ਕਿ ਉਸ ਦੀ ਇਹ ਹਰਕਤ ਕੀ ਨਤੀਜਾ ਦੇ ਸਕਦੀ ਹੈ। ਉਸ ਨੇ ਔਰਤ ਦੇ 17 ਵਾਰ ਅਤੇ ਬੱਚੇ ਦੇ 9 ਵਾਰ ਛੁਰਾ ਮਾਰਿਆ। ਉਸ ਨੂੰ ਲੱਗ ਰਿਹਾ ਸੀ ਕਿ ਉਹ ਮਰ ਕੇ ਮੁੜ ਜ਼ਿੰਦਾ ਹੋ ਜਾਣਗੇ। ਭੰਗ ਦੀ ਜ਼ਿਆਦਾ ਵਰਤੋਂ ਕਰਦੇ ਹੋਣ ਕਾਰਨ ਉਸ ਦੀ ਇਹ ਮਾਨਸਿਕ ਹਾਲਤ ਬਣੀ ਦੱਸੀ ਜਾ ਰਹੀ ਹੈ। ਹੁਣ ਇਸ ਮਾਮਲੇ ਨੂੰ ਅਲਬਰਟਾ ਰਿਵਿਊ ਬੋਰਡ ਅਗੇ ਭੇਜਿਆ ਜਾ ਰਿਹਾ ਹੈ ਤੇ ਉਸ ਸਮੇਂ ਤੱਕ ਯੈਗ ਹਿਰਾਸਤ ਵਿੱਚ ਰਹੇਗਾ।



















## ਕਰੋਨਾ ਕਾਰਨ ਅਪਰਾਧਿਕ ਮਾਮਲਿਆਂ ਵਿੱਚ ਕਮੀ ਆਈ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਟੈਟਿਸਟਿਕਸ ਕੈਨੇਡਾ ਦੀ ਇੱਕ ਰਿਪੋਰਟ ਦੱਸੀ ਹੈ ਕਿ ਐਲਬਰਟਾ ਵਿੱਚ ਇਸ ਸਾਲ ਪੈਨਡੈਮਿਕ ਦੇ ਚੱਲਦਿਆਂ ਗੰਭੀਰ ਕਿਸਮ ਦੇ ਅਪਰਾਧਾਂ ਵਿੱਚ ਕਮੀ ਦਰਜ ਕੀਤੀ ਜਾ ਰਹੀ ਹੈ। ਗੰਭੀਰ ਅਤੇ ਹਿੰਸਕ ਅਪਰਾਧਾਂ ਵਿੱਚ 4% ਅਤੇ ਗ਼ੈਰ ਗੰਭੀਰ ਅਤੇ ਘੱਟ ਹਿੰਸਕ ਅਪਰਾਧਾਂ ਵਿੱਚ 10% ਦੀ ਕਮੀ ਦਰਜ ਹੋਈ ਹੈ। ਕੈਲਗਰੀ ਵਿੱਚ ਗੰਭੀਰ ਕਿਸਮ ਦੇ ਅਪਰਾਧਾਂ ਵਿੱਚ 17% ਦੀ ਕਮੀ ਆਈ ਹੈ ਜਦੋਂ ਕਿ ਰੀਜਾਇਨਾ ਵਿੱਚ ਇਹ ਕਮੀ 20% ਦਰਜ ਹੋਈ ਹੈ। ਵਿਕਟੋਰੀਆ ਵਿੱਚ 3%, ਟੋਰੰਟੋ ਵਿੱਚ 15% ਦੀ ਕਮੀ ਦਰਜ ਕੀਤੀ ਗਈ ਹੈ। ਸਾਲ 2019 ਦੇ ਮੁਕਾਬਲੇ ਪਿਛਲੇ ਸਾਲ ਦੇਸ਼ ਭਰ ਵਿੱਚ 56 ਵੱਧ ਕਤਲ ਹੋਏ ਵੀ ਦਰਜ ਕੀਤੇ ਗਏ ਹਨ।

## ਘਰ ਅੰਦਰ ਹੋਈ ਲੜਾਈ ਵਿੱਚ ਜਖ਼ਮੀ 20 ਸਾਲਾ ਮੁੰਡਾ ਦਮ ਤੋੜ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਲੰਘੀ 24 ਜੁਲਾਈ ਵਾਲੇ ਦਿਨ ਸਵੇਰੇ ਸਾਢੇ ਚਾਰ ਵਜੇ ਦੇ ਕਰੀਬ ਪੀਟਰ ਲੌਹੀਡ ਹਸਪਤਾਲ ਦੇ ਬਾਹਰ ਛੱਡ ਕੇ ਗਏ ਜ਼ਖ਼ਮੀ ਵਿਅਕਤੀ ਦੀ ਮੌਤ ਹੋ ਜਾਣ ਦੇ ਮਾਮਲੇ ਵਿੱਚ ਪੁਲਿਸ ਨੇ ਮ੍ਰਿਤਕ ਦੀ ਪਛਾਣ ਜਾਰੀ ਕਰ ਦਿੱਤੀ ਹੈ। ਉਸ ਦਾ ਨਾਮ ਮੇਈਐਲ ਡੇਂਗ ਕੀਰ ਦੱਸਿਆ ਗਿਆ ਹੈ ਤੇ ਉਸ ਦੀ ਉਮਰ 20 ਸਾਲ ਸੀ। ਕੁੱਝ ਲੋਕ ਉਸ ਨੂੰ ਹਸਪਤਾਲ ਅੱਗੇ ਛੱਡ ਗਏ ਸਨ। ਉਸ ਦੇ ਕਈ ਸੱਟਾਂ ਲੱਗੀਆਂ ਹੋਈਆਂ ਸਨ ਤੇ ਉਸ ਦੀ ਹਾਲਤ ਉਸ ਸਮੇਂ ਕਾਫੀ ਗੰਭੀਰ ਸੀ। ਪੁਲਿਸ ਨੇ ਪਤਾ ਲਗਾ ਲਿਆ ਹੈ ਕਿ ਉਸ ਦੇ ਇਹ ਸੱਟਾਂ 42 ਐਵੇਨਿਉ ਨਾਰਥ ਈਸਟ ਦੇ 100 ਬਲੌਕ ਵਿਚਲੇ ਹਾਇਲੈਂਡ ਪਾਰਕ ਦੇ ਕਿਸੇ ਘਰ ਵਿੱਚ ਲੱਗੀਆਂ ਸਨ ਤੇ ਉਥੇ ਲੜਾਈ ਹੋਣ ਦੀ ਸੂਚਨਾ ਹੈ। ਪੁਲਿਸ ਦਾ ਕਹਿਣਾ ਹੈ ਕਿ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਹਾਸਲ ਕਰ ਲਈ ਗਈ ਹੈ ਤੇ ਜਾਂਚ ਕਾਰਜ ਚੱਲ ਰਿਹਾ ਹੈ। ਪੁਲਿਸ ਦੋਸ਼ੀਆਂ ਦੇ ਕਾਫੀ ਨੇੜੇ ਪਹੁੰਚ ਗਈ ਦੱਸੀ ਜਾਂਦੀ ਹੈ।

## ਚੈਸਟਰਮੀਅਰ ਲੇਕ ਵਿੱਚ ਦੋ ਡੁੱਬੇ,ਪਰ ਇੱਕ ਨੂੰ ਬਚਾ ਲਿਆ ਗਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਚੈਸਟਰਮੀਅਰ ਲੇਕ ਵਿੱਚ ਇੱਕ ਵਿਅਕਤੀ ਦੇ ਡੁੱਬ ਜਾਣ ਦਾ ਖ਼ਦਸ਼ਾ ਹੈ। ਪੁਲਿਸ ਦਾ ਕਹਿਣਾ ਹੈ ਕਿ ਦੋ ਵਿਅਕਤੀ ਐਨਿਵਰਸਰੀ ਬੀਚ 'ਤੇ ਪੈਡਲ-ਬੋਰਡਿੰਗ ਕਰ ਰਹੇ ਸਨ ਕਿ ਅਚਾਨਕ ਦੋਵੇਂ ਪਾਣੀ ਵਿੱਚ ਜਾ ਡਿੱਗੇ। ਨਜ਼ਦੀਕ ਹੀ ਸਵਿਮਿੰਗ ਕਰ ਰਹੇ ਕੁੱਝ ਵਿਅਕਤੀ ਉਹਨਾਂ ਨੂੰ ਬਚਾਉਣ ਲਈ ਉਹਨਾਂ ਵੱਲ ਵਧੇ ਤੇ ਇੱਕ ਵਿਅਕਤੀ ਨੂੰ ਬਚਾ ਲਿਆ ਗਿਆ ਸੀ ਪਰ ਦੂਸਰਾ ਡੁੱਬ ਗਿਆ ਸੀ । ਲੋਕਲ ਫਾਇਰ ਰੈਸਕਿਉ ਅਤੇ ਆਰਸੀਐਮਪੀ ਬੋਟਾਂ ਦੀ ਮੱਦਦ ਨਾਲ ਦੂਸਰੀ ਰਾਤ ਡੁੱਬੇ ਵਿਅਕਤੀ ਦਾ ਮ੍ਰਿਤਕ ਸਰੀਰ ਬਾਹਰ ਲਿਆਂਦਾ ਗਿਆ ਘਟਨਾ ਮੌਕੇ 24 ਸਾਲਾ ਇੱਕ ਵਿਅਕਤੀ ਨੂੰ ਬਚਾ ਲਿਆ ਗਿਆ ਸੀ ਪਰ ਉਸ ਦੇ ਨਾਲ ਬੋਰਡ-ਪੈਡਲਿੰਗ ਕਰ ਰਿਹਾ 47 ਸਾਲਾ ਵਿਅਕਤੀ ਡੁੱਬ ਗਿਆ ਸੀ। ਦੋਵੇਂ ਇੱਕ ਦੂਜੇ ਨਾਲ ਸੰਬੰਧਿਤ ਨਹੀਂ ਸਨ ਤੇ ਮ੍ਰਿਤਕ ਦੇ ਹੋਰ ਵੇਰਵਿਆਂ ਦੀ ਜਾਣਕਾਰੀ ਰਿਲੀਜ਼ ਨਹੀਂ ਕੀਤੀ ਗਈ ਹੈ।




## ਡੁੱਬਣ ਦੀਆਂ ਘਟਨਾਵਾਂ ਵਿੱਚ ਬਹੁਤਿਆਂ ਨੇ ਸੇਫਟੀ ਜੈਕਟ ਨਹੀਂ ਪਾਈਆਂ ਸਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਭਰ ਵਿੱਚ ਪਾਣੀ ਵਿੱਚ ਡੁੱਬਣ ਦੀਆਂ ਘਟਨਾਵਾਂ ਵਿੱਚ ਤੇਜ਼ ਵਾਧਾ ਹੋਇਆ ਦਰਜ ਕੀਤਾ ਜਾ ਰਿਹਾ ਹੈ। ਐਲਬਰਟਾ ਆਰ.ਸੀ.ਐਮ.ਪੀ. ਦਾ ਕਹਿਣਾ ਹੈ ਕਿ ਸਿਰਫ਼ 25 ਤੋਂ 30 ਜੁਲਾਈ ਦਰਮਿਆਨ ਸੂਬੇ ਭਰ ਵਿੱਚ 5 ਘਟਨਾਵਾਂ ਹੋਈਆਂ ਹਨ ਤੇ ਇਸ ਸਾਲ ਹੁਣ ਤੱਕ 20 ਅਜਿਹੀਆਂ ਘਟਨਾਵਾਂ ਹੋ ਚੁੱਕੀਆਂ ਹਨ। ਲੇਕਸ ਅਤੇ ਰਿਵਰਜ਼ ਵਿੱਚ ਇਹ ਘਟਨਾਵਾਂ ਹੋਈਆਂ ਹਨ ਤੇ ਸੂਬੇ ਦੇ ਹਰ ਹਿੱਸੇ ਵਿੱਚ ਅਜਿਹਾ ਕੁਝ ਵਾਪਰਿਆ ਹੈ। ਬਹੁਤੀਆਂ ਘਟਨਾਵਾਂ ਵਿੱਚ ਲੋਕਾਂ ਨੇ ਸੇਫ਼ਟੀ ਜੈਕੇਟਸ ਨਹੀਂ ਪਾਈਆਂ ਹੋਈਆਂ ਸਨ ਤੇ ਕਈ ਨੂੰ ਤੈਰਨਾ ਵੀ ਨਹੀਂ ਆਉਂਦਾ ਸੀ ਪਰ ਉਹ ਡੂੰਘੇ ਪਾਣੀ ਵਿੱਚ ਸਨ। ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਪਾਣੀ ਬਾਰੇ ਜਾਣਕਾਰੀ ਤੋਂ ਬਿਨਾ ਉਸ ਵਿੱਚ ਨਾ ਉਤਰਨ ਤੇ ਸੇਫ਼ਟੀ ਜੈਕੇਟ ਤੋਂ ਬਿਨਾ ਤਾਂ ਬਿਲਕੁਲ ਵੀ ਨਹੀਂ। ਪਿਛਲੇ ਦਿਨੀਂ ਚੈਸਟਰਮੀਅਰ ਲੇਕ ਵਿੱਚ ਡੁੱਬ ਜਾਣ ਕਾਰਨ ਮਾਰੇ ਗਏ ਵਿਅਕਤੀ ਦੀ ਪਛਾਣ ਜਾਰੀ ਕਰ ਦਿੱਤੀ ਗਈ ਹੈ। ਉਸ ਦਾ ਨਾਮ ਦੀਪੇਂਦਰ ਸ਼੍ਰੇਸ਼ਠ ਦੱਸਿਆ ਗਿਆ ਹੈ ਤੇ ਉਸ ਦੀ ਉਮਰ 47 ਸਾਲ ਸੀ। ਉਸ ਦੇ ਨਾਲ ਪੈਡਲ ਬੋਟਿੰਗ ਕਰ ਰਹੇ ਵਿਅਕਤੀ ਨੂੰ ਬਚਾ ਲਿਆ ਗਿਆ ਸੀ ਪਰ ਦੀਪੇਂਦਰ ਡੁੱਬ ਗਿਆ ਸੀ।

## ਮਿਆਂਮਾਰ ਵਿੱਚ ਵੋਟਾਂ 2023 ਵਿੱਚ ਪੈਣਗੀਆਂ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਮਿਆਂਮਾਰ ਵਿੱਚ ਸਰਕਾਰ ਦਾ ਤਖ਼ਤਾ-ਪਲਟ ਕਰਨ ਵਾਲੇ ਫੌਜੀ ਜਨਰਲ ਮਿਨ ਔਂਗ ਵਾਇੰਗ ਨੇ ਐਲਾਨ ਕੀਤਾ ਹੈ ਕਿ ਅਗਸਤ 2023 ਵਿੱਚ ਦੇਸ਼ ਵਿੱਚ ਆਮ ਚੋਣਾਂ ਕਰਵਾਈਆਂ ਜਾਣਗੀਆਂ ਤੇ ਉਹਨਾਂ ਖੁਦ ਨੂੰ ਦੇਸ਼ ਦਾ ਪ੍ਰਾਇਮ ਮਨਿਸਟਰ ਵੀ ਐਲਾਨ ਕਰ ਦਿੱਤਾ ਹੈ। ਦੇਸ਼ ਨੂੰ ਸੰਬੋਧਨ ਕਰਦਿਆਂ ਜਨਰਲ ਵਾਇੰਗ ਨੇ ਕਿਹਾ ਕਿ ਔਂਗ ਸਾਨ ਸੂ ਚੀ ਦੀ ਪਾਰਟੀ ਅਤਿਵਾਦੀਆਂ ਦੀ ਪਾਰਟੀ ਸੀ ਤੇ ਉਸ ਦਾ ਜਾਣਾ ਹੀ ਦੇਸ਼ ਹਿਤ ਵਿੱਚ ਸੀ।


















## ਸੰਪਾਦਕੀ



ਛੋਟੀ-ਛੋਟੀ ਅਸਫ਼ਲਤਾਵਾਂ ਤੋਂ ਘਬਰਾਉਣ ਦੀ ਲੋੜ ਨਹੀਂ ਹੈ
ਯਾਦ ਰੱਖੋ ਗੁੱਛੇ ਦੀ ਆਖਿਰੀ ਚਾਬੀ ਵੀ ਤਾਲਾ ਖੋਲ ਸਕਦੀ ਹੈ।

# ਕੋਰੋਨਾ ਦਾ ਫਿਰ ਤੋਂ ਪਸਾਰ

ਇੱਕ ਵਾਰ ਫਿਰ ਕੋਰੋਨਾ ਨੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਇਸ ਨੂੰ ਲੈ ਕੇ ਸੁਭਾਵਿਕ ਹੀ ਚਿੰਤਾ ਹੋਣ ਲੱਗੀ ਹੈ ਕਿ ਕਿਧਰੇ ਤੀਜੀ ਲਹਿਰ ਤਾਂ ਸ਼ੁਰੂ ਤਾਂ ਨਹੀਂ ਹੋ ਗਈ। ਕੋਰੋਨਾ ਦੀ ਦੂਜੀ ਲਹਿਰ ਦੇ ਥੰਮ੍ਹਣ ਦੇ ਬਾਵਜੂਦ ਕਾਫੀ ਸਮੇਂ ਤੋਂ ਇਨਫੈਕਸ਼ਨ ਦਾ ਆਂਕੜਾ 35 ਤੋਂ 40 ਹਜ਼ਾਰ ਦੇ ਵਿਚਾਲੇ ਬਣਿਆ ਹੋਇਆ ਹੈ, ਪਰ ਪਿਛਲੇ ਕੁਝ ਦਿਨਾਂ ਤੋਂ ਇਸ ਦਾ ਰੁਖ 40 ਹਜ਼ਾਰ ਤੋਂ ਉਪਰ ਬਣਿਆ ਹੋਇਆ ਹੈ। ਹਾਲੇ ਤੱਕ ਦੇਸ਼ ਵਿੱਚ ਕੁਝ ਇਨਫੈਕਟਿਡਾਂ ਦੀ ਅੱਧੀ ਗਿਣਤੀ ਮਹਾਰਾਸ਼ਟਰ ਅਤੇ ਕੇਰਲ ਤੋਂ ਆ ਰਹੀ ਸੀ, ਹੁਣ ਇਕੱਲੇ ਕੇਰਲ ਤੋਂ ਅੱਧੇ ਮਾਮਲੇ ਦਰਜ ਹੋਣ ਲੱਗੇ ਹਨ। ਦੱਖਣ ਦੇ ਹੋਰ ਸੂਬਿਆਂ ਅਤੇ ਪੱਛਮੀ ਬੰਗਾਲ, ਓਡੀਸ਼ਾ ਅਤੇ ਪੂਰਬ ਉਤਰ ਰਾਜਾਂ ਵਿਚੋਂ ਵੀ ਹਾਲੇ ਕੋਰੋਨਾ ਦਾ ਉਤਾਰ ਨਹੀਂ ਹੋ ਰਿਹਾ। ਹੁਣ ਦਿੱਲੀ ਵਿੱਚ ਵੀ ਮਾਮਲੇ ਵਧੇ ਹੋਏ ਦਰਜ ਹੋਣ ਲੱਗੇ ਹਨ। ਚਕਿਤਸਾ ਵਿਗਿਆਨੀਆਂ ਦਾ ਕਹਿਣਾ ਹੈ ਕਿ ਕੋਰੋਨਾ ਦਾ ਡੈਲਟਾ ਰੂਪ ਜ਼ਿਆਦਾ ਖ਼ਤਰਨਾਕ ਸਾਬਤ ਹੋ ਰਿਹਾ ਹੈ। ਫਿਲਹਾਲ 'ਆਰ ਫੈਕਟਰ' ਇਕ ਫੀਸਦੀ ਤੋਂ ਹੇਠਾਂ ਨਹੀਂ ਆ ਰਿਹਾ। ਇਸ ਦੀ ਦਰ ਇਕ ਫੀਸਦੀ ਤੋਂ ਜ਼ਿਆਦਾ ਹੋਣ ਦਾ ਅਰਥ ਹੈ ਕਿ ਕੋਰੋਨਾ ਦੇ ਮਾਮਲੇ ਤੇਜ਼ੀ ਨਾਲ ਵਧ ਸਕਦੇ ਹਨ। ਇਸ ਲਈ ਇਸ ਸਥਿਤੀ ਨੂੰ ਲੈ ਕੇ ਜ਼ਿਆਦਾ ਚਿੰਤਾ ਪ੍ਰਗਟਾਈ ਜਾ ਰਹੀ ਹੈ। ਦੂਜੀ ਲਹਿਰ ਧੀਮੀ ਹੋਈ ਹੈ, ਉਦੋਂ ਤੋਂ ਤੀਜੀ ਲਹਿਰ ਦੇ ਸ਼ੰਕੇ ਪ੍ਰਗਟ ਕੀਤੇ ਜਾਂਦੇ ਸਨ। ਲਗਾਤਾਰ ਲੋਕਾਂ ਨੂੰ ਜ਼ਰੂਰੀ ਅਹਿਤਿਆਤ ਵਰਤਣ ਨੂੰ ਕਿਹਾ ਜਾ ਰਿਹਾ ਹੈ। ਹੁਣ ਅਮਰੀਕਾ ਅਤੇ ਯੂਰਪੀ ਦੇਸ਼ਾਂ ਵਿੱਚ ਕੋਰੋਨਾ ਦੀ ਤੀਜੀ ਲਹਿਰ ਫੈਲਣੀ ਸ਼ੁਰੂ ਹੋ ਗਈ ਹੈ, ਇਸ ਲਈ ਵੀ ਇਥੇ ਇਸਦੇ ਪੈਰ ਪਸਾਰਨ ਦੇ ਸ਼ੰਕੇ ਪ੍ਰਗਟ ਕੀਤੇ ਜਾਣ ਲੱਗੇ ਹਨ। ਹਾਲਾਂਕਿ ਵਿਦੇਸ਼ੀ ਉਡਾਣਾਂ ਫਿਲਹਾਲ ਬੰਦ ਹਨ ਪਰ ਆਪਣੇ ਦੇਸ਼ ਵਿੱਚ ਹੀ ਹੁਣ ਕੋਰੋਨਾ ਦਾ ਡੈਲਟਾ ਰੂਪ ਬਣਿਆ ਹੋਇਆ ਹੈ, ਤਾਂ ਬਾਹਰ ਦੀ ਬਜਾਏ ਅੰਦਰ ਤੋਂ ਇਸ ਦੀ ਇਨਫੈਕਸ਼ਨ ਦਾ ਖਤਰਾ ਬਣਿਆ ਹੋਇਆ ਹੈ। ਕੇਰਲ ਆਦਿ ਸੂਬਿਆਂ ਵਿੱਚ ਕੋਰੋਨਾ 'ਤੇ ਕਾਬੂ ਨਾ ਪਾਏ ਜਾ ਸਕਣ ਦੇ ਕੁਝ ਕਾਰਨ ਸਾਫ ਹਨ। ਦੂਜੀ ਲਹਿਰ ਤੀਜੀ ਧੀਮੀ ਪੈਣ ਦੇ ਨਾਲ ਹੀ ਹੁਣ ਅੰਸ਼ਕ ਰੂਪ ਵਿੱਚ ਬੰਦੀ ਖੁੱਲ੍ਹਣਾ ਸ਼ੁਰੂ ਹੋਈ ਤਾਂ ਲੋਕਾਂ ਨੇ ਮੰਨ ਲਿਆ ਕਿ ਕੋਰੋਨਾ ਦਾ ਭੈਅ ਸਮਾਪਤ ਹੋ ਗਿਆ ਹੈ। ਬਾਜ਼ਾਰਾਂ, ਸੜਕਾਂ, ਜਨਤਕ ਵਾਹਨਾਂ ਵਿੱਚ ਭੀੜਭਾੜ ਸ਼ੁਰੂ ਹੋ ਗਈ। ਇਸ ਵਿੱਚ ਸਰਕਾਰਾਂ ਵਲੋਂ ਵੀ ਲਾਪ੍ਰਵਾਹੀ ਵਰਤੀ ਗਈ। ਈਦ ਦੇ ਮੌਕੇ 'ਤੇ ਕੇਰਲ ਸਰਕਾਰ ਨੇ ਬਾਜ਼ਾਰ ਖੋਲ੍ਹੇ, ਤਾਂ ਸੁਭਾਵਿਕ ਹੀ ਉਸ ਦੀ ਚੌਤਰਫਾ ਨਿੰਦਾ ਸ਼ੁਰੂ ਹੋ ਗਈ ਸੀ। ਉਸ ਲਾਪ੍ਰਵਾਹੀ ਦੇ ਨਤੀਜੇ ਵੀ ਆਉਣੇ ਸ਼ੁਰੂ ਹੋ ਗਏ। ਈਦੇ ਦੇ ਬਾਅਦ ਉਥੇ ਇਨਫੈਕਸ਼ਨ ਤੇਜ਼ੀ ਨਾਲ ਵਧਿਆ। ਇਸ ਦੇ ਚਲਦਿਆਂ ਉਥੇ ਫਿਰ ਤੋਂ ਬੰਦੀ ਦਾ ਫੈਸਲਾ ਕਰਨਾ ਪਿਆ ਹੈ। ਚਕਿਤਸਾ ਵਿਗਿਆਨੀ ਕੋਰੋਨਾ ਵਾਇਰਸ ਤੋਂ ਬਚਣ ਦੇ ਲਈ ਕੋਰੋਨਾ ਰੋਕੂ ਟੀਕੇ ਲਗਾਉਣ ਉਤੇ ਜ਼ੋਰ ਦਿੰਦੇ ਰਹੇ ਹਨ। ਟੀਕਾਕਰਨ ਮੁਹਿਮ ਵਿੱਚ ਤੇਜ਼ੀ ਲਿਆਉਣ ਦੇ ਲਗਾਤਾਰ ਯਤਨ ਵੀ ਹੋ ਰਹੇ ਹਨ। ਪਰ ਫਿਲਹਾਲ ਇਸ ਤੋਂ ਬਚਾਓ ਦਾ ਸਭ ਤੋਂ ਕਾਰਗਰ ਤਰੀਕਾ ਭੀੜਭਾੜ ਤੋਂ ਬਚਣਾ, ਨੱਕ ਮੂੰਹ ਢੱਕ ਰੱਖਣਾ, ਹੱਥ ਧੋਂਦੇ ਰੱਖਣਾ, ਭਾਵ ਕੋਰੋਨਾ ਨਿਯਮਾਂ ਵਿਵਹਾਰ ਦਾ ਪਾਲਣ ਕਰਨਾ ਹੀ ਹੈ। ਇਸੇ ਮਾਮਲੇ ਵਿੱਚ ਜ਼ਿਆਦਾਤਰ ਲਾਪ੍ਰਵਾਹੀ ਦੇਖੀ ਜਾ ਰਹੀ ਹੈ। ਇਹ ਠੀਕ ਹੈ ਕਿ ਕੰਮ ਧੰਦੇ ਬੰਦ ਕਰਕੇ ਨਹੀਂ ਰੱਖਿਆ ਜਾ ਸਕਦੇ, ਪਰ ਜੀਵਨ ਦੇ ਨਾਲ ਲਾਪ੍ਰਵਾਹੀ ਵਰਤਣਾ ਵੀ ਕੋਈ ਸਮਝਦਾਰੀ ਦੀ ਗੱਲ ਨਹੀਂ। ਸਰਕਾਰਾਂ ਦੇ ਲਈ ਹਰ ਸਮੇਂ ਲੋਕਾਂ ਉਤੇ ਨਿਗਰਾਨੀ ਰੱਖਣਾ ਸੰਭਵ ਨਹੀਂ ਹੈ। ਮਹਾਨਗਰਾਂ ਵਿੱਚ ਪੁਲਿਸ ਜ਼ਰੂਰ ਕੁਝ ਹੱਦ ਤੱਕ ਨੱਕ-ਮੂੰਹ ਨਾਲ ਢੱਕਣ ਵਾਲਿਆਂ 'ਤੇ ਜੁਰਮਾਨਾ ਲਗਾ ਕੇ ਉਨ੍ਹਾਂ ਨੂੰ ਸਬਕ ਸਿਖਾਉਣ ਦਾ ਯਤਨ ਕਰਦੀ ਦੇਖੀ ਜਾਂਦੀ ਹੈ ਪਰ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾ ਵਿੱਚ ਅਜਿਹਾ ਕਰਨਾ ਸੰਭਵ ਨਹੀਂ ਹੋ ਸਕਦਾ। ਪਰ ਕੇਰਲ ਦੀ ਤਰ੍ਹਾਂ ਸਥਿਤੀ ਨੂੰ ਕਿਸੇ ਵੀ ਰੂਪ ਵਿੱਚ ਉਚਿਤ ਨਹੀਂ ਮੰਨਿਆ ਜਾ ਸਕਦਾ। ਫਿਰ ਲੋਕਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਸੁਰੱਖਿਆ ਦਾ ਧਿਆਨ ਰੱਖਣ ਅਤੇ ਕੋਰੋਨਾ ਨੂੰ ਫੈਲਣ ਤੋਂ ਰੋਕਣ।

**ਸੁਖਜਿੰਦਰ ਸਮਰਾ**
**ਮੋ. 95835-92000**

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ, ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸ਼ਤਿਹਾਰਾਂ ਸਬੰਧੀ, ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

## ਆਓ ਵਿਚਾਰ ਕਰੀਏ

# ਕਿਸਾਨ ਅਤਿਵਾਦੀ ਅਤੇ ਖਾਲਿਸਤਾਨੀ ਨਹੀਂ ਹਨ-ਸਰਟੀਫਿਕੇਟ ਮਿਲ ਗਿਆ



**ਦਲੀਪ ਸਿੰਘ ਵਾਸਨ ਐਡਵੋਕੇਟ**

ਪਿੱਛੇ ਜਿਹੇ ਭਾਰਤ ਸਰਕਾਰ ਨੇ ਤਿੰਨ ਖੇਤੀ ਸੁਧਾਰ ਬਿਲ ਪਾਸ ਕਰਕੇ ਲਾਗੂ ਕਰ ਦਿੱਤੇ ਸਨ ਅਤੇ ਇਸ ਵਿਰੁੱਧ ਸਾਰੇ ਭਾਰਤ ਵਿੱਚ ਕਿਸਾਨਾਂ ਨੇ ਵਿਰੋਧ ਕੀਤਾ ਸੀ.ਗ ਪੰਜਾਬ ਦੇ ਕਿਸਾਨਾਂ ਨੇ ਵਿਰੋਧ ਤਾਂ ਕੀਤਾ ਹੀ ਸੀ, ਇਹ ਬਿਲ ਵਾਪਸ ਕਰਾਉਣ ਲਈ ਬਾਕਾਇਦਾ ਸੰਘਰਸ ਵੀ ਚਲਾ ਦਿੱਤਾ ਸੀ.ਗ ਇਸ ਸੰਘਰਸ ਨੂੰ ਦੇਖਦਿਆ ਭਾਰਤ ਸਰਕਾਰ ਨੇ ਕਿਸਾਨ ਜਥੇਬੰਦੀਆਂ ਨਾਲ ਗੱਲ ਬਾਤ ਦਾ ਸਿਲਸਿਲਾ ਵੀ ਚਲਾਇਆ ਸੀ ਅਤੇ ਜਦ ਇਹ ਪੰਜਾਬ ਦੇ ਕਿਸਾਨ ਸਰਕਾਰ ਨਾਲ ਗੱਲ ਬਾਤ ਕਰਨ ਲਈ ਦਿੱਲੀ ਪੁੱਜੇ ਸਨ ਤਾਂ ਮਿਲਣੀ ਤੋਂ ਬਾਅਦ ਇਹ ਪ੍ਰਤੀ ਕਰਮ ਆਇਆ ਸੀ ਕਿ ਇਹ ਕਿਸਾਨ ਹਨ ਹੀ ਨਹੀਂ.ਗ ਇਹ ਤਾਂ ਅਤਵਾਦੀ ਹਨ ਅਤੇ ਇਹ ਵੀ ਆਖ ਦਿੱਤਾ ਗਿਆ ਸੀ ਕਿ ਇਹ ਤਾਂ ਖਾਲਿਸਤਾਨੀ ਹਨ.ਗ ਇਹ ਨ੍ਹਾਤੇ ਧੋਤੇ, ਸਾਫ ਸੁਥਰੇ, ਸਿਹਤਮੰਦ, ਲਿਸਕਦੇ ਚਿਹਰੇ, ਚਿਹਰਿਆਂ ਉੱਤੇ ਕੋਈ ਉਦਾਸੀ ਨਹੀਂ, ਖਾਂਦੇ ਪੀਂਦੇ ਲੋਕਾਂ ਨੂੰ ਦੇਖਕੇ ਉਪਰੋਕਤ ਟਿਪਣੀਆਂ ਆ ਗਈਆਂ ਸਨ ਕਿਉਂਕਿ ਸਾਡੇ ਮੁਲਕ ਨੇ ਕਿਸਾਨ ਦੀ ਜਿਹੜੀ ਤਸਵੀਰ ਬਣਾ ਰੱਖੀ ਹੈ ਉਹ ਇੰਨ੍ਹਾਂ ਪੰਜਾਬੀਆਂ ਨਾਲ ਮੇਲ ਨਹੀਂ ਸੀ ਖਾਂਦੀ.ਗ ਇਸ ਲਈ ਵਕਤ ਦੀ ਸਰਕਾਰ ਦੇ ਲੋਕਾਂ ਨੇ ਇਹ ਆਖ ਦਿੱਤਾ ਸੀ ਕਿ ਇਹ ਕਿਸਾਨ ਨਹੀਂ ਹਨ.ਗ ਜ਼ਿਆਦਾ ਸਿੱਖ ਸਨ ਇਸ ਲਈ ਇਹ ਵੀ ਆਖ ਦਿੱਤਾ ਗਿਆ ਸੀ ਕਿ ਇਹ ਤਾਂ ਅਤਵਾਦੀ ਹਨ ਅਤੇ ਇਹ ਵੀ ਆਖ ਦਿੱਤਾ ਗਿਆ ਸੀ ਕਿ ਇਹ ਤਾਂ ਖਾਲਿਸਤਾਨੀ ਹਨ.ਗ ਅਰਥਾਤ ਇਹ ਗੱਲਾਂ ਇਸ ਲਈ ਆਖ ਦਿਤੀਆਂ ਗਈਆਂ ਸਨ ਕਿ ਕਿਸੇ ਤਰ੍ਹਾਂ ਇਹ ਵਾਲਾ ਅੰਦੋਲਨ ਬਦਨਾਮ ਹੋ ਜਾਵੇ ਅਤੇ ਆਪਣੇ ਆਪ ਹੀ ਖਤਮ ਹੋ ਜਾਵੇ.ਗ

ਖੇਤੀ ਕਾਨੂੰਨ ਵਾਪਸ ਨਹੀਂ ਹੋਏ ਹਨ ਅਤੇ ਕਿਸਾਨਾ ਦਾ ਅੰਦੋਨ ਹਾਲਾਂ ਵੀ ਚਲਦਾ ਹੈ ਪਿਆ ਅਤੇ ਪਤਾ ਨਹੀਂ ਇਸ ਅੰਦੋਨ ਦਾ ਆਖਰੀ ਨਤੀਜਾ ਕੀ ਨਿਕਲੇਗਾ.ਗ ਵਿਰੋਧੀ ਧਿਰਾਂ ਦੇ ਨੇਤਾ ਸ੍ਰੀ ਰਾਹੁਲ ਗਾਂਧੀ ਜੀ ਨੇ ਇਹ ਆਖਕੇ ਕਿ ਜਦ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਆ ਜਾਵੇਗੀ, ਇਹ ਕਾਨੂੰਨ ਵਾਪਸ ਲੈ ਲਿਤੇ ਜਾਣਗੇ ਇੱਥੇ ਅਸੀਂ ਗੱਲ ਕਿਸਾਨ ਅੰਦੋਲਨ ਅਤੇ ਇਸ ਅੰਦੋਲਨ ਦੇ ਨਿਕਲਣ ਵਾਲੇ ਸਿੱਟਿਆ ਦੀ ਗੱਲ ਨਹੀਂ ਕਰ ਰਹੇ ਹਾਂ.ਗ ਇੱਥੇ ਅਸੀਂ ਇਹ ਵਿਚਾਰ ਕਰਨੀ ਹੈ ਕਿ ਇਹ ਰਾਜਸੀ ਲੋਕੀਂ ਸਿੱਖਾਂ ਪ੍ਰਤੀ ਕੀ ਸੋਚ ਬਣਾਈ ਬੈਠੇ ਹਨ ਅਤੇ ਕੈਸਾ ਪਰਚਾਰ ਕਰ ਰਹੇ ਹਨ.ਗ ਅਰਥਾਤ ਕੁੱਲ ਮਿਲਾਕੇ ਸਾਰੇ ਭਾਰਤ ਵਿੱਚ ਇਹ ਪਰਚਾਰ ਕਰ ਦਿੱਤਾ ਗਿਆ ਹੈ ਕਿ ਸਿੱਖ ਭਾਈਚਾਰਾ ਅਤਵਾਦੀ ਹੈ ਅਤੇ ਇਹ ਸਾਰੇ ਖਾਲਿਸਤਾਨੀ ਹਨ.ਗ ਇਹ ਸੋਚ ਕੋਈ ਅੱਜ ਦੀ ਨਹੀਂ ਫੈਲਾਈ ਜਾ ਰਹੀ ਹੈ ਬਲਕਿ ਇਹ 80ਵੇਂ ਦੇ ਗੇੜ ਵਿੱਚ ਹੀ ਬਣਾ ਦਿੱਤੀ ਗਈ ਸੀ ਅਤੇ ਸਾਰੇ ਭਾਰਤ ਵਿੱਚ ਫੈਲਾਅ ਦਿਤੀ ਗਈ ਸੀ.ਗ ਕੋਈ ਇਹ ਆਖੇ ਕਿ ਸੰਨ ਚੌਰਾਸੀ ਦੀਆਂ ਘਟਨਾਵਾਂ, ਸਿੱਖ ਅਤਵਾਦ, ਨੀਲਾ ਤਾਰਾ ਕਾਰਵਾਈਆਂ, ਸਿੱਖ ਵਿਰੋਧੀ ਦੰਗੇ ਕੱਲ ਦੀਆਂ ਗਲਾਂ ਹਨ ਅਤੇ ਇਤਿਹਾਸ ਬਣ ਗਈਆਂ ਹਨ, ਐਸਾ ਨਹੀਂ ਹੈ ਅਤੇ ਸਿੱਖਾਂ ਸਿਰ ਜਿਹੜੀਆਂ ਇਹ ਬਦਨਾਮੀਆਂ ਲਗਾ ਦਿੱਤੀਆਂ ਗਈਆਂ ਹਨ ਇੰਨ੍ਹਾਂ ਦਾ ਪੂਰਾ ਪਰਚਾਰ ਕੀਤਾ ਗਿਆ ਸੀ ਅਤੇ ਹੁਣ ਸਿੱਖ ਭਾਈਚਾਰਾ ਕੁੱਝ ਵੀ ਪਿਆ ਆਖੀ ਜਾਵੇ ਭਾਰਤ ਦਾ ਕੋਈ ਵੀ ਆਦਮੀ ਇਹ ਮਨਣ ਲਈ ਤਿਆਰ ਨਹੀਂ ਹੈ ਕਿ ਸਿੱਖ ਹੁਣ ਭਾਰਤੀ ਵੀ ਹਨ ਜਾਂ ਨਹੀਂ ਹਨ.ਗ

ਸਿੱਖ ਭਾਈਚਾਰਾ ਭਾਰਤ ਵਿੱਚ ਆਪਣਾ ਹੀ ਨਵੇਕਲਾ ਜਿਹਾ ਇਤਿਹਾਸ ਰੱਖਦਾ ਹੈ.ਗ ਅਸੀਂ ਜਦ ਗੁਰੂ ਨਾਨਕ ਸਾਹਿਬ ਜੀ ਦੀ ਬਾਨੀ ਦਾ ਹੀ ਅਧਿਐਨ ਕਰਦੇ ਹਾਂ ਤਾਂ ਬਾਬਰ ਦੇ ਹਮਲੇ ਵਕਤ ਗੁਰੂ ਜੀ ਨੇ ਆਖ ਦਿੱਤਾ ਸੀ, ਪਾਪ ਕੀ ਜੰਜ ਲੈ ਕਾਬਲੋਂ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ.ਗ ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨਾ ਆਇਆ.ਗ ਅਰਥਾਤ ਇਹ ਆਖ ਦਿਤਾ ਸੀ ਕਿ ਇਹ ਜਿਹੜਾ ਵੀ ਰਾਜ ਬਾਹਰੋਂ ਆ ਰਿਹਾ ਹੈ, ਇਹ ਮਾੜੀ ਘਟਨਾ ਹੈ.ਗ ਅਤੇ ਅਸੀਂ ਦੇਖਿਆ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇਕੇ ਮਾਰਨਾ ਵੀ ਮੁਗਲਾਂ ਦੀ ਕਾਰਵਾਈ ਸੀ.ਗ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸਹਾਦਤ ਹਿੰਦੂ ਧਰਮ ਦੀ ਰੱਖਿਆ ਲਈ ਸੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਬਾਕਾਇਦਾ ਹਥਿਆਰਬੰਦ ਹੋਕੇ ਮੁਗਲਾਂ ਦਾ ਸਫਾਇਆ ਕਰਨ ਦੀ ਸੋਚ ਰਹੇ ਸਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿੱਕੇ ਨਿੱਕੇ ਬੱਚੇ ਜਿਉਂਦਿਆਂ ਹੀ ਕੰਧਾਂ ਵਿੱਚ ਚਿਣ ਦਿੱਤੇ ਗਏ ਸਨ। ਸਿੱਖਾਂ ਦਾ ਇਤਿਹਾਸ ਗਵਾਹ ਹੈ ਕਿ ਸਿੱਖਾਂ ਨੂੰ ਚਰਖੜੀਆਂ ਉਤੇ ਚਾੜ੍ਹਕੇ ਮਾਰ ਦਿਤਾ ਗਿਆ.ਗ ਕਈਆਂ ਦੀਆਂ ਖੋਪਰੀਆਂ ਰੰਬੀਆਂ ਨਾਲ ਉਤਾਰੀਆਂ ਗਈਆਂ.ਗ ਕਈਆਂ ਦੀਆਂ ਪੁੱਠੀਆਂ ਖੱਲਾਂ ਲਾਹੀਆਂ ਗਈਆਂ.ਗ ਕਈਆਂ ਦੇ ਬੱਚਿਆਂ ਦੇ ਕਲੇਜੇ ਕੱਢਕੇ ਮਾਪਿਆ ਦੇ ਮੂੰਹਾਂ ਵਿੱਚ ਤੁੰਨੇ ਗਏ.ਗ ਕਈਆਂ ਉਤੇ ਤੱਤੀਆਂ ਰੇਤਾਂ ਪਾਈਆਂ ਗਈਆਂ.ਗ ਕਈਆਂ ਨੂੰ ਉਬਲਦੇ ਪਾਣੀ ਦੀਆਂ ਦੇਗਾ ਵਿੱਚ ਸੁੱਟਿਆ ਗਿਆ.ਗ ਕਈਆਂ ਨੂੰ ਜੰਮੂਰਾਂ ਨਾਲ ਮਾਸ ਕੱਟਕੇ ਸ਼ਹੀਦ ਕੀਤਾ ਗਿਆ.ਗ ਇਹ ਵੀ ਇਤਿਹਾਸ ਦੱਸਦਾ ਹੈ ਕਿ ਨਿੱਕੇ ਨਿੱਕੇ ਬੱਚਿਆਂ ਨੂੰ ਹਵਾ ਵਿੱਚ ਉਛਾਲਕੇ ਮਾਪਿਆ ਸਾਹਮਣੇ ਨੇਜ਼ਿਆ ਉੱਤੇ ਟੰਗਿਆ ਗਿਆ.ਗ ਇਹ ਹੈ ਸਿੱਖਾਂ ਦਾ ਪੁਰਾਤਨ ਇਤਿਹਾਸ ਅਤੇ ਇਹ ਸਾਰਾ ਕੁੱਝ ਭਾਰਤ ਲਈ ਕੀਤਾ ਗਿਆ ਕਿਉਂਕਿ ਉਸ ਵਕਤ ਇਹ ਖਾਲਸਤਾਨ ਦੀਆਂ ਗੱਲਾਂ ਹਾਲਾਂ ਚੱਲੀਆਂ ਹੀ ਨਹੀਂ ਸਨ। ਫਿਰ ਅਸੀਂ ਅਗਰ ਆਜ਼ਾਦੀ ਦੀ ਜੰਗ ਦੀ ਗੱਲ ਛੇੜਦੇ ਹਾਂ ਤਾਂ ਅਸੀਂ ਅਗਰ ਉਨ੍ਹਾਂ ਦੀ ਗਿਣਤੀ ਕਰੀਏ ਜਿਹੜੇ ਫਾਂਸੀਆਂ ਉਤੇ ਟੰਗੇ ਗਏ ਤਾਂ ਸਿੱਖਾਂ ਦੀ ਗਿਣਤੀ ਉਹਨਾਂ ਦੀ ਕੁੱਲ ਆਬਾਦੀ ਦੇ ਮੁਕਾਬਲੇ ਵਿੱਚ ਜ਼ਿਆਦਾ ਰਹੀ ਹੈ.ਗ ਅਗਰ ਅਸੀਂ ਕਾਲੇ ਪਾਣੀਆਂ ਦੀ ਸਮਿਆਂ ਦੀ ਗੱਲ ਕਰਦੇ ਹਾਂ ਤਾਂ ਵੀ ਸਿੱਖਾਂ ਦੀ ਗਿਣਤੀ ਜਿਆਦਾ ਰਹੀ ਹੈ.ਗ ਅਸੀਂ ਅਗਰ ਜੇਲ੍ਹ ਕੈਦੀਆਂ ਦੀ ਗਿਣਤੀ ਕਰੀਏ ਤਾਂ ਵੀ ਸਿੱਖਾਂ ਦੀ ਗਿਣਤੀ ਘੱਟ ਨਹੀਂ ਰਹੀ ਹੈ.ਗ ਅਸੀਂ ਅਗਰ ਪੁਲਿਸ ਦੀਆਂ ਮਾਰਾਂ ਦੀ ਗਿਣਤੀ ਕਰੀਏ ਤਾਂ ਵੀ ਸਿੱਖ ਮੋਹਰੀ ਹਨ.ਗ ਅਸੀਂ ਅਗਰ ਜਲ੍ਹਿਆਂ ਵਾਲੇ ਬਾਗ ਵਿੱਚ ਮਾਰੇ ਗਏ ਲੋਕਾਂ ਵਿੱਚ ਸਿੱਖਾਂ ਦੀ ਗਿਣਤੀ ਕਰਦੇ ਹਾਂ ਤਾਂ ਵੀ ਸਿੱਖਾਂ ਦੀ ਗਿਣਤੀ ਜਿਆਦਾ ਰਹੀ ਹੈ.ਗ ਅਸੀਂ ਅਗਰ ਆਜਾਦ ਹਿੰਦ ਫੌਜ ਦੀ ਗੱਲ ਕਰਦੇ ਹਾਂ ਤਾਂ ਵੀ ਸਿੱਖਾਂ ਦੀ ਗਿਣਤੀ ਜਿਆਦਾ ਰਹੀ ਹੈ.ਗ

ਆਜਾਦੀ ਬਾਅਦ ਅਸਾਂ ਦੇਖਿਆ ਕਿ ਸਭ ਤੋਂ ਪਹਿਲਾਂ ਸਿੱਖ ਰਿਆਸਤਾ ਨੇ ਭਾਰਤ ਵਿੱਚ ਸਾਮਲ ਹੋਣ ਦਾ ਸਿਲਸਿਲਾ ਚਲਾਇਆ ਸੀ ਅਤੇ ਇਹ ਵੀ ਪ੍ਰਤੱਖ ਹੈ ਕਿ ਬਟਵਾਰੇ ਵਕਤ ਹੀ ਸਿੱਖਾਂ ਨੇ ਇਹ ਫੈਸਲਾ ਵੀ ਕਰ ਲਿਆ ਸੀ ਕਿ ਉਹ ਖਾਲਿਸਤਾਨ ਦੇ ਹਾਮੀ ਨਹੀਂ ਹਨ ਬਲਕਿ ਉਹ ਭਾਰਤ ਨਾਲ ਹੀ ਰਹਿਣਗੇ ਅਤੇ ਇਸ ਤਰ੍ਹਾਂ ਨਾਲ ਉਹ ਭਾਰਤ ਦੇ ਪਹਿਲੇ ਨਾਗਰਿਕ ਬਣ ਗਏ ਸਨ.ਗ ਅਸੀਂ ਇਹ ਵੀ ਦੇਖਿਆ ਕਿ ਸਿੱਖਾਂ ਨੇ ਭਾਰਤ ਨੂੰ ਆਪਣਾ ਦੇਸ ਸਮਝਕੇ ਭਾਰਤ ਵਿੱਚ ਕੋਨੇ ਕੋਨੇ ਵਿੱਚ ਜਾਕੇ ਘਰ ਬਣਾ ਲਏ ਸਨ ਅਤੇ ਉਥੋਂ ਦੇ ਹੀ ਬਣਕੇ ਰਹਿ ਗਏ ਸਨ.ਗ ਅਸੀਂ ਦੇਖਿਆ ਕਿ ਸਿੱਖਾਂ ਨੇ ਮਿਲਟਰੀ, ਪੁਲਿਸ, ਪ੍ਰਸਾਸਨ, ਉਦਯੋਗ, ਵਿਉਪਾਰ ਵਿੱਚ ਪੂਰਾ ਹਿੱਸਾ ਲਿਆ ਅਤੇ ਚੰਗੇ ਨਤੀਜੇ ਦਿੱਤੇ ਹਨ.ਗ ਸਿੱਖ ਮੁਲਕ ਦਾ ਪ੍ਰਧਾਨ ਮੰਤਰੀ ਵੀ ਰਿਹਾ ਹੈ ਅਤੇ ਰਾਸਟਰਪਤੀ ਵੀ ਰਿਹਾ ਹੈ.ਗ ਸਿੱਖ ਫੌਜ ਦਾ ਕਮਾਂਡਰ ਵੀ ਰਿਹਾ ਹੈ ਅਤੇ ਬੰਗਲਾ ਦੇਸ ਵਿੱਚੋਂ ਪਾਕਿਸਤਾਨੀ ਫੌਜ ਕੱਢਣ ਵਾਲਾ ਵੀ ਸਿੱਖ ਜਰਨੈਲ ਹੀ ਸੀ.ਗ ਅਰਥਾਤ ਇਹ ਗੱਲਾਂ ਸਪਸਟ ਕਰਦੀਆਂ ਹਨ ਕਿ ਸਿੱਖ ਭਾਰਤ ਦੇ ਪਹਿਲੇ ਨਾਗਰਿਕ ਹਨ ਅਤੇ ਇਸ ਭਾਰਤ ਨੂੰ ਹੀ ਆਪਣਾ ਦੇਸ ਮੰਨਦੇ ਹਨ.ਗ ਇਸ ਭਾਰਤ ਵਿੱਚ ਰਹਿਣ ਦਾ ਫੈਸਲਾ ਹਿੰਦੁਸਤਾਨ ਦੇ ਬਟਵਾਰੇ ਵਕਤ ਹੀ ਕਰ ਦਿਤਾ ਗਿਆ ਸੀ ਅਤੇ ਇਹ ਆਖਰੀ ਫੈਸਲਾ ਸੀ.ਗ ਅਗਰ ਕੋਈ ਲਹਿਰਾਂ ਚੱਲੀਆਂ ਹਨ ਕਿ ਖਾਲਿਸਤਾਨ ਬਣਨਾ ਚਾਹੀਦਾ ਹੈ, ਇਹ ਸਰਬ ਸੰਮਤੀ ਨਾਲ ਪਾਸ ਕੀਤੀਆਂ ਲਹਿਰਾਂ ਨਹੀਂ ਸਨ ਅਤੇ ਨਾ ਹੀ ਅੱਜ ਤਕ ਕੋਈ ਐਸਾ ਮਤਦਾਨ ਹੋਇਆ ਹੈ.ਗ ਇਹ ਅਤਵਾਦੀ ਵਾਲੀ ਲਹਿਰ ਵਿੱਚ ਵੀ ਸਿੱਖਾਂ ਦੀ ਕੋਈ ਭੂਮਿਕਾ ਨਹੀਂ ਸੀ ਅਤੇ ਇਹ ਲਹਿਰ ਕਿਸਦੇ ਆਸਰੇ ਚਲੀ ਸੀ, ਇਸ ਦੀ ਖੋਜ ਕਰਨੀ ਹਾਲਾਂ ਬਾਕੀ ਹੈ.ਗ ਸਿੱਖ ਅਤਵਾਦੀ ਨਹੀਂ ਹੈ ਅਤੇ ਨਾ ਹੀ ਸਿੱਖ ਮਾਸੂਮਾਂ ਦਾ ਕਤਲ ਹੀ ਕਰ ਸਕਦਾ ਹੈ.ਗ ਸਿੱਖ ਗਤੀਸੀਲ ਹਨ, ਪ੍ਰਗਤੀਸੀਲ ਹਨ, ਦੱਬਕੇ ਕਮਾ ਅਤੇ ਰੱਜਕੇ ਖਾ ਵਾਲੇ ਸਿਧਾਂਤਾ ਵਿਚ ਵਿਸਵਾਸ ਰੱਖਦੇ ਹਨ ਅਤੇ ਅੱਜ ਦੁਨੀਆਂ ਦੇ ਹਰ ਕੋਨੇ ਵਿੱਚ ਸਿੱਖ ਮਿਲਦਾ ਹੈ ਅਤੇ ਜਿੱਥੇ ਵੀ ਗਿਆ ਹੈ ਉੱਥੇ ਦਾ ਹੀ ਹੋਕੇ ਰਹਿ ਗਿਆ ਹੈ.ਗ ਇਸ ਲਈ ਸਿੱਖਾਂ ਲਈ ਅਗਰ ਕੋਈ ਖਾਲਿਸਤਾਨ ਹੈ ਤਾਂ ਅੱਜ ਸਾਰੀ ਦੁਨੀਆਂ ਉਸ ਲਈ ਖਾਲਿਸਤਾਨ ਹੈ

ਇਹ ਜਿਹੜੀ ਅਤਵਾਦ ਵਾਲੀ ਲਹਿਰ ਚਲੀ ਸੀ ਇਸ ਨਾਲ ਸਿੱਖ ਬਦਨਾਮ ਹੋ ਗਏ ਹਨ ਅਤੇ ਉਸ ਵਕਤ ਦੀ ਸਰਕਾਰ ਨੇ ਸਾਰੇ ਭਾਰਤ ਵਿੱਚ ਹੀ ਨਹੀਂ ਦੁਨੀਆਂ ਭਰ ਵਿੱਚ ਇਹ ਗੱਲ ਫੈਲਾਅ ਦਿੱਤੀ ਸੀ ਕਿ ਸਿੱਖ ਅਤਵਾਦੀ ਹੈ, ਖਾਲਿਸਤਾਨੀ ਹੈ.ਗ ਇਹ ਗੱਲ ਅੱਜ ਭਾਰਤ ਦਾ ਹਰ ਆਦਮੀ ਸਮਝ ਰਿਹਾ ਹੈ.ਗ ਇੰਨ੍ਹਾ ਪ੍ਰਸਿਥੀਆਂ ਵਿੱਚ ਵੀ ਸਿੱਖ ਭਾਈਚਾਰਾ ਭਾਰਤ ਨੂੰ ਆਪਣਾ ਦੇਸ ਸਮਝਕੇ ਚੱਲ ਰਿਹਾ ਹੈ ਅਤੇ ਕਿਸੇ ਨੂੰ ਵੀ ਸੰਕਾ ਨਹੀਂ ਹੈ ਕਿ ਸਿੱਖ ਦੇਸ ਧਰੋਹੀ ਵੀ ਕਰ ਸਕਦੇ ਹਨ.ਗ ਸਿੱਖ ਅੱਜ ਮਿਲਟਰੀ ਵਿੱਚ ਵੀ ਹਨ ਅਤੇ ਅੱਜ ਪ੍ਰਸਾਸਨ ਦੀ ਹਰ ਸਾਖਾ ਵਿੱਚ ਹਾਜਰ ਹਨ ਅਤੇ ਵਧੀਆਂ ਕੰਮ ਕਰ ਰਹੇ ਹਨ.ਗ ਅੱਜ ਵੀ ਇਹ ਜਿਹੜੇ ਇਲਜਾਮ ਲਗਾਏ ਜਾ ਰਹੇ ਹਨ ਕਿ ਸਿੱਖ ਕਿਸਾਨ ਨਹੀਂ ਹੈ, ਸਿੱਖ ਅਤਵਾਦੀ ਹੈ ਅਤੇ ਸਿੱਖ ਖਾਲਿਸਤਾਨੀ ਹੈ ਇਹ ਬੇ-ਮਾਅਨਾ ਹਨ ਅਤੇ ਵਾਪਸ ਲਿਤੇ ਜਾਣੇ ਚਾਹੀਦੇ ਹਨ.ਗ ਜੋ ਵੀ ਸਿੱਖ ਲੀਡਰਸਿੱਪ ਹੈ ਉਹ ਵੀ ਵਿਚਾਰ ਕਰੇ ਕਿਉਕਿ ਇਸ ਲੀਡਰਸਿੱਪ ਦੀਆਂ ਗਲਤੀਆਂ ਹੀ ਹਨ। ਜਿਹੜੀਆਂ ਨੇ ਸਿੱਖਾਂ ਦੀ ਇਹ ਹਾਲਤ ਬਣਾ ਦਿੱਤੀ ਹੈ।

# ਜਦੋਂ ਪੰਜਾਬ ਹੋਇਆ ਲਾਚਾਰ, ਸੁੱਤੀ ਉੱਠੀ ਪੰਜਾਬ ਸਰਕਾਰ !



**ਗੁਰਮੀਤ ਸਿੰਘ ਪਲਾਹੀ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੂੰ ਉਹਨਾ ਸਾਰੀਆਂ ਨਿੱਜੀ ਕੰਪਨੀਆਂ ਨਾਲ ਕੀਤੇ ਸਾਰੇ ਬਿਜਲੀ ਖਰੀਦ ਸਮਝੌਤੇ (ਪੀ ਪੀ ਏਜ) ਰੱਦ ਕਰਨ ਜਾਂ ਦੁਬਾਰਾ ਘੋਖਣ ਲਈ ਕਿਹਾ ਹੈ, ਜੋ ਝੋਨੇ ਦੀ ਬਿਜਾਈ ਤੇ ਗਰਮੀ ਦੇ ਸ਼ੀਜਨ 'ਚ ਬਿਜਲੀ ਮੰਗ ਨੂੰ ਪੂਰੀ ਕਰਨ ਲਈ ਤਸੱਲੀ ਬਖ਼ਸ਼ ਸਪਲਾਈ ਦੇਣ ਲਈ ਕੀਤੇ ਸਮਝੌਤਿਆਂ ਤੇ ਖਰੀਆਂ ਨਹੀਂ ਉਤਰੀਆਂ।ਇਸ ਸਬੰਧੀ ਵਿਰੋਧੀ ਨੇਤਾ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਜੇਕਰ ਸਮਝੌਤੇ ਰੱਦ ਕਰ ਦਿੱਤੇ ਤਾਂ ਪੰਜਾਬ ਨੂੰ ਬਿਜਲੀ ਕਿਥੋਂ ਮਿਲੇਗੀ?

ਪੰਜਾਬ ਦੇ ਇਕ ਪ੍ਰਸਿੱਧ ਵਕੀਲ ਐਡਵੋਕੈਟ ਐਸ ਸੀ ਅਰੋੜਾ ਨੇ ਇੱਕ ਭਾਵਪੂਰਤ ਟਿੱਪਣੀ ਅਤੇ ਸੁਝਾਅ ਪੰਜਾਬ ਦੀ ਮੌਜੂਦਾ ਕੈਪਟਨ ਸਰਕਾਰ ਨੂੰ ਇਸ ਸਬੰਧੀ ਦਿੱਤਾ ਹੈ, "ਜੇਕਰ ਅਜੋਕੀ ਸਰਕਾਰ ਬਿਜਲੀ ਕੰਪਨੀਆਂ ਨਾਲ ਕੀਤੇ ਸਮਝੌਤੇ ਤੋੜਦੀ ਹੈ ਤਾਂ ਆਉਣ ਵਾਲੀ ਸਰਕਾਰ ਨੂੰ ਅਰਬਾਂ-ਖਰਬਾਂ ਦੇ ਹਰਜ਼ਾਨੇ ਦੇ ਕੇਸਾਂ ਦਾ ਸਾਹਮਣਾ ਕਰਨਾ ਪਵੇਗਾ! ਕਰਾਰ ਤੋੜਨੇ ਅਸਾਨ ਨਹੀਂ ਹੁੰਦੇ।ਅਜਿਹਾ ਕਰਨ ਲਈ ਬਹੁਤ ਹੀ ਹਿੰਮਤ ਦੀ ਲੋੜ ਹੈ। ਇਹ ਬੱਚਿਆਂ ਦਾ ਖੇਲ ਨਹੀਂ ਕਿ ਜਦੋਂ ਮਰਜ਼ੀ 'ਜਾਹ ਕੱਟੀ' ਕਹਿ ਕੇ ਯਾਰੀ ਤੋੜ ਦਿਓਗੇਂ। ਹਾਂ, ਇੱਕ ਇਮਾਨਦਾਰੀ ਵਾਲਾ ਤਰੀਕਾ ਹੈ ਕਿ ਪੁਰਾਣੇ ਬਿਜਲੀ ਮੰਤਰੀ, ਮੁੱਖ ਮੰਤਰੀ ਅਤੇ ਬਿਜਲੀ ਕੰਪਨੀਆਂ ਦੇ ਵਿਰੁੱਧ ਪ੍ਰਦੇਸ਼ ਨਾਲ ਧੋਖਾ-ਧੜੀ ਅਤੇ ਰਿਸ਼ਵਤਖੋਰੀ ਦੇ ਦੋਸ਼ ਲਾਕੇ ਐਫ.ਆਈ.ਆਰਾਂ. ਦਰਜ਼ ਕਰਾ ਕੇ ਉਸਦੇ ਅਧਾਰ ਤੇ ਕਰਾਰ ਰੱਦ ਕਰ ਦਿੱਤੇ ਜਾਣ। ਫਿਰ ਚਾਹੇ ਨਤੀਜਾ ਕੁਝ ਵੀ ਹੋਵੇ, ਅਜਿਹਾ ਕਦਮ ਮਰਦਾਂ ਵਾਲਾ ਕਦਮ ਹੋਵੇਗਾ।"

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਜੋ ਅਗਲੇ 5 ਜਾਂ 6 ਮਹੀਨਿਆਂ ਵਾਲੇ ਮੁੱਖ ਮੰਤਰੀ ਹਨ, ਕੀ ਇਹੋ ਜਿਹਾ ਜ਼ੋਖ਼ਮ ਭਰਿਆ ਕਦਮ ਚੁੱਕਣਗੇ? ਬਿਨਾਂ ਸ਼ੱਕ ਬਿਜਲੀ ਨੇ ਝੋਨੇ ਦੇ ਸੀਜ਼ਨ 'ਚ ਕਿਸਾਨਾਂ ਅਤੇ ਆਮ ਲੋਕਾਂ ਨੂੰ ਗਰਮੀ ਦੇ ਮੌਸਮ ਵਿੱਚ ਬੁਰੀ ਤਰ੍ਹਾਂ ਪ੍ਰੇਸ਼ਾਨ ਕੀਤਾ, ਸਨੱਅਤਾਂ ਨੂੰ ਵੀ ਬਿਜਲੀ ਕੱਟਾਂ ਕਾਰਨ ਭਾਰੀ ਕੀਮਤ ਚੁਕਾਉਣੀ ਪਈ। ਅਕਾਲੀ-ਭਾਜਪਾ ਸਰਕਾਰ ਵੇਲੇ ਅੱਖਾਂ ਮੀਟੀ ਕੀਤੇ ਸਮਝੌਤਿਆਂ ਨੂੰ ਕੈਪਟਨ ਸਰਕਾਰ ਵੇਲੇ ਦੇ ਚਾਰ ਸਾਲਾਂ ਵਿਚ ਕਦੇ ਵੀ ਸੰਜੀਦਗੀ ਰਵੀਊ ਨਹੀਂ ਕੀਤਾ ਗਿਆ ਅਤੇ ਕਰੋੜਾਂ ਰੁਪਏ ਦੀ ਸਾਲ ਦਰ ਸਾਲ ਅਦਾਇਗੀ ਇਹਨਾਂ ਕੰਪਨੀਆਂ ਨੂੰ ਸਮਝੌਤਿਆਂ ਕਾਰਨ ਕੀਤੀ ਗਈ ਅਤੇ ਕਥਿਤ "ਖਾਲੀ ਸਰਕਾਰੀ ਖ਼ਜ਼ਾਨੇ" ਨੂੰ ਵੱਡਾ ਚੂਨਾ ਲਗਾਇਆ ਗਿਆ। ਇਹ ਪੰਜਾਬ ਦੀ ਪ੍ਰੇਸ਼ਾਨੀ ਤੇ ਲਾਚਾਰੀ ਦਾ ਵੱਡਾ ਮੁੱਦਾ ਹੈ।

ਪੰਜਾਬ ਨੂੰ ਇਕੱਲਾ ਬਿਜਲੀ ਦੇ ਮਸਲੇ ਨੇ ਹੀ ਪ੍ਰੇਸ਼ਾਨ ਨਹੀਂ ਕੀਤਾ। ਕਰੋਨਾ ਮਾਹਾਂਮਾਰੀ ਦੇ ਦੌਰ 'ਚ ਪੰਜਾਬੀਆਂ ਦਾ ਸਾਹ ਸੂਤਿਆਂ ਰਿਹਾ, ਸਰਕਾਰੀ ਦਫ਼ਤਰ ਬੰਦ ਰਹੇ, ਸਰਕਾਰੀ ਕੰਮ ਕਾਰ ਸੁਸਤ ਰਹੇ, ਰਤਾ ਕੁ ਦਫ਼ਤਰਾਂ ਦੇ ਕੰਮ ਨੇ ਰਫ਼ਤਾਰ ਫ਼ੜੀ ਤਾਂ ਛੇਵੇਂ ਵਿੱਤ ਕਮਿਸ਼ਨ ਦੀ ਆਈ ਅੱਧੀ-ਅਧੂਰੀ ਲਾਗੂ ਕੀਤੀ ਰਿਪੋਰਟ ਨੇ ਪੰਜਾਬ ਦੇ ਸਰਕਾਰੀ ਕਰਮਚਾਰੀਆਂ ਨੂੰ ਪ੍ਰੇਸ਼ਾਨ ਕੀਤਾ, ਜਿਹਨਾ ਦਾ ਖਦਸ਼ਾ ਸੀ ਕਿ ਉਹਨਾਂ ਦੀਆਂ ਤਨਖਾਹਾਂ ਰਿਪੋਰਟ ਦੇ ਲਾਗੂ ਹੋਣ ਨਾਲ ਵੱਧਣਗੀਆਂ ਨਹੀਂ, ਸਗੋਂ ਘੱਟਣਗੀਆਂ। ਡਾਕਟਰਾਂ ਦਾ ਨਾਨ-ਪ੍ਰੈਕਟਿਸ ਅਲਾਊਂਸ ਬੰਦ ਕਰ ਦਿੱਤਾ ਗਿਆ, ਵਿਕਾਸ ਕਰਮਚਾਰੀ, ਇੰਜੀਨੀਅਰ ਹੜਤਾਲ ਤੇ ਚਲੇ ਗਏ। ਜੋ ਹੁਣ ਵੀ ਹੜਤਾਲ ਤੇ ਹਨ। ਪਿੰਡਾਂ 'ਚ ਵਿਕਾਸ ਦੇ ਕੰਮ ਰੁੱਕ ਗਏ। ਸਰਕਾਰੀ ਦਫ਼ਤਰਾਂ ਦੇ ਬਾਹਰ ਦਰੀਆਂ ਵਿੱਛ ਗਈਆਂ। ਸੜਕਾਂ ਮੁਲਾਜ਼ਮਾਂ ਨਾਲ ਭਰ ਗਈਆਂ। ਬੇਰੁਜ਼ਗਾਰ ਸੜਕਾਂ ਤੇ ਆ ਗਏ। ਕਿਉਂਕਿ ਉਹ ਸਮਝਦੇ ਹਨ ਕਿ ਜੇਕਰ ਹੁਣ ਕੈਪਟਨ ਸਰਕਾਰ ਦੇ ਰਹਿੰਦੇ 5 ਜਾਂ 6 ਮਹੀਨਿਆਂ 'ਚ ਅਸੀਂ ਦਬਾਅ ਪਾ ਕੇ ਆਪਣੇ ਹੱਕ ਨਹੀਂ ਲੈ ਸਕੇ ਤਾਂ ਅਗਲੇ ਪੰਜ ਸਾਲ ਮੰਗਾਂ ਦੀ ਪੂਰਤੀ ਲਈ ਸੰਘਰਸ਼ ਕਰਨਾ ਪਵੇਗਾ।

ਕੈਪਟਨ ਦੀ ਸਰਕਾਰ ਜਿਹੜੀ ਪਹਿਲਾਂ ਹੀ ਕਾਂਗਰਸੀ ਕਾਟੋ ਕਲੇਸ਼ ਕਾਰਨ ਪ੍ਰੇਸ਼ਾਨ ਹੋਈ ਪਈ ਹੈ, ਉਸਨੂੰ ਇਧਰ ਧਿਆਨ ਕਰਨ ਦਾ ਮੌਕਾ ਹੀ ਨਹੀਂ ਮਿਲਿਆ ਜਾਂ ਇਉਂ ਕਹੋ ਕਿ ਉਸਦੀ ਤਰਜੀਹ ਸਰਕਾਰੀ ਕੰਮ ਕਾਰ ਸਾਵੇਂ ਢੰਗ ਨਾਲ ਚਲਾਉਣ ਦੀ ਵਜਾਏ ਆਪਣੀ ਕੁਰਸੀ ਬਚਾਉਣ ਦੀ ਹੈ। ਕੈਪਟਨ ਸਰਕਾਰ ਨੇ ਮੁਲਾਜ਼ਮਾਂ ਮੰਗਾਂ ਸੁਨਣ ਲਈ ਤਿੰਨ ਮੈਂਬਰੀ "ਸਕੱਤਰੀ ਕਮੇਟੀ" ਬਣਾਈ, ਜਿਸਨੇ ਮੁਲਾਜ਼ਮ ਦੀਆਂ ਮੰਗਾਂ ਸੁਣੀਆਂ ਪਰ ਤਿੰਨ ਮੈਂਬਰੀ ਕੈਬਨਿਟੀ ਕਮੇਟੀ ਮੰਗਾਂ ਸੁਨਣ ਲਈ ਬੈਠ ਨਹੀਂ ਸਕੀ, ਕਿਉਂਕਿ ਕੈਪਟਨ ਦੀ ਕੈਬਨਿਟ ਦੋ-ਫਾੜ ਹੈ ਅਤੇ ਇਸ ਦੇ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਗੁਰਮੀਤ ਸਿੰਘ ਰਾਣਾ ਸੋਢੀ ਵੱਡੇ ਇਲਜ਼ਾਮਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਕੈਬਨਿਟ ਦੇ ਦੋਵੇਂ ਧਿਰਾਂ ਦੇ ਮੰਤਰੀ ਇਕ-ਦੂਜੇ ਨੂੰ ਅੱਖੀਂ ਦੇਖ ਵੀ ਨਹੀਂ ਸੁਖਾਉਂਦੇ। ਸਿੱਟਾ ਕਾਂਗਰਸੀ ਹਾਈ ਕਮਾਂਡ ਵੱਲ ਝਾਕਣ 'ਚ ਨਿਕਲ ਰਿਹਾ ਹੈ, ਜਿਸਨੇ ਕੈਪਟਨ ਅਮਰਿੰਦਰ ਸਿੰਘ ਦੀ ਕੈਬਨਿਟ 'ਚ ਫੇਰ-ਬਦਲ ਨੂੰ ਹਰੀ ਝੰਡੀ ਦੇਣੀ ਹੈ। ਪਰ ਤਦੋਂ ਤੱਕ ਲੋਕਾਂ ਦੇ ਕੰਮ ਕੌਣ ਕਰੇ? ਵਿਕਾਸ ਦੇ ਕੰਮਾਂ ਨੂੰ ਅੱਗੋਂ ਕੌਣ ਤੋਰੇ? ਕਾਂਗਰਸੀ ਕਾਟੋ ਕਲੇਸ਼ ਉਪਰੰਤ ਪੰਜਾਬ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਨਵਜੋਤ ਸਿੰਘ ਸਿੱਧੂ 18 ਸੂਤਰੀ ਪ੍ਰੋਗਰਾਮ ਲਾਗੂ ਕਰਵਾਉਣ ਲਈ ਤਾਬੜਤੋੜ ਬਿਆਨਬਾਜੀ ਕਰ ਰਹੇ ਹਨ। ਰੇਤਾ ਖਨਣ, ਨਸ਼ਾ ਤਸਕਰੀ, ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਮਹਿੰਗੀ ਬਿਜਲੀ ਆਦਿ ਮੁੱਦਿਆਂ ਨੂੰ ਉਸ ਵਲੋਂ ਉਭਾਰਿਆ ਜਾ ਰਿਹਾ ਹੈ। ਪ੍ਰੈਸ 'ਚ ਵਾਹ-ਵਾਹ ਖੱਟੀ ਜਾ ਰਹੀ ਹੈ। ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਇਆ ਜਾ ਰਿਹਾ ਹੈ। ਦੋਬਾਰਾ ਕਾਂਗਰਸ ਦੀ ਸਰਕਾਰ ਬਨਾਉਣ ਲਈ ਢੰਗ ਤਰੀਕੇ ਵਰਤੇ ਜਾ ਰਹੇ ਹਨ। ਪਰ ਕੈਪਟਨ-ਸਿੱਧੂ ਦਾ ਆਪਸੀ ਛੱਤੀ ਦਾ ਅੰਕੜਾ ਕੀ ਇਸ ਸਭ ਕੁਝ ਦੇ ਆੜੇ ਨਹੀਂ ਆਏਗਾ? ਰੇਤਾ-ਖਨਣ ਤੇ ਰੇਤ ਬਜ਼ਰੀ ਦੇ ਮਹਿੰਗੇ ਭਾਅ ਇਸ ਦੀ ਖ਼ਰੀਦ ਵੇਚ ਤਾਂ ਉਵੇਂ ਹੀ ਜਾਰੀ ਹੈ। ਨਸ਼ਿਆਂ ਦਾ ਕਾਰੋਬਾਰ ਕੀ ਖ਼ਤਮ ਹੋ ਗਿਆ ਹੈ ਜਾਂ ਖ਼ਤਮ ਹੋ ਜਾਏਗਾ? ਚੋਣ ਦੇ ਦੌਰ 'ਚ ਤਾਂ ਇਸ ਨੇ ਹੋਰ ਰੰਗ ਲਾਉਣੇ ਹਨ। ਕਿਸੇ ਪਾਰਟੀ ਧੜੇ ਜਾਂ ਸਖਸ਼ ਦੀ ਹਿੰਮਤ ਨਹੀਂ ਪੈਣੀ ਕਿ ਉਹ ਸਿਆਸੀ ਲੋਕਾਂ, ਮਾਫੀਆ ਤੇ ਆਫਸਰਸ਼ਾਹੀ ਦੀ ਤਿੱਕੜੀ ਨੂੰ ਤੋੜਨ ਦੀ ਹਿੰਮਤ ਦਿਖਾ ਸਕੇ। ਹਾਂ, ਪੰਜਾਬ 'ਚ ਕਾਂਗਰਸ ਦੇ ਕਾਟੋ-ਕਲੇਸ਼ ਦੇ ਸਿੱਟੇ ਵਜੋਂ ਜੂੰ ਦੀ ਤੋਰੇ ਤੁਰ ਰਹੀ ਕੈਪਟਨ ਸਰਕਾਰ ਨੇ ਸਰਕਾਰ ਦੀ ਗੱਡੀ ਚੌਥੇ ਗੇਅਰ 'ਚ ਪਾ ਦਿਤੀ ਹੈ ਅਤੇ ਨਿੱਤ ਨਵੇਂ ਫ਼ੈਸਲੇ ਲੈ ਕੇ ਪੰਜਾਬ ਦੇ ਲੋਕਾਂ ਨੂੰ ਖੁਸ਼ ਕਰਨ ਦੇ ਰਾਹ ਤੁਰੀ ਹੈ। ਕੁਝ ਦਿਨ ਪਹਿਲਾਂ ਸਰਕਾਰ ਨੇ 250 ਉਹਨਾ ਕਿਸਾਨ ਪਰਿਵਾਰਾਂ ਨੂੰ ਰਾਹਤ ਦੇ ਕੇ ਉਹਨਾ ਦੇ ਇਕ-ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਲਈ ਕਾਰਵਾਈ ਆਰੰਭ ਦਿੱਤੀ ਹੈ। ਬੇਜ਼ਮੀਨੇ ਮਜ਼ਦੂਰਾਂ, ਖੇਤ ਮਜ਼ਦੂਰਾਂ, ਛੋਟੇ ਕਿਸਾਨਾਂ ਦੇ ਕਰੋੜਾਂ ਦੇ ਕਰਜ਼ੇ ਮੁਆਫ਼ ਕਰਨ ਲਈ ਅਮਰਿੰਦਰ ਸਿੰਘ ਸਰਕਾਰ ਨੇ ਬਿਆਨ ਦਾਗ ਦਿੱਤਾ ਹੈ।ਇਥੇ ਹੀ ਬੱਸ ਨਹੀਂ, ਪੰਜਾਬ 'ਚ ਐਫ਼ ਸੀ ਵੈਲਫੇਅਰ ਬੋਰਡ ਦੀ ਸਥਾਪਨਾ ਦਾ ਬਿੱਲ ਲਿਆਉਣ ਦਾ ਪੰਜਾਬ ਸਰਕਾਰ ਨੇ ਫ਼ੈਸਲਾ ਕਰ ਲਿਆ ਹੈ। ਪਰ ਕੈਪਟਨ ਅਮਰਿੰਦਰ ਸਿੰਘ ਸਰਕਾਰ ਦਾ ਇੱਕ ਮੰਤਰੀ ਐਸ.ਸੀ ਵਜੀਫ਼ਿਆਂ ਦੇ ਘਪਲੇ 'ਚ ਸੀ.ਬੀ.ਆਈ. ਜਾਂਚ ਦਾ ਸਾਹਮਣਾ ਕਰੇਗਾ, ਜਿਸ ਉਤੇ 64.11 ਕਰੋੜ ਵਜੀਫ਼ੇ ਇਧਰ-ਉਧਰ ਕਰਨ ਦਾ ਦੋਸ਼ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇੱਕ ਪਾਸੇ ਕਾਂਗਰਸ ਦਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਐਸ.ਸੀ. ਕਾਂਗਰਸੀ ਵਿਧਾਇਕਾਂ ਨਾਲ ਮੀਟਿੰਗਾਂ ਕਰਕੇ ਉਹਨਾ ਦੀ ਹਿਮਾਇਤ ਲੈਣ ਦੇ ਚੱਕਰਾਂ 'ਚ ਪਿਆ ਹੈ ਅਤੇ ਮੁੱਦਿਆਂ ਨੂੰ ਉਭਾਰਨ 'ਚ ਲੱਗਿਆ ਹੈ, ਕੈਪਟਨ ਅਮਰਿੰਦਰ ਸਿੰਘ ਮੁੱਦਿਆਂ ਨੂੰ ਉਹਨਾ ਤੋਂ ਖੋਹਣ ਦਾ ਕੰਮ ਕਰ ਰਹੇ ਹਨ। ਪੰਜਾਬ ਕਾਂਗਰਸ 'ਚ 23 ਐਸ.ਸੀ ਵਿਧਾਇਕ ਹਨ। ਉਹਨਾ ਨੂੰ ਪੰਜਾਬ ਕੈਬਨਿਟ ਵਿੱਚ ਬਣਦਾ ਹੱਕ ਨਹੀਂ ਮਿਲਿਆ। ਉਹ ਬੋਰਡਾਂ ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਨਹੀਂ ਬਣ ਸਕੇ। ਹੁਣ ਉਹਨਾ ਵਿਚੋਂ ਕਿਸੇ ਨੂੰ ਸੂਬੇ ਦੇ ਉਪ ਮੁੱਖਮੰਤਰੀ ਬਨਾਉਣ ਲਈ ਵੀ ਦੋਵੇਂ ਕਾਂਗਰਸੀ ਧਿਰਾਂ ਹਾਈ ਕਮਾਂਡ ਕੋਲ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਪਰ ਇਸ ਨਾਲ ਕੀ ਬਣੇਗਾ? ਕੀ ਨੌਜਵਾਨਾਂ ਨੂੰ ਨੌਕਰੀਆਂ ਮਿਲਣਗੀਆਂ, ਜਿਸ ਦਾ ਵਾਇਦਾ ਚੋਣ ਮੈਨੀਫੈਸਟੋ 'ਚ ਕਾਂਗਰਸ ਨੇ ਕੀਤਾ ਸੀ? ਕੀ ਲੋਕਾਂ ਨੂੰ ਤੇਜ਼ ਤਰਾਰ ਪ੍ਰਸ਼ਾਸ਼ਨ ਮਿਲੇਗਾ, ਜਿਸ ਸਬੰਧੀ ਫੌਜੀ ਅਫ਼ਸਰ ਤੇ ਵੱਡੇ ਕੱਦ ਬੁੱਤ ਵਾਲੇ ਸਿਆਸਤਦਾਨ ਕੈਪਟਨ ਅਮਰਿੰਦਰ ਸਿੰਘ ਤੋਂ ਪੰਜਾਬੀ ਤਵੱਜੋ ਕਰੀ ਬੈਠੈ ਸਨ?

ਪੰਜਾਬ ਦੇ ਮਸਲੇ ਵੱਡੇ ਹਨ। ਪੰਜਾਬ ਦੇ ਮੁੱਦਿਆਂ ਨੂੰ, 18 ਨੁਕਤੀ ਪ੍ਰੋਗਰਾਮ, ਜੋ ਕਾਂਗਰਸ ਹਾਈ ਕਮਾਂਡ ਨੇ ਦਿੱਤਾ ਹੈ, ਕੀ ਉਹਨਾ 'ਚ ਸਮੇਟਿਆ ਜਾ ਸਕਦਾ ਹੈ? ਪੰਜਾਬ ਦਾ ਕਿਸਾਨ ਪ੍ਰੇਸ਼ਾਨ ਹੈ। ਦਿੱਲੀ ਦੀਆਂ ਬਰੂਹਾਂ 'ਤੇ ਹੈ। ਜੰਤਰ-ਮੰਤਰ 'ਤੇ ਸਮਾਨੰਤਰ ਪਾਰਲੀਮੈਂਟ ਲਾਈ ਬੈਠਾ ਹੈ। ਉਹ ਕਿਸਾਨੀ ਦੀ ਨਹੀਂ, ਪੰਜਾਬ ਦੀ ਹੋਂਦ ਦੀ ਲੜਾਈ ਲੜ ਰਿਹਾ ਹੈ।ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਵਿਰੋਧੀ ਤਿੰਨੋ ਕਾਲੇ ਕਾਨੂੰਨਾਂ ਵਿਰੁੱਧ ਆਪਣੀ ਸਰਕਾਰ ਵਲੋਂ ਪੇਸ਼, ਵਿਧਾਨ ਸਭਾ 'ਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਹੈ। ਇਸ ਤੋਂ ਪਹਿਲਾ ਪੰਜਾਬ ਦੇ ਪਾਣੀਆਂ ਦੇ ਸਬੰਧ 'ਚ ਸਤਲੁਜ-ਯਮੁਨਾ ਲਿੰਕ ਨਹਿਰ ਦਾ ਸਮਝੌਤਾ ਵਿਧਾਨ ਸਭਾ 'ਚ ਉਸਦੀ ਸਰਕਾਰ ਵਲੋਂ ਰੱਦ ਕੀਤਾ ਗਿਆ ਸੀ। ਹੁਣ ਮੰਗ ਉਠ ਰਹੀ ਹੈ ਕਿ ਖੇਤੀ ਕਾਨੂੰਨ ਵੀ ਵਿਧਾਨ ਸਭਾ 'ਚ ਰੱਦ ਕੀਤੇ ਜਾਣ ਦਾ ਮਤਾ ਪਾਸ ਕੀਤਾ ਜਾਵੇ।

ਕੈਪਟਨ ਅਮਰਿੰਦਰ ਵਲੋਂ ਬਿਨ੍ਹਾਂ ਸ਼ੱਕ ਕਿਸਾਨ ਵਿਰੋਧੀ ਕਾਨੂੰਨ ਅਤੇ ਪੰਜਾਬ ਦੇ ਪਾਣੀਆਂ ਸਬੰਧੀ ਸਪਸ਼ਟ ਸਟੈਂਡ ਲਿਆ ਗਿਆ ਹੈ, ਪਰ ਉਹ ਵਾਇਦੇ, ਜਿਹਨਾ ਦੀ ਪੂਰਤੀ ਦਾ ਉਹ ਦਾਅਵਾ ਕਰ ਰਹੇ ਹਨ, ਉਹਨਾ ਸਬੰਧੀ ਉਹ ਲੋਕਾਂ 'ਚ ਆਪਣੇ ਬਿੰਬ ਨਹੀਂ ਬਣਾ ਸਕੇ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ 'ਚ ਉਹਨਾ ਦੀ ਵੱਡੀ ਕਿਰਕਿਰੀ ਹੋਈ ਹੈ। ਭਾਵੇਂ ਉਹ ਕਹਿੰਦੇ ਹਨ ਕਿ ਇਹ ਅਦਾਲਤੀ ਮਾਮਲਾ ਹੈ, ਪਰ ਜਿਸ ਢੰਗ ਨਾਲ ਬਣਾਈ ਗਈ "ਸਿੱਟ" ਦੀ ਕਾਰਗੁਜ਼ਾਰੀ ਤੇ ਸਵਾਲ ਉਠੇ ਅਤੇ ਉਹਨਾ ਦੇ ਐਡਵੋਕੇਟ ਜਨਰਲ ਆਫ਼ ਪੰਜਾਬ ਵਲੋਂ ਇਸ ਮਸਲੇ ਅਤੇ ਹੋਰ ਮਸਲਿਆਂ ਨਾਲ ਨਿਪਟਿਆ ਗਿਆ, ਉਸ ਨਾਲ ਵੱਡੇ ਸੁਆਲ ਖੜੇ ਹੋਏ। ਇਲਜ਼ਾਮ ਲੱਗੇ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸ਼੍ਰੋਮਣੀ ਅਕਾਲੀ ਦਲ (ਬ) ਅਤੇ ਉਸ ਪਰਿਵਾਰ ਨਾਲ ਰਲੀ ਹੋਈ ਹੈ। ਇਹ ਇਲਜ਼ਾਮ ਤਾਂ ਪ੍ਰਤੱਖ ਲੱਗਿਆ ਕਿ ਪੰਜਾਬ ਵਿੱਚ ਸਿਆਸੀ ਲੋਕ ਨਹੀਂ ਸਗੋਂ ਅਫ਼ਸਰਸ਼ਾਹੀ ਰਾਜ ਕਰਦੀ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਕਿਸੇ ਸਿਆਸੀ ਕਾਰਕੁੰਨ ਜਾਂ ਵਿਧਾਇਕਾਂ ਨੂੰ ਨਹੀਂ ਮਿਲਦੇ ਅਤੇ ਲੋਕਾਂ ਵਿੱਚ ਨਹੀਂ ਵਿਚਰਦੇ। ਇਹ ਵੀ ਇਲਜ਼ਾਮ ਲੱਗਿਆ ਕਿ ਅਕਾਲੀ-ਬਾਜਪਾ ਸਰਕਾਰ ਵੇਲੇ ਜੋ ਮਾਫੀਆ ਸਰਗਰਮ ਸੀ, ਉਹਨੇ 75:25 ਦਾ ਫਾਰਮੂਲਾ ਅਪਨਾ ਕੇ ਆਪਣੇ "ਬੌਸ" ਅਕਾਲੀਆਂ ਤੋਂ ਕਾਂਗਰਸੀਆਂ ਵੱਲ ਬਦਲ ਲਏ ਹਨ। ਦੋਸ਼ ਇਹ ਵੀ ਲੱਗਿਆ ਕਿ ਪ੍ਰਾਈਵੇਟ ਬੱਸ ਕੰਪਨੀਆਂ ਬਿਨ੍ਹਾਂ ਪਰਮਿੱਟ ਪੰਜਾਬ 'ਚ ਸਵਾਰੀਆਂ ਢੋਂਦੀਆਂ ਹਨ ਅਤੇ ਇਹਨਾ 'ਚ ਵੱਡੀ ਗਿਣਤੀ ਬਾਦਲ ਪਰਿਵਾਰ ਦੀਆਂ ਬੱਸਾਂ ਦੀ ਹੈ।

ਇਹੋ ਸਾਰੇ ਮੁੱਦੇ ਭਾਵੇਂ ਪਹਿਲਾਂ ਪੰਜਾਬ ਦੀ ਵਿਰੋਧੀ ਧਿਰ 'ਚ ਬੈਠੀ ਆਮ ਆਦਮੀ ਪਾਰਟੀ ਉਠਾਉਂਦੀ ਰਹੀ ਪਰ ਬਾਅਦ 'ਚ ਨਵਜੋਤ ਸਿੰਘ ਸਿੱਧੂ, ਜੋ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵਿੱਚ ਸਥਾਨਕ ਸਰਕਾਰਾਂ ਮੰਤਰੀ ਬਣਿਆ, ਫਿਰ ਅਸਤੀਫ਼ਾ ਦੇ ਗਿਆ, ਵਲੋਂ ਵੀ ਚੁੱਕੇ ਗਏ। ਉਸ ਨਾਲ ਕਾਂਗਰਸ ਹਾਈ ਕਮਾਂਡ ਦੇ ਆਖਣ 'ਤੇ ਪੰਜਾਬ ਕੈਬਨਿਟ ਦੇ ਮੰਤਰੀ ਅਤੇ ਵਿਧਾਇਕ ਉਦੋਂ ਜੁੜ ਗਏ ਜਦੋਂ ਪੰਜਾਬ ਹਰਿਆਣਾ ਹਾਈਕੋਰਟ ਵਲੋਂ "ਸਿੱਟ" ਦੀ ਕੋਟਕਪੂਰਾ ਗੋਲੀਕਾਂਡ ਨਾਲ ਰਿਪੋਰਟ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਮਾਮਲਾ ਵਧਿਆ। ਕਾਂਗਰਸ ਹਾਈ ਕਾਂਡ ਤੱਕ ਪੁੱਜਿਆ। ਕਾਂਗਰਸੀਆਂ 'ਚ ਖੋਹ-ਖਿੱਚ ਹੋਈ। ਕਲੇਸ਼ ਵਧਿਆ। ਜੋ ਹੁਣ ਤੱਕ ਵੀ ਜਾਰੀ ਹੈ। ਪਰ ਇਸ ਸਭ ਕੁਝ ਨਾਲ ਪੰਜਾਬ ਦੇ ਮਸਲੇ ਹੱਲ ਕਰਨ ਵੱਲ ਕਿੰਨੇ ਕੁ ਸਾਰਥਕ ਯਤਨ ਹੋਣਗੇ? ਕੀ ਇਸ ਨਾਲ ਪੰਜਾਬੀਆਂ ਨੂੰ ਕੋਈ ਰਾਹਤ ਮਿਲੇਗੀ। ਜਾਂ ਕਾਰਪੋਰੇਟੀ ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਕਾਂਗਰਸੀਆਂ ਨੂੰ ਪੰਜਾਬ 'ਚੋਂ ਇੱਕ ਵੇਰ ਫਿਰ ਜਿਤਾਉਣ ਦੀ ਨੀਤੀ ਦੇ ਭੁਲੇਖਿਆਂ 'ਚ ਪੰਜਾਬੀ ਫਸ ਜਾਣਗੇ। ਰਾਜ ਭਾਗ ਉਹਨਾ ਲੋਕਾਂ ਦੇ ਹੱਥ 'ਚ ਮੁੜ ਫਿਰ ਆ ਜਾਏਗਾ, ਜਿਹਨਾ ਦੇ ਹੱਥਾਂ 'ਚ ਪੰਜਾਬ ਸੁਰੱਖਿਅਤ ਨਹੀਂ ਹੈ।

ਪੰਜਾਬ 'ਚ ਮਾਫੀਏ ਦਾ ਰੰਗ ਤਾਂ ਹਰ ਪਾਰਟੀ 'ਚ ਦਿਖਾਈ ਦਿੰਦਾ ਹੀ ਹੈ, ਇਥੋਂ ਦੇ ਸਿਆਤਸਤਦਾਨਾਂ ਦੇ ਅਕਸ ਵੀ ਸਾਫ਼-ਸੁਥਰੇ ਨਹੀਂ ਹਨ। ਜਿਵੇਂ ਦੇਸ਼ ਭਾਰਤ ਉਸ ਪਾਰਟੀ ਦੇ ਹੱਥਾਂ 'ਚ ਸੁਰੱਖਿਅਤ ਨਹੀਂ, ਜਿਸਦੀ ਕੇਂਦਰੀ ਵਜਾਰਤ ਦੇ 42 ਫ਼ੀਸਦੀ ਮੰਤਰੀਆਂ ਉਤੇ ਅਪਰਾਧਿਕ ਮਾਮਲੇ ਦਰਜ਼ ਹਨ, ਉਵੇਂ ਹੀ ਪੰਜਾਬ ਉਹਨਾ ਸਿਆਸਤਾਨਾਂ ਹੱਥ ਸੁਰੱਖਿਅਤ ਨਹੀਂ, ਜਿਥੋਂ ਦੇ 117 ਪੰਜਾਬ ਵਿਧਾਨ ਸਭਾ ਵਿਧਾਇਕਾਂ ਵਿਚੋਂ 27 ਵਿਧਾਇਕਾਂ ਉਤੇ ਅਪਰਾਧਿਕ ਮਾਮਲੇ ਦਰਜ਼ ਹਨ, ਜਿਹਨਾ ਵਿਚੋਂ ਗਿਆਰਾਂ ਉਤੇ ਅਤਿ ਗੰਭੀਰ ਅਪਰਾਧਿਕ ਮਾਮਲੇ ਹਨ। ਉਂਵੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੰਜਾਬ, ਹਰਿਆਣਾ ਨਾਲ ਸਬੰਧਤ 96 ਵਿਧਾਇਕਾਂ, ਸਾਂਸਦਾਂ ਉਤੇ 163 ਮਾਮਲੇ ਦਰਜ਼ ਹਨ। ਇਹਨਾ ਵਿੱਚ ਸੁਖਬੀਰ ਸਿੰਘ ਬਾਦਲ (ਅਕਾਲੀ), ਰਵਨੀਤ ਸਿੰਘ ਬਿੱਟੂ (ਕਾਂਗਰਸ), ਸੁਖਪਾਲ ਖਹਿਰਾ(ਕਾਂਗਰਸ), ਸੁੱਚਾ ਸਿੰਘ ਲੰਗਾਹ, ਸਿਕੰਦਰ ਸਿੰਘ ਮਲੂਕਾ, ਮੋਹਨ ਲਾਲ, ਗੁਲਜ਼ਾਰ ਸਿੰਘ ਰਣੀਕੇ, ਬਿਕਰਮਜੀਤ ਸਿੰਘ ਮਜੀਠੀਆ, ਰਵਿੰਦਰ ਸਿੰਘ ਬ੍ਰਹਮਪੁਰਾ, ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਸ਼ਾਮਲ ਹਨ। ਨਵਜੋਤ ਸਿੰਘ ਸਿੱਧੂ ਉਤੇ ਇੱਕ ਕੇਸ ਹੈ ਜੋ ਸੁਪਰੀਮ ਕੋਰਟ ਵਿੱਚ ਰਵੀਊ ਅਧੀਨ ਲੰਬਿਤ ਹੈ। ਸਭ ਤੋਂ ਵੱਧ ਅਪਰਾਧਿਕ 15 ਮਾਮਲੇ ਸਿਮਰਨਜੀਤ ਸਿੰਘ ਬੈਂਸ ਵਿਧਾਇਕ ਉਤੇ ਹਨ।

ਜਾਪਦਾ ਹੈ ਪੰਜਾਬ ਦੀ ਸਰਕਾਰ ਉਨੀਂਦਰੇ ਤੋਂ ਉੱਠੀ ਹੈ। ਭਲਾ ਹੋਵੇ, ਚਲੋ ਕੁੰਭਕਰਨੀ ਨੀਂਦ ਤਾਂ ਸਰਕਾਰ ਦੀ ਖੁੱਲ੍ਹੀ ਹੈ। ਜਿੰਨਾ ਚਿਰ ਬਚਿਆ ਹੈ, ਪੰਜਾਬ ਹਿਤੈਸ਼ੀ ਫ਼ੈਸਲੇ ਜੇਕਰ ਅਮਰਿੰਦਰ ਸਿੰਘ ਕਰ ਸਕਣ, ਬਿਜਲੀ ਦਾ ਬੋਝ ਪੰਜਾਬੀਆਂ ਸਿਰੋਂ ਲਾਹ ਸਕਣ, ਪੈਟਰੋਲ-ਡੀਜ਼ਲ ਤੋਂ ਐਕਸਾਈਜ਼ ਡਿਊਟੀ ਘਟਾ ਸਕਣ, ਮੁਲਾਜ਼ਮਾਂ, ਬੇਰੁਜ਼ਗਾਰਾਂ ਦੇ ਮਸਲੇ ਹੱਲ ਕਰ ਸਕਣ, ਰੇਤ ਮਾਫੀਏ ਨੂੰ ਠੱਲ ਪਾ ਸਕਣ, ਕਿਸਾਨਾਂ ਦੇ ਹੱਕ ਵਿੱਚ ਅਵਾਜ਼ ਉਠਾ ਸਕਣ ਤਾਂ ਸ਼ਾਇਦ ਪੰਜਾਬ ਦੇ ਲੋਕ ਉਹਨਾ ਨੂੰ ਵੀ,ਅੱਠ-ਨੌਂ ਮਹੀਨੇ ਪੰਜਾਬ ਦੇ ਮੁੱਖ ਮੰਤਰੀ ਰਹੇ ਲਛਮਣ ਸਿੰਘ ਗਿੱਲ ਵਾਂਗਰ ਯਾਦ ਰੱਖਣਗੇ, ਜਿਹਨਾ ਨੇ ਪੰਜਾਬ ਦੇ ਪਿੰਡਾਂ 'ਚ ਸੜਕਾਂ ਦਾ ਜਾਲ ਵਿਛਾ ਦਿੱਤਾ ਸੀ ਅਤੇ ਪੰਜਾਬੀ ਬੋਲੀ ਨੂੰ ਪੰਜਾਬ ਦੇ ਦਫ਼ਤਰਾਂ 'ਚ ਲਾਜ਼ਮੀ ਲਾਗੂ ਕਰਕੇ ਵੱਡਾ ਨਾਮਣਾ ਖੱਟਿਆ ਸੀ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸ਼ਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Gagandeep Jattana
639 742 0203
639 999 1000
Email-gaganjattana0203@gmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਬੈਂਫ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਰਾਹ ਦਰਸਾਵਿਆਂ ਦੀ ਦਸਤਕ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਕਲੱਬ ਕੈਲਗਰੀ ਦੀ ਮੀਟਿੰਗ ਸੈਰ ਸਪਾਟੇ ਵਿੱਚ ਬਦਲ ਗਈ। ਚਿਰਾਂ ਤੋਂ ਕੋਵਿਡ-19 ਦੇ ਅੰਦਰ ਤਾੜੇ ਨਵੇ ਅਤੇ ਪੁਰਾਣੇ ਵਿਦਿਆਰਥੀ ਪਰਿਵਾਰਾਂ ਸਮੇਤ ਪ੍ਰੋਫੈਸਰ ਡਾ. ਬਲਵਿੰਦਰ ਕੌਰ ਬਰਾੜ ਦੀ ਸੰਗਤ ਵਿੱਚ ਹੁੱਬਕੇ ਕੈਲਗਰੀ ਤੋਂ ਬਾਹਰ ਨਿਕਲੇ ਅਤੇ ਬੈਂਫ ਨੇੜਲੀਆਂ ਰਮਣੀਕ ਪਹਾੜੀਆਂ ਦੀ ਬੁੱਕਲ ਵਿਚ ਕੋਸਟਾ ਪੌਂਡਜ਼ ਦੇ ਮਨਮੋਹਕ ਕੁਦਰਤੀ ਨਜ਼ਾਰਿਆਂ ਅੰਦਰ ਜਾ ਟਿਕੇ। ਦੂਰ ਇੱਕ ਨੁਕੀਲੀ ਪਹਾੜੀ ਗੁਰੂ ਗੋਬਿੰਦ ਸਿੰਘ ਭਵਨ ਦਾ ਭੁਲੇਖਾ ਪਾ ਰਹੀ ਸੀ। ਇਹ ਜਗਾ ਖਜਿਆਰ ਦੀ ਖੂਬਸੂਰਤੀ ਦੀ ਯਾਦ ਕਰਵਾਉਂਦੀ ਹੈ। ਝੀਲ ਦਾ ਨਿਰਮਲ ਪਾਣੀ, ਪਹਾੜੀ, ਨੀਮ ਪਹਾੜੀ ਪਗਡੰਡੀਆਂ, ਦਰਖਤਾਂ ਦੇ ਝੁੰਡ, ਛੋਟੀਆਂ- ਵੱਡੀਆਂ ਝਾੜੀਆਂ, ਵੰਨ ਸੁਵੰਨੇ ਜੰਗਲੀ ਫੁੱਲ ਮਨਮੋਹਣਾ ਦ੍ਰਿਸ਼ ਪੇਸ਼ ਕਰ ਰਹੇ ਸਨ। ਇਨ੍ਹਾਂ ਨੂੰ ਵੇਖ ਕੇ ਯੂਨੀਵਰਸਿਟੀ ਅੰਦਰਲੇ ਬੋਟੈਨੀਕਲ ਗਾਰਡਨ ਦੀ ਯਾਦ ਤਾਜ਼ਾ ਹੋ ਗਈ। ਉਸ ਬਾਗ ਦੀਆਂ ਅਜਿਹੀਆਂ ਵਲ-ਵਲੇਵੇਂ ਖਾਂਦੀਆਂ ਪਗਡੰਡੀਆਂ ਉਪਰ ਕਦੇ ਉੱਘੇ ਅਰਥ ਸ਼ਾਸ਼ਤਰੀ, ਭਾਸ਼ਾ ਵਿਗਿਆਨੀ, ਸਾਹਿਤਕਾਰ, ਅਦੀਬ, ਪ੍ਰੋਫੈਸਰ, ਵਾਈਸ ਚਾਂਸਲਰ, ਸ਼ਾਮ ਸਵੇਰੇ ਅਕਸਰ ਗੇੜਾ ਮਾਰਦੇ ਯਾਦ ਆਏ। ਨਾਲ ਹੀ ਇੱਥੇ ਵਿਚਰਨ ਵਾਲੇ ਬਹੁ ਚਰਚਿਤ ਭੂਤਵਾੜੇ ਵਾਲੇ ਸਤਿੰਦਰ ਸਿੰਘ ਨੂਰ, ਗੁਰਭਗਤ ਸਿੰਘ, ਕੁਲਵੰਤ ਗਰੇਵਾਲ, ਹਰਿੰਦਰ ਸਿੰਘ ਮਹਿਬੂਬ, ਦਲੀਪ ਕੌਰ ਟਿਵਾਣਾ, ਹਰਬੰਸ ਸਿੰਘ ਬਰਾੜ, ਸੁਰਜੀਤ ਪਾਤਰ, ਪ੍ਰੋ. ਮੋਹਨ ਸਿੰਘ ਤੋਂ ਇਲਾਵਾ ਸਰਦਾਰਾ ਸਿੰਘ ਜੌਹਲ, ਜਸਪਾਲ ਸਿੰਘ, ਭਗਤ ਸਿੰਘ ਸ਼ੇਰਗਿੱਲ ਹੁਰਾਂ ਨੂੰ ਯਾਦ ਕਰਦਿਆਂ, ਉਨ੍ਹਾਂ ਦੀਆਂ ਗੱਲਾਂ ਕਰਦਿਆਂ ਲੱਗਦਾ ਸੀ ਜਿਵੇਂ ਯੂਨੀਵਰਸਿਟੀ ਵਿੱਚ ਹੀ ਵਿਚਰ ਰਹੇ ਹੋਈਏ। ਦਰਵੇਸ਼ ਹਰਫਨਮੌਲਾ ਹਰਦਿਲਜੀਤ ਸਿੰਘ ਉਰਫ਼ ਲਾਲੀ ਨੂੰ ਵਿਸ਼ੇਸ਼ ਤੌਰ ਤੇ ਯਾਦ ਕੀਤਾ ਗਿਆ। ਭੂਤਵਾੜੇ ਵਾਲਿਆਂ ਵੱਲੋਂ ਡਾ. ਹਰਬੰਸ ਬਰਾੜ ਦੇ ਚੁਬਾਰੇ ਵਿੱਚ ਰਾਸ਼ਨ ਤੇ ਮਾਰਿਆ ਡਾਕਾ ਯਾਦ ਕਰ ਕੇ ਤਾਂ ਸਾਰੇ ਲੋਟ ਪੋਟ ਹੁੰਦੇ ਰਹੇ। ਯੂਨੀਵਰਸਿਟੀ ਦੀ ਪੁਰਾਣੀ ਸ਼ਾਨੋ-ਸ਼ੌਕਤ ਦੀਆਂ ਗੱਲਾਂ ਕਰ ਕੇ ਮਾਣ ਵੀ ਮਹਿਸੂਸ ਹੋਇਆ ਪਰ ਨਾਲ ਹੀ ਅਜੋਕੀ ਮਾਇਕ ਅਤੇ ਅਕਾਦਮਿਕ ਸਥਿਤੀ ਪ੍ਰਤੀ ਝੋਰਾ ਵੀ ਪ੍ਰਗਟ ਕੀਤਾ ਗਿਆ। ਪਹਾੜੀ ਪਗਡੰਡੀਆਂ ਤੇ ਟ੍ਰੈਕਿੰਗ ਦਾ ਵੀ ਮਜ਼ਾ ਲਿਆ। ਬੱਚਿਆਂ ਨੇ ਅੱਡ ਧਮੱਚੜ ਪਾ ਕੇ ਚਾਅ ਲਾਹ ਲਿਆ। ਕਾਵਿ ਟੋਟਕਿਆਂ, ਚੁਟਕਲਿਆਂ ਅਤੇ ਨੋਕਾਂ ਝੋਕਾਂ ਨੇ ਅਕੇਵਾਂ ਤੇ ਥਕੇਵਾਂ ਦੂਰ ਰੱਖਿਆ। ਏਨੇ ਖੁਸ਼ਗਵਾਰ ਮਾਹੌਲ ਸਮੇਂ ਘਰਾਂ ਤੋਂ ਲਿਆਂਦੇ ਪਕਵਾਨ ਖਾਣ ਦਾ ਮਜ਼ਾ ਹੀ ਹੋਰ ਸੀ। ਡਾ. ਬਲਵਿੰਦਰ ਕੌਰ ਬਰਾੜ ਨੇ ਸਿਲਸਿਲਾ ਸਮੇਟਦਿਆਂ ਕਿਹਾ ਕਿ ਘਰਬਾਰ ਅਤੇ ਦੁਨੀਆਂਦਾਰੀ ਦੇ ਝਮੇਲਿਆਂ ਤੋਂ ਦੂਰ ਆ ਕੇ ਕੁਦਰਤੀ ਨਜ਼ਾਰੇ ਮਾਨਣ ਅਤੇ ਯਾਦਾਂ ਸਾਂਝੀਆਂ ਕਰਨ ਦੀ ਮੌਜ-ਮਸਤੀ ਜ਼ਿੰਦਗੀ ਨੂੰ ਨਵਿਆ ਕੇ ਨਵੀਂ ਊਰਜਾ ਬਖ਼ਸ਼ਦੀ ਹੈ ਮਿਲ ਬਹਿ ਕੀ ਸੋਭਾ ਬਰਨ ਨਾ ਸਾਕਿਓ। ਉਸ ਨੇ ਆਉਂਦੇ ਦਿਨਾ ਅੰਦਰ ਆਪਣੀ ਪੁਸਤਕ 'ਮਨ ਦਾ ਕੋਨਾ' ਲੋਕ ਅਰਪਣ ਕਰਨ ਦੇ ਪ੍ਰੋਗਰਾਮ ਬਾਰੇ ਵੀ ਸੂਚਨਾ ਦਿੱਤੀ। ਸੈਰ ਸਪਾਟੇ ਦਾ ਇਹ ਦਿਨ ਯਾਦਾਂ ਵਿਚ ਥਾਂ ਬਣਾ ਗਿਆ।

# ਜਹਾਨੋਂ ਤੁਰ ਗਿਆਂ ਨੂੰ ਯਾਦ ਕੀਤਾ ਗਿਆ ਅਤੇ ਪੰਜ ਮੈਂਬਰਾਂ ਦੇ ਜਨਮ ਦਿਨ ਵੀ ਮਨਾਏ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਸਾਲਾਨਾ ਜਨਰਲ ਮੀਟਿੰਗ ਮੌਂਟਰੀ ਪਾਰਕ ਦੇ ਕਮਿਉਨਿਟੀ ਹਾਲ ਵਿੱਚ ਪ੍ਰਧਾਨ ਸੁਰਿੰਦਰ ਸੇਖੋਂ ਦੀ ਪ੍ਰਧਾਨਗੀ ਹੇਠ ਹੋਈ। ਬੀਤੇ ਸਵਾ ਸਾਲ ਵਿੱਚ ਇਸ ਦੁਨੀਆ ਤੋਂ ਕੂਚ ਕਰ ਗਏ ਤਿੰਨ ਮੈਂਬਰਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਨਿਰਮਲ ਸਿੰਘ ਕੁਲਾਰ (ਖ਼ਜ਼ਾਨਚੀ ) ਨੇ ਫਾਈਨੈਂਸ਼ਲ ਰੀਪੋਰਟ ਮੈਂਬਰਾਂ ਨਾਲ ਸਾਂਝੀ ਕੀਤੀ ਤੇ ਕਮੇਟੀ ਨੂੰ ਭੰਗ ਕਰਕੇ ਮੋਹਿੰਦਰ ਸਿੰਘ ਧਾਲੀਵਾਲ ਨੂੰ ਅੰਤਰਿਮ ਪ੍ਰਧਾਨ ਚੁਣਿਆ ਗਿਆ ਜਿਸ ਦੀ ਪ੍ਰਧਾਨਗੀ ਹੇਠ ਸਰਬ ਸੰਮਤੀ ਨਾਲ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ।

ਪ੍ਰਧਾਨ- ਸੁਰਿੰਦਰ ਸਿੰਘ ਸੇਖੋਂ, ਉੱਪਪ੍ਰਧਾਨ - ਸੁਰਿੰਦਰ ਕੁਮਾਰ ਕਾਲੀਆ, ਖ਼ਜ਼ਾਨਚੀ - ਨਿਰਮਲ ਸਿੰਘ ਕੁਲਾਰ, ਸਕੱਤਰ- ਸੁਰਜੀਤ ਸਿੰਘ ਹੇਅਰ, ਸਹਾਇਕ ਸਕੱਤਰ - ਬੀਰਿੰਦਰ ਸਿੰਘ ਗਿੱਲ, ਡਾਇਰੈਕਟਰ -ਪਰਗਣ ਸਿੰਘ ਰਾਏ, ਡਾਇਰੈਕਟਰ -ਸ਼ਿੰਗਾਰ ਸਿੰਘ ਅਟਕਰ, ਡਾਇਰੈਕਟਰ - ਰਾਮ ਸਿੰਘ ਬਰਾੜ। ਇਸ ਚੋਣ ਤੋਂ ਬਾਅਦ ਜੁਲਾਈ ਵਿੱਚ ਜਨਮੇ ਸੰਸਥਾ ਦੇ ਪੰਜ ਸੀਨੀਅਰ ਮੈਂਬਰਾਂ ਦੇ ਜਨਮ ਦਿਨ ਮਨਾਏ ਗਏ,ਕੇਕ ਕੱਟਿਆ ਗਿਆ। ਚਾਹ ਪਾਣੀ ਆਦਿ ਦਾ ਅਨੰਦ ਮਾਣਨ ਤੇ ਨਵੇਂ ਚੁਣੇ ਅਹੁਦੇਦਾਰਾਂ ਨੂੰ ਮੁਬਾਰਕਾਂ ਦੇਣ ਤੋਂ ਬਾਅਦ 60 ਮੈਂਬਰਾਂ ਦੀ ਸ਼ਿਰਕਤ ਵਾਲੀ ਇਹ ਮੀਟਿੰਗ ਸਮਾਪਤ ਹੋ ਗਈ।

# ਭਾਰਤ ਦੀ ਸਭ ਤੋਂ ਮਹਾਨ ਮਹਿਲਾ ਚਿੱਤਰਕਾਰ, ਅੰਮ੍ਰਿਤਾ ਸ਼ੇਰਗਿੱਲ



ਬਲਰਾਜ ਸਿੰਘ ਸਿੱਧੂ
95011-00062



13 ਜੁਲਾਈ 2021 ਨੂੰ ਅੰਮ੍ਰਿਤਾ ਸ਼ੇਰਗਿੱਲ ਵੱਲੋਂ 1938 ਵਿੱਚ ਬਣਾਈ ਪੇਂਟਿੰਗ 'ਇਨ ਦਾ ਲੇਡੀਜ਼ ਇਨਕਲੋਜ਼ਰ' 37.8 ਕਰੋੜ ਵਿੱਚ ਨਿਲਾਮ ਹੋ ਕੇ ਸੰਸਾਰ ਦੀ ਸਭ ਤੋਂ ਮਹਿੰਗੀ ਵਿਕਣ ਵਾਲੀ ਦੂਸਰੇ ਨੰਬਰ ਦੀ ਕਲਾਕ੍ਰਿਤ ਬਣ ਗਈ ਹੈ। ਇਸ ਤੋਂ ਪਹਿਲਾਂ 8 ਅਕਤੂਬਰ 2015 ਨੂੰ ਅੰਮ੍ਰਿਤਾ ਸ਼ੇਰਗਿੱਲ ਦੀ ਖੁਦ ਦੀ ਬਣਾਈ ਗਈ ਪੇਂਟਿੰਗ ਲੰਡਨ ਦੇ ਸੋਥਬੀ ਨਿਲਾਮ ਘਰ ਵਿੱਚ 17 ਕਰੋੜ ਰੁ. ਦੀ ਵਿਕੀ ਹੈ। ਮਾਰਚ 2015 ਵਿੱਚ ਵੀ ਉਸ ਵੱਲੋਂ ਬਣਾਈ ਗਈ ਇੱਕ ਤਸਵੀਰ ਨਿਊ ਯਾਰਕ ਵਿੱਚ 29 ਕਰੋੜ ਰੁ. ਵਿੱਚ ਵਿਕੀ ਸੀ। ਇਹ ਕਿਸੇ ਵੀ ਭਾਰਤੀ ਔਰਤ ਚਿੱਤਰਕਾਰ ਦੀ ਪੇਂਟਿੰਗ ਦੀ ਕੀਮਤ ਦਾ ਇੱਕ ਰਿਕਾਰਡ ਹੈ। ਅੰਮ੍ਰਿਤਾ ਦੀ ਮੌਤ ਹੋਈ ਨੂੰ 80 ਸਾਲ ਹੋ ਚੁੱਕੇ ਹਨ, ਪਰ ਉਸ ਦੀ ਪ੍ਰਸਿੱਧੀ ਨੂੰ ਕੋਈ ਮਹਿਲਾ ਚਿੱਤਰਕਾਰ ਪਾਰ ਨਹੀਂ ਕਰ ਸਕੀ। ਉਸ ਦਾ ਜਨਮ ਹੰਗਰੀ ਦੀ ਰਾਜਧਾਨੀ ਬੁੱਡਾਪੇਸਟ ਵਿੱਚ 30 ਜਨਵਰੀ 1913 ਨੂੰ ਹੋਇਆ ਸੀ। ਉਸ ਦੇ ਪਿਤਾ ਦਾ ਨਾਮ ਉਮਰਾਉ ਸਿੰਘ ਸ਼ੇਰਗਿੱਲ ਮਜੀਠੀਆ ਅਤੇ ਮਾਤਾ ਦਾ ਨਾਮ ਮੈਰੀ ਐਂਤੀਉਨੇਤ ਗੌਟਜ਼ਮਾਨ ਸੀ ਜੋ ਹੰਗੇਰੀਅਨ ਯਹੂਦੀ ਮੂਲ ਦੀ ਸੀ। ਮੈਰੀ ਮਹਾਰਾਜਾ ਦਲੀਪ ਸਿੰਘ ਦੀ ਬੇਟੀ ਰਾਜਕੁਮਾਰੀ ਬੰਬਾ ਸਦਰਲੈਂਡ ਦੀ ਸਾਥਣ ਦੇ ਰੂਪ ਵਿੱਚ ਭਾਰਤ ਆਈ ਸੀ। ਅੰਮ੍ਰਿਤਾ ਸ਼ੇਰਗਿੱਲ ਦੋ ਭੈਣਾਂ ਸਨ, ਛੋਟੀ ਭੈਣ ਦਾ ਨਾਮ ਇੰਦਰਾ ਸੁੰਦਰਮ ਹੈ। ਉਸ ਦਾ ਬੇਟਾ ਵਿਵਿਅਨ ਸੁੰਦਰਮ ਵੀ ਬਹੁਤ ਮਸ਼ਹੂਰ ਪੇਂਟਰ ਹੈ। ਅੰਮ੍ਰਿਤਾ ਦਾ ਬਚਪਨ ਬੁੱਡਾਪੇਸਟ ਵਿੱਚ ਬੀਤਿਆ ਸੀ। ਉਹ ਪੰਜ ਸਾਲ ਦੀ ਉਮਰ ਵਿੱਚ ਹੀ ਪੇਂਟਿੰਗ ਕਰਨ ਲੱਗ ਪਈ ਸੀ। ਉਸ ਦਾ ਮਾਮਾ ਐਰਵਿਨ ਬਾਕਟੇ ਉਸ ਦਾ ਸਭ ਤੋਂ ਵੱਡਾ ਆਲੋਚਕ ਸੀ ਜਿਸ ਨੇ ਉਸ ਦੀ ਕਲਾ ਨੂੰ ਬਹੁਤ ਨਿਖਾਰਿਆ। 1921 ਵਿੱਚ ਉਸ ਦਾ ਪਰਿਵਾਰ ਭਾਰਤ ਆ ਗਿਆ ਅਤੇ ਸ਼ਿਮਲਾ ਰਹਿਣ ਲੱਗ ਪਿਆ। ਉਸ ਨੇ ਪਿਆਨੋ ਅਤੇ ਵਾਇਲਨ ਵਜਾਉਣੀ ਸਿੱਖਣੀ ਸ਼ੁਰੂ ਕਰ ਦਿੱਤੀ। ਨੌਂ ਸਾਲ ਦੀ ਉਮਰ ਵਿੱਚ ਹੀ ਉਹ ਆਪਣੀ ਭੈਣ ਇੰਦਰਾ ਨਾਲ ਮਿਲ ਕੇ ਸ਼ਿਮਲਾ ਦੇ ਮਸ਼ਹੂਰ ਗੇਟੀ ਥੀਏਟਰ ਵਿੱਚ ਕਨਸਰਟ ਕਰਨ ਅਤੇ ਡਰਾਮਿਆਂ ਵਿੱਚ ਹਿੱਸਾ ਲੈਣ ਲੱਗ ਪਈ ਤੇ ਦਸ ਸਾਲ ਦੀ ਉਮਰ ਵਿੱਚ ਹੀ ਉਸ ਨੇ ਪੇਂਟਿੰਗ ਕਰਨੀ ਸ਼ੁਰੂ ਕਰ ਦਿੱਤੀ। 1924 ਵਿੱਚ ਮੈਰੀ ਅੰਮ੍ਰਿਤਾ ਨੂੰ ਇਟਲੀ ਲੈ ਗਈ ਅਤੇ ਫਲੋਰੈਂਸ ਦੇ ਇੱਕ ਆਰਟ ਸਕੂਲ ਸਾਂਤਾ ਐਨੂਜ਼ਿਆਟਾ ਵਿੱਚ ਦਾਖਲ ਕਰਵਾ ਦਿੱਤਾ ਜਿਥੇ ਉਸ ਨੂੰ ਮਹਾਨ ਇਟਾਲੀਅਨ ਪੇਂਟਰਾਂ ਨੂੰ ਮਿਲਣ ਦਾ ਮੌਕਾ ਮਿਲਿਆ। ਪਰ ਅੰਮ੍ਰਿਤਾ ਦਾ ਉਥੇ ਦਿਲ ਨਾ ਲੱਗਾ ਤੇ ਉਹ ਭਾਰਤ ਪਰਤ ਆਈ ਤੇ 1923 ਵਿੱਚ ਆਪਣੀ ਮਾਤਾ ਨਾਲ ਪੈਰਿਸ ਚਲੀ ਗਈ। ਉਸ ਨੇ ਗਰੈਂਡ ਚਾਉਮੀਰੀ, ਲੂਜ਼ੀਅਨ ਸਾਈਮਨ ਅਤੇ ਈਕੋਲ ਦੈਸ ਬੀਉਕਜ਼ ਆਰਟ ਵਰਗੀਆਂ ਵੱਕਾਰੀ ਕਲਾ ਸੰਸਥਾਵਾਂ ਵਿੱਚ ਟਰੇਨਿੰਗ ਲਈ। ਉਸ ਨੇ ਪੀਅਰੀ ਵਾਲੈਂਟ, ਪਾਲ ਸੇਜ਼ਾਨੇ, ਪਾਲ ਗਾਉਗੁਨ ਅਤੇ ਲੂਜ਼ੀਅਨ ਸਾਈਮਨ ਵਰਗੇ ਮਹਾਨ ਟੀਚਰਾਂ ਕੋਲੋਂ ਗਿਆਨ ਹਾਸਲ ਕੀਤਾ। ਉਸ ਦੇ ਸ਼ੁਰੂਆਤੀ ਚਿੱਤਰਾਂ 'ਤੇ ਯੂਰਪੀ ਪ੍ਰਭਾਵ ਪ੍ਰਤੱਖ ਹੈ। 1932 ਵਿੱਚ ਉਸ ਨੇ ਪੇਂਟਿੰਗ ਯੰਗ ਗਰਲਜ਼ ਤਿਆਰ ਕੀਤੀ ਜੋ ਬਹੁਤ ਮਸ਼ਹੂਰ ਹੋਈ। ਉਹ 1933 ਵਿੱਚ ਕਲਾ ਦੇ ਮਹਾਨ ਸੰਸਥਾਨ ਗਰੈਂਡ ਸੈਲੋਨ ਦੀ ਸਭ ਤੋਂ ਛੋਟੀ ਉਮਰ ਦੀ ਅਤੇ ਪਹਿਲੀ ਏਸ਼ੀਅਨ ਐਸੋਸੀਏਟ ਚੁਣੀ ਗਈ।

1934 ਵਿੱਚ ਜਦੋਂ ਉਹ ਯੂਰਪ ਸੀ ਤਾਂ ਉਸ ਦਾ ਦਿਲ ਉਸ ਨੂੰ ਭਾਰਤ ਪਰਤਣ ਲਈ ਖਿੱਚਣ ਲੱਗਾ। ਉਸ ਨੂੰ ਮਹਿਸੂਸ ਹੁੰਦਾ ਸੀ ਕਿ ਉਸ ਦੀ ਕਿਸਮਤ ਭਾਰਤ ਨਾਲ ਹੀ ਜੁੜੀ ਹੋਈ ਹੈ। ਉਹ ਜਲਦੀ ਹੀ ਭਾਰਤ ਪਰਤ ਆਈ। 1936 ਵਿੱਚ ਇੱਕ ਆਰਟ ਕੁਲੈਕਟਰ ਅਤੇ ਆਲੋਚਕ ਕਾਰਲ ਖਡਾਲਵਾਲਾ ਨੇ ਉਸ ਨੂੰ ਸਮਝਾਇਆ ਕਿ ਉਸ ਨੂੰ ਭਾਰਤੀ ਸ਼ੈਲੀ ਵੱਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਭਾਰਤੀ ਕਲਾ ਦਾ ਖੇਤਰ ਬਹੁਤ ਹੀ ਵਿਸ਼ਾਲ ਅਤੇ ਪੁਰਾਤਨ ਹੈ। ਇਹ ਗੱਲ ਉਸ ਦੇ ਦਿਲ ਵਿੱਚ ਘਰ ਕਰ ਗਈ ਤੇ ਉਹ ਭਾਰਤੀ ਕਲਾ ਵੱਲ ਮੁੜ ਗਈ। ਉਸ ਨੇ ਭਾਰਤੀ ਕਲਾ ਦੀਆਂ ਪੁਰਾਤਨ ਪ੍ਰੰਪਰਾਵਾਂ ਖੋਜਣ ਦਾ ਕਾਰਜ ਸ਼ੁਰੂ ਕਰ ਦਿੱਤਾ ਜੋ ਸਾਰੀ ਉਮਰ ਜਾਰੀ ਰਿਹਾ। ਉਹ ਮੁਗਲਈ, ਪਹਾੜੀ ਅਤੇ ਅਜੰਤਾ ਚਿੱਤਰ ਕਲਾ ਤੋਂ ਬਹੁਤ ਪ੍ਰਭਾਵਿਤ ਹੋਈ। 1937 ਵਿੱਚ ਉਸ ਨੇ ਅਜੰਤਾ ਦੀਆਂ ਗੁਫਾਵਾਂ ਅਤੇ ਦੱਖਣੀ ਭਾਰਤ ਦਾ ਦੌਰਾ ਕੀਤਾ। ਉਸ ਨੇ ਦੱਖਣ ਭਾਰਤੀ ਜੀਵਨ ਬਾਰੇ ਮਸ਼ਹੂਰ ਤਿੰਨ ਚਿੱਤਰ ਤਿਆਰ ਕੀਤੇ। ਇਹਨਾਂ ਚਿੱਤਰਾਂ ਵਿੱਚ ਉਸ ਦੀ ਰੰਗਾਂ ਬਾਰੇ ਸੂਝ ਬੂਝ ਉਜਾਗਰ ਹੁੰਦੀ ਹੈ। ਉਸ ਨੇ ਪਹਿਲੀ ਵਾਰ ਭਾਰਤੀ ਸਮਾਜ ਦੀ ਰੰਗੀਨੀ ਅਤੇ ਅਮੀਰੀ ਪੇਸ਼ ਕੀਤੀ, ਨਹੀਂ ਤਾਂ ਪਹਿਲਾਂ ਭਾਰਤੀਆਂ ਨੂੰ ਹਮੇਸ਼ਾਂ ਭੁੱਖੇ ਨੰਗੇ ਰੂਪ ਵਿੱਚ ਹੀ ਵਿਖਾਇਆ ਜਾਂਦਾ ਸੀ। ਉਸ ਦਾ ਯੂਰਪੀਨ ਕਲਾ ਤੋਂ ਭਾਰਤੀ ਕਲਾ ਵੱਲ ਬਦਲਾਉ ਪੂਰਾ ਹੋ ਗਿਆ ਤੇ ਉਹ ਹਮੇਸ਼ਾਂ ਲਈ ਭਾਰਤੀ ਰੰਗ ਵਿੱਚ ਰੰਗੀ ਗਈ। ਉਸ ਨੇ ਲਿਖਿਆ, ਭਾਰਤ ਮੇਰੇ ਲਈ ਉਹ ਹੈ ਜੋ ਯੂਰਪ ਪਿਕਾਸੋ, ਮਾਟੀਜ਼ ਅਤੇ ਬਰਾਕ ਵਾਸਤੇ ਹੈ। ਮੈਂ ਸਿਰਫ ਭਾਰਤ ਵਿੱਚ ਅਤੇ ਭਾਰਤ ਲਈ ਹੀ ਪੇਂਟ ਕਰ ਸਕਦੀ ਹਾਂ।

ਅੰਮ੍ਰਿਤਾ ਨੇ 1938 ਵਿੱਚ ਹੰਗਰੀ ਨਿਵਾਸੀ ਡਾ. ਵਿਕਟਰ ਇਗਾਨ ਨਾਲ ਵਿਆਹ ਕਰਵਾ ਲਿਆ। ਉਹ ਆਪਣੇ ਪਤੀ ਸਮੇਤ ਭਾਰਤ ਆ ਕੇ ਆਪਣੇ ਪੁਸ਼ਤੈਨੀ ਮਕਾਨ ਸਰਾਇਆ, ਗੋਰਖਪੁਰ, ਯੂ.ਪੀ. ਰਹਿਣ ਲੱਗ ਪਈ। ਇਥੇ ਆ ਕੇ ਉਸ ਨੇ ਸ਼ੁੱਧ ਭਾਰਤੀ ਪੇਂਟਿੰਗ ਸ਼ੁਰੂ ਕੀਤੀ। ਉਸ ਦੀਆਂ ਪੇਂਟਿੰਗਾਂ 'ਤੇ ਰਵਿੰਦਰ ਨਾਥ ਟੈਗੋਰ ਅਤੇ ਅਬਾਨਿੰਦਰਨਾਥ ਦਾ ਬਹੁਤ ਪ੍ਰਭਾਵ ਸੀ। ਸਰਾਇਆ ਰਹਿੰਦੇ ਸਮੇਂ ਉਸ ਨੇ ਭਾਰਤੀ ਪੇਂਡੂ ਕਲਚਰ ਬਾਰੇ ਬਿਹਤਰੀਨ ਪੇਂਟਿੰਗਾਂ ਤਿਆਰ ਕੀਤੀਆਂ। ਭਾਵੇਂ ਉਹ ਬਹੁਤ ਮਸ਼ਹੂਰ ਸੀ, ਫਿਰ ਵੀ ਉਸ ਦੀਆਂ ਪੇਂਟਿੰਗਾਂ ਨੂੰ ਜਿਆਦਾ ਖਰੀਦਾਰ ਨਾ ਮਿਲੇ। ਹੈਦਰਾਬਾਦ ਦੇ ਨਵਾਬ ਅਤੇ ਮੈਸੂਰ ਦੇ ਮਹਾਰਾਜਾ ਨੇ ਉਸ ਦੀਆਂ ਪੇਂਟਿੰਗਾਂ ਖਰੀਦਣ ਤੋਂ ਇਨਕਾਰ ਕਰ ਦਿੱਤਾ। ਅੰਮ੍ਰਿਤਾ ਦਾ ਪਰਿਵਾਰ ਅੰਗਰੇਜ਼ਾਂ ਦਾ ਹਮਾਇਤੀ ਸੀ ਪਰ ਉਹ ਕਾਂਗਰਸ ਦੀ ਹਮਾਇਤ ਕਰਦੀ ਸੀ। ਉਹ ਗਰੀਬਾਂ ਅਤੇ ਸਾਧਨਹੀਨਾਂ ਦੀ ਬਹੁਤ ਵੱਡੀ ਹਮਦਰਦ ਸੀ ਤੇ ਮਹਾਤਮਾ ਗਾਂਧੀ ਦੀ ਜੀਵਾਨ ਸ਼ੈਲੀ ਤੋਂ ਬਹੁਤ ਪ੍ਰਭਾਵਿਤ ਸੀ। ਜਵਾਹਰ ਲਾਲ ਨਹਿਰੂ ਉਸ ਦੇ ਨਿਜੀ ਦੋਸਤ ਸਨ ਤੇ ਕਈ ਵਾਰ ਗੋਰਖਪੁਰ ਉਸ ਦੇ ਘਰ ਆਏ ਸਨ। 1941 ਵਿੱਚ ਅੰਮ੍ਰਿਤਾ ਪਤੀ ਸਮੇਤ ਲਾਹੌਰ ਸ਼ਿਫਟ ਕਰ ਗਈ। ਲਾਹੌਰ ਉਸ ਵੇਲੇ ਪੰਜਾਬ ਦੀ ਸਾਂਸਕ੍ਰਿਤਕ ਅਤੇ ਰਾਜਨੀਤਕ ਰਾਜਧਾਨੀ ਸੀ। ਉਸ ਨੇ 23, ਗੰਗਾ ਰਾਮ ਮੈਨਸ਼ਨ, ਮਾਲ ਰੋਡ ਵਿੱਚ ਆਪਣਾ ਘਰ ਅਤੇ ਸਟੂਡਿਊ ਬਣਾਇਆ।

ਨਵੰਬਰ 1941 ਵਿੱਚ ਉਸ ਨੇ ਲਾਹੌਰ ਵਿੱਚ ਆਪਣੀਆਂ ਪੇਂਟਿੰਗਾਂ ਦੀ ਪਹਿਲੀ ਪ੍ਰਦਰਸ਼ਨੀ ਲਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਲੋਕਾਂ ਵਿੱਚ ਉਸ ਦੀ ਪ੍ਰਦਰਸ਼ਨੀ ਪ੍ਰਤੀ ਭਾਰੀ ਉਤਸ਼ਾਹ ਸੀ। ਪਰ ਕੁਦਰਤ ਨੂੰ ਕੁਝ ਹੋਰ ਹੀ ਮੰਨਜ਼ੂਰ ਸੀ। ਸ਼ੋਅ ਤੋਂ ਕੁਝ ਦਿਨ ਪਹਿਲਾਂ ਹੀ ਉਹ ਬੁਰੀ ਤਰਾਂ ਬਿਮਾਰ ਪੈ ਗਈ ਤੇ 6 ਦਸੰਬਰ 1941 ਨੂੰ 28 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਉਸ ਦੀ ਮੌਤ ਹੋ ਗਈ। ਉਸ ਦੀ ਮੌਤ ਦੇ ਕਾਰਨ ਕਦੇ ਵੀ ਪੂਰੀ ਤਰਾਂ ਪਤਾ ਨਹੀਂ ਚੱਲ ਸਕੇ। ਉਸ ਦੀ ਮਾਤਾ ਨੇ ਇਲਜ਼ਾਮ ਲਗਾਇਆ ਕਿ ਉਸ ਦੇ ਪਤੀ ਵਿਕਟਰ ਨੇ ਉਸ ਦੀ ਹੱਤਿਆ ਕੀਤੀ ਹੈ। ਕੁਦਰਤੀ ਉਸ ਦੀ ਮੌਤ ਵਾਲੇ ਦਿਨ ਇੰਗਲੈਂਡ ਨੇ ਹੰਗਰੀ ਦੇ ਖਿਲਾਫ ਯੁੱਧ ਦਾ ਐਲਾਨ ਕਰ ਦਿੱਤਾ ਤੇ ਕੁਝ ਦਿਨਾਂ ਬਾਅਦ ਵਿਕਟਰ ਨੂੰ ਦੇਸ਼ ਧ੍ਰੋਹ ਅਧੀਨ ਜੇਲ੍ਹ ਭੇਜ ਦਿੱਤਾ ਗਿਆ। 7 ਦਸੰਬਰ 1941 ਨੂੰ ਲਾਹੌਰ ਵਿੱਚ ਅੰਮ੍ਰਿਤਾ ਸ਼ੇਰਗਿੱਲ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਅੰਮ੍ਰਿਤਾ ਸ਼ੇਰਗਿੱਲ ਨੂੰ ਸਨਮਾਨ ਦੇਣ ਲਈ ਭਾਰਤ ਸਰਕਾਰ ਨੇ ਉਸ ਦੀਆਂ ਕ੍ਰਿਤਾਂ ਨੂੰ ਕੌਮੀ ਧਰੋਹਰ ਐਲਾਇਆ ਹੋਇਆ ਹੈ। ਉਸ ਵੱਲੋਂ ਬਣਾਏ 190 ਦੇ ਕਰੀਬ ਚਿੱਤਰਾਂ ਵਿੱਚੋਂ ਜਿਆਦਾਤਰ ਨੈਸ਼ਨਲ ਗੈਲਰੀ ਆਫ ਮਾਡਰਨ ਆਰਟ ਨਵੀਂ ਦਿੱਲੀ ਵਿੱਚ ਪ੍ਰਦਰਸ਼ਿਤ ਹਨ। ਉਸ ਦੀ ਪੇਂਟਿੰਗ 'ਪਹਾੜੀ ਔਰਤਾਂ' 'ਤੇ ਡਾਕ ਵਿਭਾਗ ਨੇ ਡਾਕ ਟਿਕਟ ਜਾਰੀ ਕੀਤੀ ਹੈ। ਉਸ ਦੇ ਨਾਮ 'ਤੇ ਨਵੀਂ ਦਿੱਲੀ ਵਿੱਚ ਅੰਮ੍ਰਿਤਾ ਸ਼ੇਰਗਿੱਲ ਮਾਰਗ ਬਣਿਆ ਹੋਇਆ ਹੈ ਤੇ ਉਸ ਦੇ ਜੀਵਨ 'ਤੇ ਅਨੇਕਾਂ ਡਾਕੂਮੈਂਟਰੀਆਂ, ਫਿਲਮਾਂ, ਨਾਵਲ, ਕਹਾਣੀਆਂ ਅਤੇ ਲੇਖ ਲਿਖੇ ਜਾ ਚੁੱਕੇ ਹਨ। 2006 ਵਿੱਚ ਉਸ ਦੀ ਪੇਂਟਿੰਗ 'ਵਿਲੇਜ਼ ਸੀਨ' 7 ਕਰੋੜ ਦੀ ਵਿਕੀ ਸੀ ਜੋ ਉਸ ਵੇਲੇ ਕਿਸੇ ਵੀ ਭਾਰਤੀ ਪੇਂਟਿੰਗ ਦੇ ਵਿਕਣ ਦਾ ਰਿਕਾਰਡ ਸੀ। ਉਸ ਦੀ ਜੀਵਨ ਕਹਾਣੀ ਆਉਣ ਵਾਲੇ ਕਲਾਕਾਰਾਂ ਲਈ ਹਮੇਸ਼ਾਂ ਵਾਸਤੇ ਇੱਕ ਮਿਸਾਲ ਬਣੀ ਰਹੇਗੀ।

# ਪਿਛਲੇ ਸਾਲਾਂ ਦੇ ਮੁਕਾਬਲੇ ਗਰਮੀ ਵਧਦੀ ਜਾਂਦੀ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਨਵਾਇਰਨਮੈਂਟ ਕੈਨੇਡਾ ਦਾ ਕਹਿਣਾ ਹੈ ਕਿ ਕੈਲਗਰੀ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਤਾਪਮਾਨ ਲਗਾਤਾਰ ਵੱਧ ਦਰਜ ਕੀਤਾ ਜਾ ਰਿਹਾ ਹੈ ਤੇ ਗ਼ਰਮੀ ਦੀ ਤੇਜ਼ ਲਹਿਰ ਮੁੜ ਆ ਸਕਦੀ ਹੈ। ਇਹਨਾ ਦਿਨਾਂ ਵਿੱਚ ਤਾਪਮਾਨ ਮੁੜ 30 ਡਿਗਰੀ ਸੈਲਸਿਅਸ ਪਾਰ ਕਰ ਸਕਦਾ ਹੈ। ਮੌਸਮ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਾਲ ਵੱਧ ਦਬਾਅ ਦੀ ਸਥਿਤੀ ਪਿਛਲੇ ਸਾਲਾਂ ਦੇ ਮੁਕਾਬਲੇ ਵਧੇਰੇ ਲੰਬਾ ਸਮਾਂ ਟਿਕੀ ਰਹੀ ਹੈ ਤੇ ਸਾਰਿਆਂ ਵਾਸਤੇ ਹੈਰਾਨੀ ਦੀ ਗੱਲ ਹੈ। ਆਮ ਤੌਰ 'ਤੇ ਥੰਡਰ-ਸਟੌਰਮ ਨਾਲ ਹਵਾ ਦਾ ਦਬਾਅ ਘਟ ਜਾਂਦਾ ਹੈ ਤੇ ਤਾਪਮਾਨ ਡਿੱਗ ਜਾਂਦਾ ਹੈ ਪਰ ਇਸ ਸਾਲ ਪਿਛਲੇ ਸਾਲਾਂ ਦੇ ਮੁਕਾਬਲੇ ਇਹ ਥੰਡਰ-ਸਟੌਰਮ ਕਿਤੇ ਘੱਟ ਆਏ ਹਨ। ਮੌਸਮ ਮਾਹਿਰਾਂ ਨੇ ਕੈਲਗਰੀ ਦੇ ਨਾਲ-ਨਾਲ ਡਰੱਮਹੈਲਰ, ਬਰੂਕਸ, ਲੈਥਬਰਿਜ, ਮੈਡਿਸਿਨ ਹੈਟ, ਸਾਇਪ੍ਰੈਸ ਹਿਲਜ਼ ਅਤੇ ਕਾਰਡਸਟਨ ਵਿੱਚ ਵੀ ਗ਼ਰਮੀ ਦੀ ਲਹਿਰ ਦੀ ਚੇਤਾਵਨੀ ਜਾਰੀ ਕੀਤੀ ਹੈ। ਇਸ ਸਾਲ ਗ਼ਰਮੀ ਦੇ ਪਿਛਲੇ ਸਾਰੇ ਰਿਕਾਰਡ ਟੁੱਟੇ ਹਨ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਰਿਕਾਰਡ ਮੌਤਾਂ ਵੀ ਹੋਈਆਂ ਹਨ।

# ਰੂਸ ਦੀ ਸਰਕਾਰ ਨੇ ਵਿਰੋਧੀਆਂ ਦੀਆਂ ਸੋਸਲ ਸਾਈਟਾਂ ਬੰਦ ਕਰਵਾਈਆਂ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਦੀ ਸਰਕਾਰ ਨੇ ਵਿਰੋਧੀ ਧਿਰ ਆਗੂ ਅਤੇ ਜੇਲ ਵਿੱਚ ਸੁੱਟੇ ਐਲੈਕਸੇਇ ਨੇਵੈਲਨੀ ਦੀ ਵੈਬਸਾਇਟ 'ਤੇ ਪਾਬੰਦੀ ਲਗਾ ਦਿੱਤੀ ਹੈ। ਉਹਨਾਂ ਦੇ ਸਮਰਥਕਾਂ ਵੱਲੋਂ ਚਲਾਈਆਂ ਜਾਂਦੀਆਂ ਕਈ ਹੋਰ ਵੈਬਸਾਇਟਸ ਵੀ ਬੰਦ ਕਰ ਦਿੱਤੇ ਜਾਣ ਦੀ ਸੂਚਨਾ ਹੈ। ਸਾਲ 2024 ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਵਲਾਦਿਮਿਰ ਪੂਤਿਨ ਦੀ ਜਿੱਤ ਯਕੀਨੀ ਬਣਾਉਣ ਵਾਸਤੇ ਵਿਰੋਧੀ ਧਿਰ ਨੂੰ ਖ਼ਤਮ ਕੀਤਾ ਜਾਣ ਦੇ ਸਿਲਸਿਲੇ ਵਿੱਚ ਇਹ ਕਦਮ ਚੁੱਕਿਆ ਗਿਆ ਮੰਨਿਆ ਜਾ ਰਿਹਾ ਹੈ।

ਪੰਜਾਬ ਅੰਦਰ ਆਪਣੇ ਹੱਕਾਂ ਲਈ ਲੜ ਰਹੇ ਕਿਸਾਨਾਂ ਦੇ ਸੰਘਰਸ਼ ਨੂੰ ਸਹਿਯੋਗ ਦੇਣ ਵਾਸਤੇ ਕੈਲਗਰੀ ਸ਼ਹਿਰ ਦੇ ਪ੍ਰਵਾਸੀ ਪੰਜਾਬੀਆ ਵੱਲੋਂ
ਪ੍ਰੇਰੀਵਿੰਡ ਪਾਰਕ ਕੈਲਗਰੀ ਦੀਆਂ ਗਰਾਉਂਡਾਂ ਵਿੱਚ
ਕਿਸਾਨ ਰੈਲੀ
8 ਅਗਸਤ 2021 ਦਿਨ ਐਤਵਾਰ ਨੂੰ 1 ਤੋਂ 3 ਵਜੇ ਤੱਕ ਕੀਤੀ ਜਾ ਰਹੀ ਹੈ।



ਸਮੂਹ ਸ਼ਹਿਰ ਵਾਸੀਆ ਨੂੰ ਪਹੁੰਚਣ ਦਾ ਖੁੱਲਾ ਸੱਦਾ ਦਿੱਤਾ ਜਾਦਾ ਹੈ।
ਹੋਰ ਜਾਣਕਾਰੀ ਵਾਸਤੇ ਸੰਪਰਕ
403-680-6622 ਇੰਦਰ ਗਰੇਵਾਲ
403-680-8540 ਸਨਦੀਪ ਬਿੰਦ

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ



# ਨਿੰਜਾ ਨਾਲ ਨਜ਼ਰ ਆਵੇਗੀ ਚੰਡੀਗੜ੍ਹ ਦੀ 'ਰਵਲੀਨ ਰੂਪ'



ਸੁਰਜੀਤ ਜੱਸਲ
9814607737



ਪੰਜਾਬੀ ਪਰਦੇ ਦੀਆਂ ਖ਼ੂਬਸੂਰਤ ਅਭਿਨੇਤਰੀਆਂ 'ਚ ਸ਼ਾਮਲ ਹੋ ਰਹੀ ਚੰਡੀਗੜ੍ਹ ਦੀ ਰਵਲੀਨ ਰੂਪ' ਇਕ ਬਹੁਤ ਹੀ ਪ੍ਰਤਿਭਾਸ਼ਾਲੀ ਤੇ ਕਾਬਲ ਅਦਾਕਾਰਾ ਹੈ ਜੋ ਬਹੁਤ ਜਲਦ ਗਾਇਕ ਤੇ ਅਦਾਕਾਰ ਨਿੰਜਾ ਨਾਲ ਪੰਜਾਬੀ ਫ਼ਿਲਮ 'ਰੱਬਾ ਮੈਨੂੰ ਮਾਫ਼ ਕਰੀਂ' ਰਾਹੀਂ ਮੇਨ ਲੀਡ 'ਚ ਨਜ਼ਰ ਆਵੇਗੀ। ਸੋਹਣੇ ਸ਼ਹਿਰ ਚੰਡੀਗੜ੍ਹ ਦੀ ਇਹ ਖ਼ੂਬਸੂਰਤ ਅਦਾਕਾਰਾ ਕਿਸਮਤ ਦੀ ਧਨੀ ਹੈ ਜਿਸਨੂੰ ਪੰਜਾਬੀ ਦੇ ਨਾਲ ਨਾਲ ਬਾਲੀਵੁੱਡ ਵਿੱਚ ਵੀ ਚੰਗੇ ਮੌਕੇ ਮਿਲ ਰਹੇ ਹਨ। ਜ਼ਿਕਰਯੋਗ ਹੈ ਕਿ ਬਾਲੀਵੁੱਡ ਸੁਪਰਸਟਾਰ ਨਿਵਾਜ਼ੁਦੀਨ ਸੱਦੀਕੀ ਨਾਲ ਫ਼ਿਲਮ 'ਸੰਗੀਨ' ਕਰਨਾ ਉਸਦੀ ਇੱਕ ਵੱਡੀ ਪ੍ਰਾਪਤੀ ਹੈ। ਇਸ ਕਾਬਲ ਅਦਾਕਾਰ ਜ਼ੁਬਾਨੋਂ ਰਵਲੀਨ ਰੂਪ ਦੀ ਕਲਾ ਦੀ ਤਾਰੀਫ਼ ਸੁਣਦਿਆਂ ਸਾਰੇ ਸ਼ੰਕੇ ਦੂਰ ਹੋ ਜਾਂਦੇ ਹਨ। ਰਵਲੀਨ ਨੇ ਦੱਸਿਆ ਕਿ ਉਸਨੇ ਦੋਵੇ ਫ਼ਿਲਮਾਂ ਲਈ ਬਹੁਤ ਮੇਹਨਤ ਕੀਤੀ ਹੈ। ਪ੍ਰਕਾਸ਼ ਭਾਰਦਵਾਜ ਵਰਗੇ ਉਸਤਾਦ ਅਦਾਕਾਰ ਕੋਲ ਕਲਾਸਾਂ ਲਾ ਕੇ ਕਲਾ ਦੀਆਂ ਬਾਰੀਕੀਆਂ ਨੂੰ ਸਿੱਖਿਆ ਹੈ। ਇਸ ਸਖ਼ਤ ਮੇਹਨਤ ਸਦਕਾ ਹੀ ਉਸਦੇ ਹਿੱਸੇ ਇਹ ਦੋ ਫ਼ਿਲਮਾਂ ਆਈਆਂ ਹਨ। ਜਿੰਨੀਂ ਖ਼ੁਸ਼ੀ ਉਸਨੂੰ ਬਾਲੀਵੁੱਡ ਫ਼ਿਲਮ 'ਸੰਗੀਨ' ਮਿਲਨ ਨਾਲ ਹੋਈ ਉਸ ਤੋਂ ਕਿਤੇ ਵੱਧ ਆਪਣੀ ਮਾਂ ਬੋਲੀ ਪੰਜਾਬੀ ਲਈ 'ਰੱਬਾ ਮੈਨੂੰ ਮਾਫ਼ ਕਰੀਂ 'ਕਰਕੇ ਹੋਈ। ਉਹ ਹਮੇਸ਼ਾ ਹੀ ਪ੍ਰਮਾਤਮਾ ਦਾ ਸ਼ੁਕਰ ਅਦਾ ਕਰਦੀ ਹੈ।

ਭਾਵੇਂਕਿ ਰਵਲੀਨ ਰੂਪ' ਦਾ ਪਿਛੋਕੜ ਇਲੈਕਟ੍ਰੀਕਲ ਇੰਜਨੀਅਰਿੰਗ ਨਾਲ ਜੁੜਿਆ ਹੋਇਆ ਹੈ, ਜਿਸ ਵਿਚ ਉਸਨੇ ਲੰਦਨ ਤੋਂ ਦੋ ਮਾਸਟਰਜ਼ ਡਿਗਰੀਆਂ ਕੀਤੀਆਂ ਹੋਈਆ ਹਨ ਪਰ ਅਦਾਕਾਰੀ ਵੱਲ ਆਉਣਾ ਉਸਦਾ ਮੁੱਢਲਾ ਸ਼ੌਂਕ ਸੀ ਜੋ ਹੁਣ ਪੂਰਾ ਹੋ ਰਿਹਾ ਹੈ। ਪੜਾਈ ਦੇ ਨਾਲ ਨਾਲ ਥੀਏਟਰ ਕਰਦਿਆਂ ਉਸਨੇ ਆਪਣੀ ਕਲਾ ਨੂੰ ਬਰਕਰਾਰ ਰੱਖਿਆ। ਇਸ ਖੇਤਰ 'ਚ ਅੱਗੇ ਵਧਣ ਲਈ ਉਸਨੂੰ ਪਰਿਵਾਰ ਵਲੋਂ ਪੂਰਾ ਸਹਿਯੋਗ ਮਿਲਿਆ।

ਜਿਕਰਯੋਗ ਹੈ ਕਿ ਉਸਦੀ ਪੰਜਾਬੀ ਫ਼ਿਲਮ 'ਰੱਬਾ ਮੈਨੂੰ ਮਾਫ਼ ਕਰੀਂ ' ਦੀ ਸੂਟਿੰਗ ਅਜੇ ਕੁਝ ਦਿਨ ਪਹਿਲਾਂ ਲੰਦਨ ਦੀਆਂ ਖ਼ੂਬਸੂਰਤ ਲੁਕੇਸ਼ਨਾਂ 'ਤੇ ਮੁਕੰਮਲ ਹੋਈ ਹੈ, ਜੋ ਇਸੇ ਸਾਲ ਰਿਲੀਜ਼ ਹੋਵੇਗੀ। ਇਸ ਫ਼ਿਲਮ ਰਾਹੀਂ ਨਿੰਜਾ ਨਾਲ ਉਸਦੀ ਧਮਾਕੇਦਾਰ ਇੰਟਰੀ ਪੰਜਾਬੀ ਦਰਸਕਾਂ ਦੇ ਦਿਲਾਂ 'ਤੇ ਵੱਖਰੀ ਥਾਂ ਬਣਾਵੇਗੀ। ਯਕੀਨਣ 'ਰਵਲੀਨ ਰੂਪ' ਪੰਜਾਬੀ ਸਿਨਮੇ ਦੀਆਂ ਚਰਚਿਤ ਅਭਿਨੇਤਰੀਆਂ 'ਚ ਬਹੁਤ ਜਲਦ ਵੱਡਾ ਮੁਕਾਮ ਹਾਸਲ ਕਰੇਗੀ।

# ਸਰੀ ਦੇ ਪਾਰਕ ਵਿੱਚ ਬੈਠੀਆਂ ਬਜੁਰਗ ਔਰਤਾਂ ਨੂੰ ਇੱਕ ਸਿਰਫਿਰੇ ਜੋੜੇ ਨੇ ਇੰਡੀਆ ਵਾਪਿਸ ਜਾਣ ਲਈ ਆਖਿਆ

ਸਰੀ (ਪੰਜਾਬੀ ਅਖਬਾਰ ਬਿਊਰੋ) ਕਨੇਡਾ ਭਾਵੇਂ ਬਹੁ ਪੱਖੀ ਸੱਭਿਆਚਾਰਾਂ ਵਾਲਾ ਮੁਲਕ ਜਾਣਿਆ ਜਾਂਦਾ ਹੈ ਪਰ ਬੀਤੀ 28 ਜੁਲਾਈ ਵਾਲੇ ਦਿਨ ਸਰੀ ਦੇ ਐਸਪਨ ਪਾਰਕ ਵਿੱਚ ਪੰਜਾਬੀ ਮੂਲ ਦੀਆਂ ਬਜੁਰਗ ਔਰਤਾਂ ਨਾਲ ਵਾਪਰੀ ਘਟਨਾ ਇਸ ਉੱਪਰ ਸੁਆਲੀਆ ਚਿੰਨ ਲਗਾਉਂਦੀ ਹੈ। ਇਸ ਘਟਨਾ ਵਿੱਚ ਬਜੁਰਗ ਔਰਤਾਂ ਨੂੰ ਇਹ ਸੁਣਨਾ ਪਿਆ ਕਿ ਜਾਓ ਆਪਣੇ ਮੁਲਕ ਇੰਡੀਆ ਵਾਪਿਸ ਚਲੇ ਜਾਓ । ਨਫਰਤ ਦਾ ਟੋਕਰਾ ਸਿਰ ਉੱਪਰ ਚੁੱਕੀ ਫਿਰਦੇ ਨਫਰਤੀ ਟੋਲੇ ਨੇ ਇਸ ਮੌਕੇ ਕੂੜਾ ਕਰਕਟ ਵੀ ਇਹਨਾਂ ਔਰਤਾਂ ਉੱਪਰ ਸੁਟਿਆ । ਪੀੜਤ ਔਰਤਾਂ ਦੇ ਪਰਿਵਾਰ ਵਿੱਚੋਂ ਸਾਹਿਬਾ ਸੰਘਾ ਦਾ ਕਹਿਣਾ ਹੈ ਕਿ ਉਹਨਾਂ ਦੀ ਮਾਤਾ ਅਨੁਸਾਰ ਇਸ ਤਰਾਂ ਲੱਗਦਾ ਸੀ ਕਿ ਉਹ ਨਫਰਤੀ ਜੋੜਾ ਉਹਨਾਂ ਨੂੰ ਮਾਰ ਦੇਣਾ ਚਾਹੁੰਦਾ ਹੈ। ਸਰੀ ਵਿੱਚ ਪੰਜਾਬੀਆਂ ਦੀ ਸੰਘਣੀ ਵਸੋਂ ਹੈ ਅਤੇ ਕਨੇਡਾ ਦੇ ਵਿਕਾਸ ਵਿੱਚ ਪੰਜਾਬੀਆਂ ਦਾ ਬਹੁਤ ਵੱਡਾ ਯੋਗਦਾਨ ਹੈ । ਮੰਗਲਵਾਰ ਵਾਲੇ ਦਿਨ ਇਸੇ ਹੀ ਪਾਰਕ ਵਿੱਚ ਇਸ ਸਬੰਧੀ ਇੱਕ ਰੈਲੀ ਵੀ ਹੋ ਰਹੀ ਹੈ । ਕਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦਾ ਕਹਿਣਾ ਹੈ ਅਸੀਂ ਤੁਸੀਂ ਸਾਰੇ ਮਿਲਕੇ ਇਹਨਾਂ ਨਫਰਤ ਫੈਲਾਉਣ ਵਾਲਿਆਂ ਨੂੰ ਹਾਰ ਦੇ ਸਕਦੇ ਹਾਂ । ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਦਾ ਕਹਿਣਾ ਹੈ ਇਸ ਦੇ ਟਾਕਰੇ ਲਈ ਬਾਹਰ ਖੜ ਮੂਕ ਦਰਸਕ ਬਣਕੇ ਕੰਮ ਨਹੀਂ ਚੱਲਣਾ ਸਗੋਂ ਹਰ ਕਿਸੇ ਨੂੰ ਡਟਣਾ ਪੈਣਾ ਹੈ ।



# 'ਤੁਣਕਾ ਤੁਣਕਾ' ਨਾਲ ਪਰਤੇਗੀ ਸਿਨੇਮਾ ਘਰਾਂ 'ਚ ਰੌਣਕ



ਬਲਜਿੰਦਰ ਉਪਲ
99141-89080

ਪਿਛਲੇ ਕਰੀਬ ਡੇਢ ਸਾਲ ਤੋਂ ਬੰਦ ਪਏ ਸਿਨੇਮੇ ਘਰਾਂ ਵਿੱਚ ਮੁੜ ਤੋਂ ਰੌਣਕ ਪਰਤਣ ਜਾ ਰਹੀ ਹੈ। ਲੌਂਕਡਾਊਨ ਤੋਂ ਬਾਅਦ ਰਿਲੀਜ਼ ਹੋਣ ਵਾਲੀ ਪਹਿਲੀ ਪੰਜਾਬੀ ਫ਼ਿਲਮ ਹੋਵੇਗੀ 'ਤੁਣਕਾ ਤੁਣਕਾ'। 5 ਅਗਸਤ ਨੂੰ ਰਿਲੀਜ਼ ਹੋਣ ਜਾ ਰਹੀ ਇਹ ਫ਼ਿਲਮ ਪੰਜਾਬੀ ਦੀ ਪਹਿਲੀ ਮੌਟੀਵੇਸ਼ਨਲ ਤੇ ਸਪੋਟਸ ਫ਼ਿਲਮ ਹੋਵੇਗੀ। ਆਪਣੀ ਰਿਲੀਜ਼ ਤੋਂ ਪਹਿਲਾਂ ਹੀ ਪੰਜ ਕੌਮੀ ਤੇ ਕੌਮਾਂਤਰੀ ਪੱਧਰ ਦੇ ਫ਼ਿਲਮ ਐਵਾਰਡ ਜਿੱਤ ਚੁੱਕੀ ਇਹ ਫ਼ਿਲਮ ਗਾਇਕ ਹਰਦੀਪ ਗਰੇਵਾਲ ਦੀ ਬਤੌਰ ਹੀਰੋ ਪਹਿਲੀ ਫ਼ਿਲਮ ਹੈ। ਇਸ ਨੂੰ ਪੰਜਾਬੀ ਦੀ ਵੀ ਪਹਿਲੀ ਅਜਿਹੀ ਫ਼ਿਲਮ ਕਿਹਾ ਜਾ ਸਕਦਾ ਹੈ ਜੋ ਤਿੰਨ ਸਾਲਾਂ ਦੇ ਵਿੱਚ ਮੁਕੰਮਲ ਹੋਈ ਹੈ। ਇਸ ਫ਼ਿਲਮ ਲਈ ਹਰਦੀਪ ਗਰੇਵਾਲ ਨੇ ਪਹਿਲਾਂ ਆਪਣਾ 20 ਕਿੱਲੋ ਵਜ਼ਣ ਘਟਾਇਆ ਅਤੇ ਫਿਰ ਵਧਾਇਆ, ਜਿਸ ਕਾਰਨ ਇਸ ਫ਼ਿਲਮ ਦੀ ਸ਼ੂਟਿੰਗ ਤਿੰਨ ਸਾਲਾਂ ਵਿੱਚ ਮੁਕੰਮਲ ਹੋਈ। ਫ਼ਿਲਮ ਦਾ ਟ੍ਰੇਲਰ ਨੂੰ ਹਰ ਪਾਸਿਓਂ ਮਿਲ ਰਹੇ ਸ਼ਾਨਦਾਰ ਹੁੰਗਾਰੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਹਰਦੀਪ ਅਤੇ ਉਸਦੀ ਟੀਮ ਦੀ ਮਿਹਨਤ ਅਜ਼ਾਈ ਨਹੀਂ ਜਾਵੇਗੀ। ਇਸ ਫ਼ਿਲਮ ਵਿੱਚ ਹਰਦੀਪ ਗਰੇਵਾਲ ਦੀ ਹੀਰੋਇਨ ਹਸ਼ਨੀਨ ਚੌਹਾਨ ਹੈ। ਫ਼ਿਲਮ ਵਿੱਚ ਸਰਦਾਰ ਸੋਹੀ, ਬਲਵਿੰਦਰ ਬੁਲੱਟ, ਸ਼ਮੀਪ ਰਣੌਤ, ਲੱਖਾ ਲਹਿਰੀ, ਅੰਤਰ, ਜਗਦੀਪ ਸਰਪੰਚ ਅਤੇ ਅਰਮਾਨ ਨੇ ਅਹਿਮ ਕਿਰਦਾਰ ਅਦਾ ਕੀਤੇ ਹਨ।

'ਹਰਦੀਪ ਗਰੇਵਾਲ ਪ੍ਰੌਡਕਸ਼ਨ' ਦੀ ਪੇਸ਼ਕਸ਼ ਇਸ ਫ਼ਿਲਮ ਦੀ ਕਹਾਣੀ ਜੇ ਡੇਵਿਨ ਦੀ ਲਿਖੀ ਹੈ ਜਦਕਿ ਸਕਰੀਨਪਲੇ ਤੇ ਸੰਵਾਦ ਹਰਦੀਪ ਗਰੇਵਾਲ ਨੇ ਖ਼ੁਦ ਲਿਖੇ ਹਨ। ਨਿਰਦੇਸ਼ਕ ਗੈਰੀ ਖਟਰਾਊ ਦੀ ਨਿਰਦੇਸ਼ਤ ਕੀਤੀ ਇਸ ਫ਼ਿਲਮ ਦੀ ਕਹਾਣੀ ਇਕ ਨੌਜਵਾਨ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੈ ਜੋ ਕੈਂਸਰ ਨੂੰ ਮਾਤ ਦੇ ਕੇ ਮੌਤ 'ਤੇ ਫ਼ਤਿਹ ਪਾਉਂਦਾ ਹੈ। ਹਰਦੀਪ ਗਰੇਵਾਲ ਨੇ ਦੱਸਿਆ ਕਿ ਉਸਨੇ ਹੁਣ ਤੱਕ ਜਿੰਨੇ ਵੀ ਗੀਤ ਗਾਏ ਹਨ ਸਾਰੇ ਹੀ ਮੌਟੀਵੇਸ਼ਨਲ ਗੀਤ ਹਨ ਜੋ ਨੌਜਵਾਨ ਪੀੜ੍ਹੀ ਨੂੰ ਮਿਹਨਤ ਕਰਨ ਅਤੇ ਆਪਣੇ ਬਲਬੂਤੇ 'ਤੇ ਖੜੇ ਹੋਣ ਦੀ ਪ੍ਰੇਰਨਾ ਦਿੰਦੇ ਹਨ। ਉਸ ਦੇ ਗੀਤਾਂ ਵਾਂਗ ਹੀ ਇਹ ਫ਼ਿਲਮ ਵੀ ਦਰਸ਼ਕਾਂ ਦੇ ਦਿਲਾਂ ਨੂੰ ਟੁੰਭੇਗੀ। ਉਸ ਮੁਤਾਬਕ ਇਸ ਫ਼ਿਲਮ ਲਈ ਉਸ ਨੂੰ ਆਪਣੇ ਆਪ ਨੂੰ ਬੇਹੱਦ ਬਦਲਣਾ ਪਿਆ। ਉਸਨੇ ਇਸ ਫ਼ਿਲਮ ਲਈ ਭਾਰ ਘਟਾਉਣ ਦੇ ਨਾਲ ਨਾਲ ਆਪਣੇ ਚਿਹਰੇ ਨੂੰ ਵੀ ਬਦਲਿਆ ਹੈ। ਭਾਰ ਘਟਾਉਣ ਕਾਰਨ ਉਸ ਨੂੰ ਸਰੀਰਿਕ ਤੌਰ 'ਤੇ ਕਈ ਕਸ਼ਟ ਵੀ ਝੱਲਣ ਪਏ, ਪਰ ਉਸਦੇ ਸਿਰ 'ਤੇ ਸਿਰਫ ਕੁਝ ਵੱਖਰਾ ਕਰਨ ਦੀ ਹੀ ਧੁਨ ਸਵਾਰ ਸੀ। ਹਰਦੀਪ ਮੁਤਾਬਕ ਇਹ ਫ਼ਿਲਮ ਉਸ ਨੇ ਬੇਹੱਦ ਵੱਡੇ ਰਿਸਕ ਚੁੱਕ ਕੇ ਬਣਾਈ ਹੈ। ਹੁਣ ਜਦੋਂ ਲੌਕਡਾਊਨ ਕਾਰਨ ਵੱਡੇ ਵੱਡੇ ਸਿਤਾਰੇ ਆਪਣੀਆਂ ਫ਼ਿਲਮਾਂ ਰਿਲੀਜ਼ ਕਰਨ ਦਾ ਹੌਸਲਾ ਨਹੀਂ ਕਰ ਪਾ ਰਹੇ ਅਜਿਹੇ ਦੌਰ ਵਿੱਚ ਇਕ ਨਵੇਂ ਅਦਾਕਾਰ ਤੇ ਨਵੇਂ ਨਿਰਮਾਤਾ ਵੱਲੋਂ ਆਪਣੀ ਫ਼ਿਲਮ ਰਿਲੀਜ਼ ਕਰਨਾ ਵੱਡੇ ਹੌਸਲੇ ਵਾਲਾ ਕੰਮ ਹੈ। ਉਸ ਨੇ ਇਸ ਫ਼ਿਲਮ ਲਈ ਆਪਣੀ ਜ਼ਿੰਦਗੀ ਅਤੇ ਸਭ ਕੁਝ ਦਾਅ 'ਤੇ ਲਗਾ ਦਿੱਤਾ ਹੈ, ਪਰ ਉਸ ਨੂੰ ਪੂਰਨ ਯਕੀਨ ਹੈ ਕਿ ਦਿਲੋਂ ਕੀਤੀ ਗਈ ਮਿਹਨਤ ਕਦੇ ਅਜ਼ਾਈ ਨਹੀਂ ਜਾਂਦੀ। ਫ਼ਿਲਮ ਦੀ ਨਾਇਕਾ ਹਰਸ਼ੀਨ ਚੌਹਾਨ ਮੁਤਾਬਕ ਇਹ ਫ਼ਿਲਮ ਉਸਦੀ ਜ਼ਿੰਦਗੀ ਦੀ ਅਹਿਮ ਫ਼ਿਲਮ ਹੈ। ਮਨੋਰੰਜਨ ਤੇ ਕਾਮੇਡੀ ਫ਼ਿਲਮਾਂ ਨਾਲੋਂ ਹਟਕੇ ਉਸ ਨੂੰ ਪਹਿਲੀ ਵਾਰ ਇਸ ਕਿਸਮ ਦੀ ਸ਼ਾਨਦਾਰ ਤੇ ਪ੍ਰੇਰਣਾਸ੍ਰੋਤ ਫ਼ਿਲਮ ਦਾ ਹਿਸਾ ਬਣਨ ਦਾ ਮੌਕਾ ਮਿਲਿਆ ਹੈ। ਪੰਜਾਬੀ ਸਿਨੇਮੇ ਦੇ ਦਿੱਗਜ ਅਦਾਕਾਰ ਸਰਦਾਰ ਸੋਹੀ ਮੁਤਾਬਕ ਉਸਨੇ ਹਰਦੀਪ ਦੇ ਗੀਤ ਸੁਣੇ ਹਨ ਜੋ ਸਭ ਲਈ ਪ੍ਰੇਰਣਾਸ੍ਰੋਤ ਹਨ। ਉਸਨੂੰ ਜਦੋਂ ਇਸ ਫ਼ਿਲਮ ਦੀ ਪੇਸ਼ਕਸ਼ ਆਈ ਤਾਂ ਉਸਨੇ ਹਰਦੀਪ ਦਾ ਨਾਂ ਸੁਣਦਿਆਂ ਹੀ ਫ਼ਿਲਮ ਲਈ ਹਾਮੀ ਭਰ ਦਿੱਤੀ। ਦਰਸ਼ਕ ਉਸ ਨੂੰ ਇਸ ਫ਼ਿਲਮ ਵਿੱਚ ਇੱਕ ਵੱਖਰੇ ਕਿਰਦਾਰ ਵਿੱਚ ਦੇਖਣਗੇ। ਉਹਨਾਂ ਨੇ ਇਸ ਫ਼ਿਲਮ 'ਚ ਹਰਦੀਪ ਦੇ ਪਿਤਾ ਕਿਰਾਦਰ ਨਿਭਾਇਆ ਹੈ। ਫ਼ਿਲਮ ਦੇ ਨਿਰਦੇਸ਼ਕ ਗੈਰੀ ਮੁਤਾਬਕ ਉਹ ਹਰਦੀਪ ਗਰੇਵਾਲ ਨਾਲ ਲੰਮੇ ਸਮੇਂ ਤੋਂ ਜੁੜਿਆ ਹੋਇਆ ਹੈ। ਉਸ ਨੇ ਹਰਦੀਪ ਦੇ ਕਈ ਮਿਊਜ਼ਿਕ ਵੀਡੀਓ ਵੀ ਡਾਇਰੈਕਟ ਕੀਤੇ ਹਨ। ਉਸਨੇ ਇਹ ਫ਼ਿਲਮ ਬਣਾਈ ਨਹੀਂ ਬਲਕਿ ਤਿੰਨ ਸਾਲ ਹੰਢਾਈ ਹੈ। ਇਸ ਫ਼ਿਲਮ ਲਈ ਹਰਦੀਪ ਨੇ ਜਿੰਨੀ ਮਿਹਨਤ ਕੀਤੀ ਹੈ ਉਹ ਆਪਣੇ ਆਪ ਵਿੱਚ ਇਕ ਇਤਿਹਾਸਕ ਗੱਲ ਹੈ। ਫ਼ਿਲਮ ਦਾ ਟ੍ਰੇਲਰ ਇਸ ਦੀ ਗਵਾਹੀ ਭਰ ਰਿਹਾ ਹੈ। ਫ਼ਿਲਮ ਦੀ ਟੀਮ ਮੁਤਾਬਕ ਇਸ ਫ਼ਿਲਮ ਦਾ ਸੰਗੀਤ ਵੀ ਫ਼ਿਲਮ ਦੀ ਕਹਾਣੀ ਵਾਂਗ ਦਿਲਚਸਪ ਤੇ ਪ੍ਰਭਾਵਸ਼ਾਲੀ ਹੈ। ਇਸ ਫ਼ਿਲਮ ਦੇ ਗੀਤ ਬਾਬਾ ਨਜ਼ਮੀ, ਕੁਲਬੀਰ ਝਿੰਜਰ, ਸੁੱਖੀ ਅਜੀਤਵਾਲ ਤੇ ਹਰਦੀਪ ਗਰੇਵਾਲ ਨੇ ਲਿਖੇ ਹਨ, ਜਿਨ੍ਹਾਂ ਨੂੰ ਆਵਾਜ਼ ਕਨਵਰ ਗਰੇਵਾਲ, ਕੁਲਬੀਰ ਝਿੰਜਰ, ਪ੍ਰਭ ਗਿੱਲ, ਹਿੰਮਤ ਸੰਧੂ, ਅਫ਼ਸਾਨਾ ਖਾਨ ਤੇ ਹਰਦੀਪ ਗਰੇਵਾਲ ਨੇ ਦਿੱਤੀ ਹੈ। ਫ਼ਿਲਮ ਦਾ ਮਿਊਜ਼ਿਕ ਆਰ ਗੁਰੂ ਤੇ ਏ ਪਰੂਫ ਨੇ ਤਿਆਰ ਕੀਤਾ ਹੈ। ਇਸ ਫ਼ਿਲਮ ਦੇ ਨਾ ਸਿਰਫ ਸਿਨੇਮਾਘਰਾਂ 'ਚ ਮੁੜ ਰੌਣਕਾਂ ਪਰਤਣਗੀਆਂ ਬਲਕਿ ਹੋਰ ਨਿਰਮਾਤਾ, ਨਿਰਦੇਸ਼ਕ ਵੀ ਪ੍ਰੇਰਣਾ ਲੈ ਕੇ ਆਪਣੀ ਫ਼ਿਲਮਾਂ ਮੁੜ ਤੋਂ ਲੈ ਕੇ ਹਾਜ਼ਰ ਹੋਣਗੇ।

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ

Call Romi Sidhu For Insurance & Financial Needs
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: • Airline Tickets • Tour Packages • Cruises • Travel Insurance • Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ • ਏਅਰਲਾਈਨਜ਼ ਟਿਕਟ • ਟੂਰ ਪੈਕੇਜ਼ • ਕਰੂਜਜ • ਟਰੈਵਲ ਇੰਸ਼ੋਰੈਂਸ • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets: Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton Junk Removal Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫ਼ੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਗੇਂ ਤੇ ਉਹਨਾਂ ਨੂੰ ਡਿਸਪੋਜ ਕਰਾਗੇਂ !

# ਭਿੰਡੀ ਦੇ ਚਮਤਕਾਰ



ਸੁਖਵਿੰਦਰ ਬਰਾੜ
587 830 2930







**ਲੇਡੀਫਿੰਗਰ, ਭਿੰਡੀ ਦੇ ਗੁਣਾਂ ਬਾਰੇ :-**

1. ਇਸ ਵਿੱਚ ਪੋਟਾਸ਼ੀਅਮ, ਕੈਲਸ਼ੀਅਮ, ਵਿਟਾਮਿਨ ਸੀ, ਬੀ, ਫੋਲਿਕ ਐਸਿਡ, ਬੀਟਾ ਕੈਰੋਟੀਨ ਤੇ ਰੇਸ਼ੇ ਭਰਪੂਰ ਮਾਤਰਾ ਵਿੱਚ ਪਾਏ ਜਾਂਦੇ ਹਨ ।
2. ਲੇਡੀਫਿੰਗਰ ਹਰ ਪਰਕਾਰ ਦੀ ਸੁਗਰ ਬੀਮਾਰੀ ਦਾ ਸਰਵ ਉੱਤਮ ਇਲਾਜ ਹੈ
3. ਹੈਲਥੀ ਲਾਈਫਸਟਾਈਲ ਵਿੱਚ ਪੂਰੀ ਤਰ੍ਹਾਂ ਫਿੱਟ ਹੈ ।
4. ਭਿੰਡੀ ਦਾ ਰਸ ਦਸਤ ਤੁਰੰਤ ਰੋਕ ਕੇ ਰੀਚਾਰਜ ਕਰਦਾ ਹੈ
5. ਭਿੰਡੀ ਅੱਖਾਂ ਦੇ ਹਰ ਰੋਗ ਦੀ ਰੋਕਥਾਮ ਕਰਦੀ ਹੈ ।
6. ਮੋਟਾਪੇ ਲਈ ਤਾਂ ਇਹ ਵਰਦਾਨ ਹੈ ਕਿਉਂਕਿ ਇਸ ਵਿੱਚ ਕੈਲਰੀਜ ਘਟ ਤੇ ਰੇਸ਼ੇ ਭਰਪੂਰ ਹੈ ।
7. ਐਂਟੀ ਆਕਸੀਡੈਂਟ ਚੇਹਰੇ ਤੇ ਨੂਰ ਲਿਆਉਣ ਚ ਪੂਰਾ ਅਸਰ ਦਿਖਾਉਂਦੇ ਹਨ ।
8. ਕੋਲੈਸਟਰੋਲ ਘਟਾਉਂਦੀ ਹੈ ਤੇ ਵਾਧੂ ਸੈਕਸ ਹਾਰਮੋਨ ਸੰਤੁਲਨ ਕਰਦੀ ਹੈ, ਕੈਂਸਰ ਲਈ ਸਹਾਈ ਹੋ ਸਕਦੀ ਹੈ ।
9. ਪੇਟ ਦੇ ਰੋਗਾਂ ਲਈ ਬਹੁਤ ਲਾਹੇਵੰਦ ਹੈ ।
10. ਵਿਟਾਮਿਨ ਸੀ ਇਮੂਅਨ ਸਿਸਟਮ ਨੂੰ ਤਾਕਤਵਰ ਬਣਾਉਂਦਾ ਹੈ ।

ਕਿਵੇਂ ਵਰਤੀਏ : ਸਬਜੀ ਜਿਆਦਾ ਖਾਓ
ਹਰ ਰੋਜ ਲੇਡੀਫਿੰਗਰ ਦਾ ਕਿਸੇ ਨਾ ਕਿਸੇ ਰੂਪ ਵਿੱਚ ਪਰਯੋਗ ਜਰੂਰ ਕਰਨਾ ਨਾ ਭੁੱਲੋ ।
ਇਸ ਦਾ ਰਸ ਕਢ ਕੇ ਪੀਓ

**ਲੇਡੀਫਿੰਗਰ ਵਾਟਰ ਦੀ ਅਜਕਲ ਬਹੁਤ ਕਰੇਜ ਹੈ**

ਵਿਧੀ : ਤਿੰਨ ਚਾਰ ਭਿੰਡੀਆਂ ਲਓ ਉਹਨਾਂ ਵਿੱਚ ਲੰਬੇ ਰੁਖ ਦੋ ਚੀਰੇ ਦਿਓ ਤੇ ਰਾਤ ਭਰ ਲਈ ਇਕ ਗਿਲਾਸ ਪਾਣੀ ਵਿੱਚ ਡਬੋ ਲਵੋ । ਸੁਬਹ ਵੇਲੇ ਭਿੰਡੀਆਂ ਨੂੰ ਚੰਗੀ ਤਰ੍ਹਾਂ ਨਿਚੋੜ ਕੇ ਹਰ ਰੋਜ ਪਾਣੀ ਪੀਓ। ਭਿੰਡੀਆਂ ਸੁੱਟ ਦਿਓ।
ਇਕ ਹਫਤੇ ਬਾਅਦ ਇਸ ਦੇ ਚਮਤਕਾਰ ਦੇਖੋ।
ਸੁਗਰ, ਮੋਟਾਪਾ, ਬੀ ਪੀ, ਕਬਜ, ਦਸਤ ਛੂਮੰਤਰ
ਚੇਹਰੇ ਤੇ ਗਲੋ; ਕਿਲ ਮੁਹਾਸੇ, ਛਾਹੀਆਂ ਗਾਇਬ;
ਫੇਸ਼ੀਅਲ ਤੇ ਪੈਸੇ ਦੀ ਬੱਚਤ ਭਿੰਡੀ ਵਾਟਰ ਲਗਾਓ
ਹੈਲਥ ਟਿਪ: ਭਿੰਡੀਆਂ ਕੱਟਣ ਵੇਲੇ ਉਪਰਲੇ ਇੰਡਜ ( ਬੂੰਡੇ) ਸੰਭਾਲ ਲਵੋ ਤੇ ਭਿੰਡੀ ਵਾਟਰ ਬਨਾਉਣ ਲਈ ਦਸ ਕੁ ਇਕ ਗਿਲਾਸ ਪਾਣੀ ਵਿੱਚ ਡਬੋ ਲਵੋ ਸਾਬਤ ਭਿੰਡੀ ਦੀ ਜਗ੍ਹਾ । ਇਹ ਪੂਰਾ ਅਸਰ ਕਰਨਗੇ । ਭਿੰਡੀਆਂ ਦੇ ਇੰਡਜ ਨੂੰ ਫਰਿੱਜ ਚ ਸੰਭਾਲ ਲਵੋ । ਜਿਆਦਾ ਹੋਵੇ ਤਾਂ ਜਿਪਲੌਕ ਚ ਪਾ ਕੇ ਫਰੀਜ ਕਰ ਸਕਦੇ ਹੋ । ਗਿਆਨ ਚੰਗਾ ਲਗਿਆ ਤਾਂ ਵਧ ਤੋਂ ਵਧ ਸੇਅਰ ਕਰੋ ਆਪਣੇ ਦੋਸਤਾਂ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਦੱਸੋ । ਇਸ ਨੂੰ ਕੰਜੂਸੀ ਨਾ ਸਮਝੋ ਬਲਕਿ ਸਮਝਦਾਰੀ ਹੈ ।

# ਭਾਰਤੀ ਹਾਕੀ ਟੀਮਾਂ ਦੀ ਬੱਲੇ-ਬੱਲੇ



ਪ੍ਰਿੰ. ਸਰਵਣ ਸਿੰਘ





1964 ਦੀ ਟੋਕੀਓ ਓਲੰਪਿਕ ਭਾਰਤੀ ਹਾਕੀ ਟੀਮ ਨੂੰ ਰਾਸ ਆ ਗਈ ਸੀ, ਲੱਗਦੈ ਹੁਣ ਵਾਲੀ ਟੋਕੀਓ ਓਲੰਪਿਕ ਵੀ ਰਾਸ ਆ ਜਾਵੇਗੀ। ਮਰਦਾਂ ਦੀ ਭਾਰਤੀ ਟੀਮ ਦਾ ਕੁਆਟਰ ਫਾਈਨਲ ਵਿਚ ਬਰਤਾਨੀਆ ਨੂੰ 3-1 ਗੋਲਾਂ ਨਾਲ ਹਰਾਉਣਾ ਸ਼ੁਭ ਸੰਕੇਤ ਹੈ ਅਤੇ ਲੜਕੀਆਂ ਦੀ ਭਾਰਤੀ ਟੀਮ ਦਾ ਆਸਟ੍ਰੇਲੀਆ ਨੂੰ 1-0 ਗੋਲ ਨਾਲ ਹਰਾਉਣਾ ਸੋਨੇ ਤੇ ਸੁਹਾਗਾ। ਦੋਹਾਂ ਟੀਮਾਂ ਨੂੰ ਮੁਬਾਰਕਾਂ ਅਤੇ ਸੈਮੀ ਫਾਈਨਲ ਮੈਚ ਜਿੱਤਣ ਲਈ ਸ਼ੁਭ ਦੁਆਵਾਂ! 21 ਅਕਤੂਬਰ 1964 ਦਾ ਦਿਨ ਸੀ। ਮੈਂ ਕਲਕੱਤੇ ਕੈਂਪ ਵਿਚ ਸਾਂ। ਉਦਣ ਟੋਕੀਓ ਵਿਚ ਹਾਕੀ ਦੇ ਸੈਮੀ ਫਾਈਨਲ ਮੈਚ ਭਾਰਤ ਬਨਾਮ ਆਸਟ੍ਰੇਲੀਆ ਦੀ ਰੇਡੀਓ ਕੁਮੈਂਟਰੀ ਸੁਣੀ। ਭਾਰਤ ਨੇ ਉਹ ਮੈਚ 3-1 ਗੋਲਾਂ ਨਾਲ ਜਿੱਤਿਆ। 23 ਅਕਤੂਬਰ ਨੂੰ ਫਾਈਨਲ ਮੈਚ ਭਾਰਤ ਬਨਾਮ ਪਾਕਿਸਤਾਨ ਖੇਡਿਆ ਜਾਣਾ ਸੀ। ਉਸ ਦਿਨ ਮੈਂ ਕਲਕੱਤੇ ਤੋਂ ਦਿੱਲੀ ਨੂੰ ਰੇਲ ਦਾ ਸਫ਼ਰ ਕਰਨਾ ਸੀ। ਇਸ ਲਈ ਨਿੱਕਾ ਟਰਾਂਜ਼ੀਸਟਰ ਖਰੀਦ ਕੇ ਐਕਸਪ੍ਰੈਸ ਮੇਲ ਵਿਚ ਸਵਾਰ ਹੋਇਆ। ਸਫ਼ਰ ਕਰਦਿਆਂ ਟਰਾਂਜ਼ੀਸਟਰ ਕੰਨ ਨਾਲ ਲਾ ਕੇ ਮੈਚ ਦੀ ਕੁਮੈਂਟਰੀ ਸੁਣਦਾ ਗਿਆ। ਉਦੋਂ ਦੀ ਭਾਰਤੀ ਟੀਮ ਵਿਚ ਦੋ ਖਿਡਾਰੀ ਉਹ ਵੀ ਸਨ ਜਿਨ੍ਹਾਂ ਨਾਲ ਮੈਂ 1960 'ਚ ਲੁਧਿਆਣੇ ਕੋਚਿੰਗ ਕੈਂਪ ਲਾ ਚੁੱਕਾ ਸਾਂ। ਭਾਰਤ ਨੇ ਪਾਕਿਸਤਾਨ ਨੂੰ 1-0 ਗੋਲ ਨਾਲ ਹਰਾਇਆ ਤਾਂ ਚਲਦੀ ਗੱਡੀ ਵਿਚ ਹੀ ਭੰਗੜੇ ਪੈਣ ਲੱਗੇ ਤੇ ਆਪਣੀ ਹਾਕੀ ਟੀਮ ਦੀ ਬੱਲੇ-ਬੱਲੇ ਹੋਣ ਲੱਗੀ।

ਉਸ ਟੀਮ ਵਿਚ ਪਿਰਥੀਪਾਲ ਸਿੰਘ, ਗੁਰਬਖ਼ਸ਼ ਸਿੰਘ, ਧਰਮ ਸਿੰਘ, ਚਰਨਜੀਤ ਸਿੰਘ, ਮਹਿੰਦਰ ਲਾਲ, ਜਗਜੀਤ ਸਿੰਘ, ਬਲਬੀਰ ਸਿੰਘ ਕੁਲਾਰ, ਊਧਮ ਸਿੰਘ, ਹਰੀ ਪਾਲ, ਦਰਸ਼ਨ ਸਿੰਘ, ਜੋਗਿੰਦਰ ਸਿੰਘ ਤੇ ਹਰਬਿੰਦਰ ਸਿੰਘ 12 ਪੰਜਾਬੀ ਖਿਡਾਰੀ ਸਨ। ਪਾਕਿਸਤਾਨ ਦੀ ਟੀਮ ਵਿਚ ਵੀ ਏਨੇ ਹੀ ਪੰਜਾਬੀ ਖਿਡਾਰੀ ਸਨ। ਇਹ ਸਮਝ ਲਓ ਕਿ ਓਲੰਪਿਕ ਖੇਡਾਂ ਦਾ ਫਾਈਨਲ ਮੈਚ ਚੜ੍ਹਦੇ ਤੇ ਲਹਿੰਦੇ ਪੰਜਾਬ ਦਰਮਿਆਨ ਸੀ ਜਿਸ ਕਰਕੇ ਖੇਡ ਮੈਦਾਨ ਵਿਚ 'ਲਈਂ ਨੂਰਿਆ, ਦੇਈਂ ਬੀਰਿਆ' ਹੁੰਦੀ ਰਹੀ ਸੀ!

ਹੁਣ ਦੂਜੀ ਵਾਰ ਟੋਕੀਓ ਖੇਡ ਰਹੀ ਭਾਰਤੀ ਟੀਮ ਵਿਚ ਪੰਜਾਬੀ ਖਿਡਾਰੀ ਕਪਤਾਨ ਮਨਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ, ਰੁਪਿੰਦਰਪਾਲ ਸਿੰਘ, ਵਰੁਣ ਕੁਮਾਰ, ਵਿਵੇਕ, ਸਿਮਰਨਜੀਤ ਸਿੰਘ, ਹਾਰਦਿਕ ਸਿੰਘ, ਸ਼ਮਸ਼ੇਰ ਸਿੰਘ, ਦਿਲਪ੍ਰੀਤ ਸਿੰਘ, ਗੁਰਜੰਟ ਸਿੰਘ ਤੇ ਮਨਦੀਪ ਸਿੰਘ ਖੇਡ ਰਹੇ ਹਨ। ਭਾਰਤੀ ਖੇਡ ਦਲ ਦਾ ਝੰਡਾਬਰਦਾਰ ਪੰਜਾਬ ਦਾ ਮਨਪ੍ਰੀਤ ਸਿੰਘ ਸੀ ਜੋ ਪਦਮ ਸ੍ਰੀ ਪਰਗਟ ਸਿੰਘ ਦੇ ਪਿੰਡ ਮਿੱਠਾਪੁਰ ਦਾ ਹੈ ਜਿਥੋਂ ਦੇ ਦੋ ਖਿਡਾਰੀ ਹੋਰ ਵੀ ਹਨ। ਇਕੋ ਪਿੰਡ ਦੇ ਤਿੰਨ ਖਿਡਾਰੀ!

ਇਹ ਹਕੀਕਤ ਹੈ ਕਿ ਭਾਰਤ ਦੀ ਓਲੰਪਿਕ ਖੇਡਾਂ ਵਿਚ ਹੋਂਦ ਹਾਕੀ ਕਰਕੇ ਹੈ ਤੇ ਭਾਰਤੀ ਹਾਕੀ ਦੀ ਹੋਂਦ ਪੰਜਾਬੀ ਖਿਡਾਰੀਆਂ ਕਰਕੇ ਹੈ। ਭਾਰਤ ਨੇ ਹਾਕੀ ਦੇ 8 ਸੋਨੇ 1 ਚਾਂਦੀ ਤੇ 2 ਤਾਂਬੇ ਦੇ ਤਮਗ਼ੇ ਜਿੱਤੇ ਹਨ। ਭਾਰਤ ਵਿਚ ਹਾਕੀ ਦੀ ਖੇਡ ਅੰਗਰੇਜ਼ ਲਿਆਏ ਸਨ। ਚਾਰ ਹਜ਼ਾਰ ਸਾਲ ਪਹਿਲਾਂ ਹਾਕੀ ਵਰਗੀ ਖੇਡ ਮਿਸਰ ਵਿਚ ਖੇਡੀ ਜਾਂਦੀ ਸੀ। ਉਥੋਂ ਇਹ ਯੂਨਾਨ ਗਈ ਤੇ ਰੋਮਨਾਂ 'ਚ ਪ੍ਰਚੱਲਤ ਹੋਈ। ਰੋਮਨਾਂ ਨੇ ਇਹਦਾ ਨਾਂ 'ਪਗਨੇਸ਼ੀਆ' ਰੱਖਿਆ ਤੇ ਉਹ ਇਹਨੂੰ ਯੂਰਪ ਦੇ ਹੋਰਨਾਂ ਮੁਲਕਾਂ ਵਿਚ ਲੈ ਗਏ। ਆਇਰਲੈਂਡ ਵਾਲੇ ਇਸ ਨੂੰ 'ਹਰਲੇ' ਕਹਿਣ ਲੱਗੇ ਤੇ ਸਕਾਟਲੈਂਡ ਵਾਲੇ 'ਸ਼ਿੰਟੀ'। ਫਰਾਂਸ ਵਿੱਚ ਇਸ ਨੂੰ 'ਹੌਕਿਟ' ਕਿਹਾ ਜਾਣ ਲੱਗਾ। ਇੰਗਲੈਂਡ 'ਚ ਪਹਿਲਾਂ ਇਸ ਦਾ ਨਾਂ 'ਕਾਮਕ' ਰੱਖਿਆ ਗਿਆ ਤੇ ਪਿੱਛੋਂ 'ਬੈਂਡੀ'। 'ਹਾਕੀ' ਨਾਂ ਪਹਿਲੀ ਵਾਰ 1838 ਵਿਚ ਵਰਤਿਆ ਗਿਆ।

1908 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ 'ਚ ਹਾਕੀ ਪਹਿਲੀ ਵਾਰ ਖੇਡੀ ਗਈ ਜਿਸ ਦਾ ਗੋਲਡ ਮੈਡਲ ਬਰਤਾਨੀਆ ਨੇ ਜਿੱਤਿਆ। 1920 ਵਿਚ ਐਂਟਵਰਪ ਦੀਆਂ ਓਲੰਪਿਕ ਖੇਡਾਂ 'ਚ ਹਾਕੀ ਦੁਬਾਰਾ ਸ਼ਾਮਲ ਕੀਤੀ ਤਾਂ ਬਰਤਾਨੀਆ ਫਿਰ ਜੇਤੂ ਰਿਹਾ। ਤਦ ਤਕ ਅੰਗਰੇਜ਼ਾਂ ਨੇ ਹਾਕੀ ਭਾਰਤ ਵਿਚ ਵੀ ਪੁਚਾ ਦਿੱਤੀ ਸੀ। ਪੰਜਾਬ ਵਿਚ ਹਾਕੀ ਵਰਗੀ ਖੇਡ ਖਿੱਦੋ ਖੂੰਡੀ ਪਹਿਲਾਂ ਹੀ ਖੇਡੀ ਜਾਂਦੀ ਸੀ ਜਿਸ ਕਰਕੇ ਹਾਕੀ ਪੰਜਾਬੀਆਂ ਵਿਚ ਹਰਮਨ ਪਿਆਰੀ ਹੋ ਗਈ। ਪਹਿਲੀ ਵਾਰ 1928 ਦੀਆਂ ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮ ਨੇ ਭਾਗ ਲਿਆ ਤੇ ਸੋਨੇ ਦਾ ਤਮਗ਼ਾ ਜਿੱਤਿਆ। 1932 ਵਿਚ ਲਾਸ ਏਂਜਲਸ, 1936 'ਚ ਬਰਲਿਨ, 1948 'ਚ ਲੰਡਨ, 1952 'ਚ ਹੈੱਲਸਿੰਕੀ ਤੇ 1956 ਵਿੱਚ ਮੈੱਲਬੌਰਨ ਦੀਆਂ ਓਲੰਪਿਕ ਖੇਡਾਂ 'ਚੋਂ ਭਾਰਤੀ ਹਾਕੀ ਟੀਮ ਲਗਾਤਾਰ ਸੋਨੇ ਦੇ ਤਮਗੇ ਜਿੱਤੀ। ਮੈੱਲਬੌਰਨ ਵਿਚ ਭਾਰਤੀ ਟੀਮ ਨੇ 38 ਗੋਲ ਕੀਤੇ ਪਰ ਆਪਣੇ ਸਿਰ ਇਕ ਵੀ ਗੋਲ ਨਾ ਹੋਣ ਦਿੱਤਾ! 1960 ਵਿਚ ਭਾਰਤੀ ਟੀਮ ਪਾਕਿਸਤਾਨ ਤੋਂ 1-0 ਗੋਲ 'ਤੇ ਹਾਰੀ ਪਰ ਟੋਕੀਓ-1964 'ਚੋਂ ਫਿਰ ਸੋਨੇ ਦਾ ਤਮਗ਼ਾ ਜਿੱਤ ਲਿਆ। ਮਾਸਕੋ ਓਲੰਪਿਕ-1980 'ਚੋਂ ਆਖ਼ਰੀ ਵਾਰ ਸੋਨੇ ਦਾ ਤਮਗ਼ਾ ਹਾਸਲ ਕੀਤਾ। ਉਸ ਪਿਛੋਂ ਚਾਲੀ ਸਾਲ ਭਾਰਤੀ ਹਾਕੀ 'ਚ ਸੋਕਾ ਪਿਆ ਰਿਹਾ। ਹੁਣ ਟੋਕੀਓ ਓਲੰਪਿਕ ਵਿਚ ਮੁੜ ਭਾਗ ਜਾਗੇ ਹਨ ਤੇ 1972 ਤੋਂ ਬਾਅਦ ਭਾਰਤੀ ਟੀਮ ਫਿਰ ਸੈਮੀ ਫਾਈਨਲ ਖੇਡ ਰਹੀ ਹੈ।

3 ਅਗੱਸਤ ਨੂੰ ਸੈਮੀ ਫਾਈਨਲ ਮੈਚ ਭਾਰਤ ਬਨਾਮ ਬੈਲਜੀਅਮ ਅਤੇ ਆਸਟ੍ਰੇਲੀਆ ਬਨਾਮ ਜਰਮਨੀ ਖੇਡੇ ਜਾਣਗੇ। ਚਾਰਾਂ ਵਿਚੋਂ ਕੋਈ ਵੀ ਦੋ ਟੀਮਾਂ ਫਾਈਨਲ ਵਿਚ ਪਹੁੰਚਣ ਦੀ ਸੰਭਾਵਨਾ ਰੱਖਦੀਆਂ ਹਨ। ਹੁਣ ਤਕ ਓਲੰਪਿਕ ਖੇਡਾਂ ਵਿਚੋਂ ਹਾਕੀ ਦੇ ਜਿੱਤੇ ਮੈਡਲਾਂ 'ਤੇ ਝਾਤ ਮਾਰੀਏ ਤਾਂ ਭਾਰਤ ਨੇ 8 ਸੋਨੇ 1 ਚਾਂਦੀ 2 ਤਾਂਬੇ ਦੇ ਤਮਗ਼ੇ, ਜਰਮਨੀ ਨੇ 4+3+4, ਪਾਕਿਸਤਾਨ 3+3+2, ਬਰਤਾਨੀਆ 3+2+2, ਨੀਦਰਲੈਂਡਜ਼ 2+4+3, ਆਸਟ੍ਰੇਲੀਆ 1+3+5 ਅਤੇ ਨਿਊਜ਼ੀਲੈਂਡ ਤੇ ਅਰਜਨਟੀਨਾ ਨੇ 1-1 ਸੋਨ ਤਮਗ਼ਾ ਜਿੱਤਿਆ ਹੈ। ਸਪੇਨ ਨੇ 3 ਚਾਂਦੀ, 1 ਤਾਂਬੇ ਤੇ ਬੈਲਜੀਅਮ ਨੇ 1 ਚਾਂਦੀ ਤੇ 1 ਤਾਂਬੇ ਦੇ ਤਮਗ਼ੇ ਜਿੱਤੇ ਹਨ। ਗਰੇਡਿੰਗ ਅਨੁਸਾਰ ਆਸਟ੍ਰੇਲੀਆ ਤੇ ਬੈਲਜੀਅਮ ਸਰਬੋਤਮ ਟੀਮਾਂ ਮੰਨੀਆਂ ਜਾ ਰਹੀਆਂ ਹਨ। ਭਾਰਤੀ ਟੀਮ ਗਰੇਡ ਪੱਖੋਂ ਚੌਥੇ ਥਾਂ ਹੈ। ਪਰ ਅਜੋਕੀ ਹਾਕੀ ਦਾ ਨਤੀਜਾ ਕੁਝ ਵੀ ਨਿਕਲ ਸਕਦਾ ਹੈ। ਕੁਆਟਰ ਫਾਈਨਲ ਵਿਚ ਬਰਤਾਨੀਆ ਦੀ ਟੀਮ ਨੂੰ ਵਾਰ ਵਾਰ ਪੈਨਲਟੀ ਕਾਰਨਰ ਮਿਲੇ ਪਰ ਉਹ ਇਕੋ ਗੋਲ ਕਰ ਸਕੀ ਜਦ ਕਿ ਭਾਰਤੀ ਟੀਮ ਕੋਈ ਪੈਨਲਟੀ ਕਾਰਨਰ ਨਹੀਂ ਲੈ ਸਕੀ ਫਿਰ ਵੀ ਤਿੰਨ ਫੀਲਡ ਗੋਲ ਕਰ ਕੇ ਮੈਚ ਜਿੱਤ ਲਿਆ।

ਜੇਕਰ 'ਗੋਲ ਕਿੰਗ' ਬਲਬੀਰ ਸਿੰਘ ਜਿਊਂਦਾ ਹੁੰਦਾ ਤਾਂ ਭਾਰਤ ਦੀ ਗ੍ਰੇਟ ਬਰਤਾਨੀਆਂ ਉਤੇ ਹਾਕੀ ਦੀ ਜਿੱਤ ਦੇ ਸਦ ਬਲਿਹਾਰੇ ਜਾਂਦਾ। 1948 ਦੀ ਲੰਡਨ ਓਲੰਪਿਕ ਤੇ 1952 ਦੀ ਹੈਲਸਿੰਕੀ ਓਲੰਪਿਕ ਵਿਚ ਉਸ ਨੇ ਸਭ ਤੋਂ ਵੱਧ ਗੋਲ ਕੀਤੇ ਸਨ। ਹੈਲਸਿੰਕੀ ਦੇ ਫਾਈਨਲ ਮੈਚ ਵਿਚ ਉਸ ਦਾ 5 ਗੋਲ ਕਰਨ ਦਾ ਓਲੰਪਿਕ ਰਿਕਾਰਡ ਹਾਲੇ ਤਕ ਕਾਇਮ ਹੈ। ਟੋਕੀਓ ਵਿਚ ਦਿਲਪ੍ਰੀਤ ਸਿੰਘ, ਗੁਰਜੰਟ ਸਿੰਘ ਤੇ ਹਾਰਦਿਕ ਸਿੰਘ ਦੇ ਫੀਲਡ ਗੋਲਾਂ ਨੇ ਭਾਰਤੀ ਹਾਕੀ ਦਾ ਸ਼ਾਨਾਂਮੱਤਾ ਇਤਿਹਾਸ ਮੁੜ ਦੁਹਰਾਅ ਦਿੱਤਾ ਹੈ ਜਿਸ ਦੀਆਂ ਸਮੁੱਚੀ ਭਾਰਤੀ ਟੀਮ, ਗੋਲਕੀਪਰ ਸ੍ਰੀਜੇਸ਼ ਤੇ ਤਿੰਨੇ ਪੰਜਾਬੀ ਖਿਡਾਰੀਆਂ ਨੂੰ ਲੱਖ ਲੱਖ ਵਧਾਈਆਂ। ਅਜੇ ਵੀ ਪੰਜਾਬੀਆਂ 'ਚ ਕਣ ਹੈ ਜਿਸ ਨੂੰ ਸੰਭਾਲਣ ਤੇ ਉਤਸ਼ਾਹਿਤ ਕਰਨ ਦੀ ਲੋੜ ਹੈ। ਭਾਰਤੀ ਟੀਮ ਗੋਲਡ ਮੈਡਲ ਜਿੱਤ ਜਾਵੇ ਤਾਂ ਹਾਕੀ ਦੇ 11 ਪੰਜਾਬੀ ਖਿਡਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ 25 ਕਰੋੜ ਰੁਪਏ ਤੋਂ ਵੱਧ ਦੇ ਨਕਦ ਇਨਾਮਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਅੱਠ ਗੋਲਡ ਮੈਡਲ ਜਿੱਤਣ ਦੇ ਸੋਕੇ ਪਿਛੋਂ ਭਾਰਤੀ ਟੀਮ ਮੁੜ ਜਿੱਤ ਮੰਚ 'ਤੇ ਚੜ੍ਹਦੀ ਹੈ ਤਾਂ ਹਾਕੀ ਦਾ 'ਗੋਲਡਨ ਹੈਟ ਟ੍ਰਿਕ' ਮਾਰਨ ਵਾਲੇ ਬਲਬੀਰ ਸਿੰਘ ਦੀ ਰੂਹ ਨੂੰ ਵੀ ਸਕੂਨ ਮਿਲੇਗਾ ਜਿਹੜਾ 97 ਸਾਲ ਦੀ ਉਮਰ ਤਕ ਭਾਰਤੀ ਹਾਕੀ ਟੀਮ ਦੀ ਜਿੱਤ ਉਡੀਕਦਾ ਪਿਛਲੇ ਸਾਲ ਚਲਾਣਾ ਕਰ ਗਿਆ। ਕਾਸ਼ ਉਹਦੀ ਅਧੂਰੀ ਰਹਿ ਗਈ ਰੀਝ ਪੂਰੀ ਹੋ ਸਕੇ!

## ਹੁਣ 90 ਹਜਾਰ ਸਾਲਾਨਾ ਆਮਦਨੀ ਵਾਲਿਆਂ ਨੂੰ ਵੀ ਚਾਇਲਡ ਕੇਅਰ ਸਬਸਿਡੀ ਮਿਲੇਗੀ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਚਿਲਡ੍ਰਨ'ਜ਼ ਸਰਵਿਸਿਜ਼ ਮਨਿਸਟਰ ਰਿਬੈਕਾ ਸ਼ੁਲਜ਼ ਨੇ ਐਲਾਨ ਕੀਤਾ ਹੈ ਕਿ ਸੂਬੇ ਦੇ ਜਿਹਨਾਂ ਪਰਿਵਾਰਾਂ ਦੀ ਆਮਦਨੀ 90 ਹਜ਼ਾਰ ਡਾਲਰ ਸਾਲਾਨਾ ਹੈ, ਉਹਨਾਂ ਨੂੰ ਵੀ ਚਾਇਲਡ ਕੇਅਰ ਸਬਸਿਡੀ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਇਹ ਸਬਸਿਡੀ 75 ਹਜ਼ਾਰ ਡਾਲਰ ਸਾਲਾਨਾ ਆਮਦਨੀ ਵਾਲੇ ਪਰਿਵਾਰਾਂ ਨੂੰ ਦਿੱਤੀ ਜਾਂਦੀ ਸੀ। ਮਨਿਸਟਰ ਸ਼ੁਲਜ਼ ਨੇ ਦੱਸਿਆ ਕਿ ਨਵੇਂ ਫੈਸਲੇ ਮਗਰੋਂ 12 ਹਜ਼ਾਰ ਨਵੇਂ ਪਰਿਵਾਰਾਂ ਨੂੰ 125 ਡਾਲਰ ਪ੍ਰਤੀ ਮਹੀਨਾ ਸਬਸਿਡੀ ਮਿਲਣ ਲੱਗੇਗੀ। ਇਹ ਪ੍ਰੋਗਰਾਮ ਪਹਿਲੀ ਸਤੰਬਰ ਤੋਂ ਲਾਗੂ ਹੋ ਰਿਹਾ ਹੈ। ਮਨਿਸਟਰ ਸ਼ੁਲਜ਼ ਨੇ ਦੱਸਿਆ ਕਿ ਜਿਹੜੇ ਪਰਿਵਾਰਾਂ ਦੇ ਬੱਚੇ ਲਾਇਸੈਂਸਡ ਪ੍ਰੀ-ਸਕੂਲਾਂ ਵਿੱਚ ਜਾਣਗੇ ਉਹਨਾਂ ਵਾਸਤੇ ਸਰਕਾਰ ਵੱਲੋਂ ਸਵਾ ਚਾਰ ਮਿਲੀਅਨ ਡਾਲਰ ਦੀ ਰਕਮ ਰੱਖੀ ਜਾ ਰਹੀ ਹੈ। ਇਸ ਤੋਂ ਇਲਾਵਾ 4 ਮਿਲੀਅਨ ਡਾਲਰ ਦੀ ਰਕਮ ਲਾਇਸੈਂਸਡ ਪ੍ਰੀ-ਸਕੂਲਾਂ ਵਿੱਚ ਕੰਮ ਕਰਨ ਵਾਲੇ 1300 ਕਰਮਚਾਰੀਆਂ ਦੀ ਤਨਖਾਹ ਵਾਧੇ ਲਈ 4 ਮਿਲੀਅਨ ਡਾਲਰ ਜਾਰੀ ਕੀਤੇ ਜਾ ਰਹੇ ਹਨ। ਫੈਡਰਲ ਸਰਕਾਰ ਵੱਲੋਂ ਔਫੋਰਡੇਬਲ ਚਾਇਲਡ ਕੇਅਰ ਵਾਸਤੇ ਅਗਲੇ 4 ਸਾਲਾਂ ਲਈ 290 ਮਿਲੀਅਨ ਡਾਲਰ ਜਾਰੀ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਇਸ ਤਹਿਤ 10 ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਚਾਇਲਡ ਡੇਅ-ਕੇਅਰ ਸਹੂਲਤ ਦੇਣ ਦਾ ਟੀਚਾ ਹੈ ਜਿਸ ਵਾਸਤੇ ਫੈਡਰਲ ਸਰਕਾਰ ਨਾਲ ਗੱਲਬਾਤ ਸ਼ੁਰੂ ਹੋ ਗਈ ਹੈ।

## 74 ਸਾਲਾ ਚੌਧਰੀ ਨੂੰ ਪੁਲਿਸ ਵਾਲੇ ਫੂਕਾਂ ਮਾਰਨ ਲਈ ਮਜਬੂਰ ਕਰਦੇ ਰਹੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਨਿਵਾਸੀ 74 ਸਾਲਾ ਕੁਮਕੁਮ ਰੌਇ-ਚੌਧਰੀ ਨੇ ਦੋਸ਼ ਲਗਾਇਆ ਹੈ ਕਿ ਲੰਘੀ 27 ਜੁਲਾਈ ਵਾਲੇ ਦਿਨ ਉਹ ਏਅਰਡਰੀ ਤੋਂ ਵਾਪਸ ਆ ਰਹੀ ਸੀ ਤਾਂ ਆਰ.ਸੀ.ਐਮ.ਪੀ. ਨੇ ਰੁਟੀਨ ਟ੍ਰੈਫਿਕ ਚੈੱਕ-ਸਟੌਪ ਦੌਰਾਨ ਉਸ ਨੂੰ ਜਾਣ-ਬੁਝ ਕੇ ਤੰਗ ਪਰੇਸ਼ਾਨ ਕੀਤਾ ਹੈ। ਰੌਇ-ਚੌਧਰੀ ਦਾ ਕਹਿਣਾ ਹੈ ਕਿ ਉਹ ਆਪਣੀ ਭੈਣ ਨਾਲ ਕਾਰ ਵਿੱਚ ਵਾਪਸ ਆ ਰਹੀ ਸੀ ਤੇ ਪੁਲਿਸ ਨੇ ਬਾਲਜ਼ੈਕ ਨੇੜੇ ਉਸ ਦੀ ਗੱਡੀ ਰੋਕ ਲਈ ਤੇ ਉਸ ਨੂੰ ਬ੍ਰੈਥਾਲਾਇਜ਼ਰ ਲੈਣ ਲਈ ਕਿਹਾ। ਉਸ ਨੇ 17 ਵਾਰ ਕੋਸ਼ਿਸ਼ ਕੀਤੀ ਤੇ ਜਦੋਂ ਉਹ ਸਫ਼ਲ ਨਾ ਹੋ ਸਕੀ ਤਾਂ ਉਸ ਨੂੰ ਆਪਣੇ ਸਰੀਰ ਦੇ ਉਪਰਲੇ ਕੱਪੜੇ ਢਿੱਲੇ ਕਰਨ ਲਈ ਕਿਹਾ। ਕੁਮਕੁਮ ਦਾ ਕਹਿਣਾ ਹੈ ਕਿ ਪੁਲਿਸ ਦਾ ਦੂਜੇ ਲੋਕਾਂ ਦੇ ਸਾਹਮਣੇ ਉਸ ਨੂੰ ਅਜਿਹਾ ਕਹਿਣਾ ਸ਼ਰਮਨਾਕ ਸੀ ਤੇ ਉਸ ਨੂੰ ਆਪਣੀ ਬੇਇਜ਼ਤੀ ਮਹਿਸੂਸ ਹੋਈ ਹੈ। ਉਸ ਨੇ ਦੱਸਿਆ ਕਿ ਉਸ ਨੇ ਕਈ ਵਾਰ ਕਿਹਾ ਕਿ ਨਾ ਉਹ ਸਮੋਕ ਕਰਦੀ ਹੈ ਤੇ ਨਾ ਸ਼ਰਬਾਨੋਸ਼ੀ ਪਰ ਪੁਲਿਸ ਆਪਣੀ ਜ਼ਿਦ 'ਤੇ ਅੜੀ ਰਹੀ। ਆਰ.ਸੀ.ਐਮ.ਪੀ. ਦੇ ਬੁਲਾਰੇ ਦਾ ਕਹਿਣਾ ਹੈ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਰੌਇ-ਚੌਧਰੀ ਦਾ ਕਹਿਣਾ ਹੈ ਕਿ ਸ਼ੈਰਿਫ਼ਸ ਨੇ ਉਸ ਤੱਕ ਪਹੁੰਚ ਕਰਕੇ ਮਾਫੀ ਮੰਗ ਲਈ ਹੈ ਪਰ ਉਹ ਰਸਮੀ ਸ਼ਿਕਾਇਤ ਜ਼ਰੂਰ ਕਰੇਗੀ।

## 17 ਮੰਜਲੀ ਰਿਹਾਇਸ਼ੀ ਬਿਲਡਿੰਗ ਦੀ ਲਿਫਟ ਖਰਾਬ ਹੋਣ ਕਾਰਣ ਉੱਥੇ ਰਹਿਣ ਵਾਲੇ ਲੋਕ ਤੰਗ ਆ ਗਏ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਡਾਊਨ-ਟਾਊਨ ਕੈਲਗਰੀ ਵਿੱਚ ਬੈਲਟਲਾਇਨ ਇਲਾਕੇ ਦੀ ਇੱਕ ਹਾਇ ਰਾਇਜ਼ ਬਿਲਡਿੰਗ ਵਿਚਲੀਆਂ ਦੋਵੇਂ ਲਿਫਟਾਂ ਦੇ ਖ਼ਰਾਬ ਹੋ ਜਾਣ ਕਾਰਨ ਦਰਜਨਾਂ ਲੋਕ ਉੱਪਰ ਫ਼ਸ ਗਏ ਹਨ ਤੇ ਮੋਬਿਲਿਟੀ ਮਾਮਲਿਆਂ ਨਾਲ ਜੂਝਦੇ ਲੋਕਾਂ ਲਈ ਹੇਠਾਂ ਆਉਣਾ ਅਸੰਭਵ ਹੀ ਹੋ ਗਿਆ ਹੈ। 17 ਮੰਜ਼ਿਲਾ ਬਰਕੈਂਨ-ਸ਼ੌਅ ਅਪਾਰਟਮੈਂਟਸ ਦੀ ਇਹ ਬਿਲਡਿੰਗ 13 ਐਵੇਨਿਊ ਅਤੇ 50 ਸਟ੍ਰੀਟ 'ਤੇ ਸਥਿੱਤ ਹੈ। ਜਿਹੜੇ ਲੋਕ ਸਰੀਰਕ ਪੱਖ ਤੋਂ ਮੁਥਾਜ ਹਨ, ਉਹਨਾਂ ਵਾਸਤੇ ਹੇਠਾਂ ਆਉਣਾ, ਮੈਡਿਕਲ ਜ਼ਰੂਰਤਾਂ ਅਤੇ ਰੋਜ਼ਾਨਾ ਲੋੜਾਂ ਦੀਆਂ ਵਸਤਾਂ ਲਈ ਬਾਹਰ ਨਿਕਲਣਾ ਬੰਦ ਹੋ ਗਿਆ ਹੈ। ਕਈ ਵਿਅਕਤੀਆਂ ਨੂੰ ਆਪਣੀ ਦੋ-ਦੋ, ਤਿੰਨ-ਤਿੰਨ ਮੈਡਿਕਲ ਅਪੌਇੰਟਮੈਂਟਾਂ ਰੱਦ ਕਰਨੀਆਂ ਪਈਆਂ ਦੱਸੀਆਂ ਜਾ ਰਹੀਆਂ ਹਨ। ਪ੍ਰੌਪਰਟੀ ਮੈਨੇਜਮੈਂਟ ਕੰਪਨੀ, ਹੋਮਸਟੈਂਡ ਲੈਂਡ ਹੋਲਡਿੰਗਜ਼ ਦਾ ਕਹਿਣਾ ਹੈ ਕਿ ਉਹਨਾਂ ਨੇ ਇਸ ਬਿਲਡਿੰਗ ਵਿੱਚ ਰਹਿਣ ਵਾਲੇ ਸਾਰੇ ਯੂਨਿਟ ਮਾਲਕਾਂ ਦਾ ਅਗਸਤ ਮਹੀਨੇ ਵਾਸਤੇ ਰੈਂਟ ਮਾਫ਼ ਕਰ ਦਿੱਤਾ ਹੈ ਤੇ ਪਹਿਲੀ ਜੁਲਾਈ ਤੋਂ 15 ਦਸੰਬਰ ਤੱਕ 125 ਡੌਲਰਜ਼ ਪ੍ਰਤੀ ਮਹੀਨਾ ਰੈਂਟ ਡਿਸਕਾਊਂਟ ਦੇਣ ਨੂੰ ਕਿਹਾ ਹੈ। ਫ੍ਰੀ ਕੌਫੀ ਅਤੇ ਡੋਨੱਟਸ ਪਹੁੰਚਾਏ ਗਏ ਹਨ ਤੇ ਲੋਕਾਂ ਨੂੰ ਹੇਠਾਂ-ਉੱਪਰ ਲੈਣ-ਲੈਜਾਣ ਲਈ ਸਹਾਇਤਾ ਦਿੱਤੀ ਜਾ ਰਹੀ ਹੈ। ਮੈਡਿਕਲ ਅਤੇ ਗ੍ਰੌਸ਼ਰੀ ਦੀ ਸਪਲਾਇ ਵੀ ਪਹੁੰਚਾਈ ਜਾ ਰਹੀ ਹੈ। ਕੰਪਨੀ ਦਾ ਕਹਿਣਾ ਹੈ ਕਿ ਲਿਫਟਾਂ ਨੂੰ ਜਲਦ ਤੋਂ ਜਲਦ ਠੀਕ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ।

## ਫ਼ਰਿਜਨੋ ਵਿਖੇ ਸਿੱਖ ਚਿੱਤਰਕਾਰ ਪਰਮ ਸਿੰਘ ਵਲੋਂ ਬਣਾਈਆਂ ਸੁੰਦਰ ਤਸਵੀਰਾਂ ਦੀ ਲੱਗੀ ਪ੍ਰਦਰਸ਼ਨੀ



ਫ਼ਰਿਜਨੋ (ਪੰਜਾਬੀ ਅਖਬਾਰ ਬਿਊਰੋ) -ਬੱਚਿਆਂ ਨੂੰ ਆਪਣੇ ਧਰਮ ਅਤੇ ਸੱਭਿਆਚਾਰ ਨਾਲ ਜੋੜਨ ਲਈ ਵਿਦੇਸ਼ੀ ਭਾਈਚਾਰਾ ਹਮੇਸ਼ਾ ਕੋਸ਼ਿਸ਼ 'ਚ ਰਹਿੰਦਾ ਹੈ। ਇਸੇ ਲੜੀ ਅਧੀਨ ਸਮੇਂ-ਸਮੇਂ 'ਤੇ 'ਪੰਜਾਬੀ ਰੇਡੀਓ ਯੂ. ਐੱਸ. ਏ.' ਅਤੇ 'ਪੰਜਾਬੀ ਕਲਚਰਲ ਸੈਂਟਰ ਯੂ. ਐੱਸ. ਏ.' ਵਲੋਂ 8 ਸਾਲ ਤੋਂ 18 ਸਾਲ ਦੇ ਬੱਚਿਆਂ ਲਈ ਆਰਟ ਕੈਂਪ ਲਾਇਆ ਗਿਆ, ਜਿਸ ਵਿੱਚ ਕੈਲਗਰੀ, ਕੈਨੇਡਾ ਤੋਂ ਚਿੱਤਰਕਾਰ ਪਰਮ ਸਿੰਘ ਆਪਣੀਆਂ 18ਵੀਂ ਸਦੀ ਦੇ ਇਤਿਹਾਸ ਨਾਲ ਸਬੰਧਤ ਤਸਵੀਰਾਂ ਸਮੇਤ ਵਿਸੇਸ ਤੌਰ 'ਤੇ ਪਹੁੰਚੇ ਇਸ ਕੈਂਪ 'ਚ ਬੱਚਿਆਂ ਨੂੰ ਸਿੱਖ ਧਰਮ ਦੀ ਇਤਿਹਾਸਕ ਜਾਣਕਾਰੀ ਦਿੱਤੀ ਗਈ ਅਤੇ ਇਤਿਹਾਸ ਨਾਲ ਸਬੰਧਤ ਤਸਵੀਰਾਂ ਦੀ ਪੇਂਟਿੰਗ ਕਰਨਾ ਸਿਖਾਇਆ ਗਿਆ। ਇਸ ਸਮੇਂ ਇੱਕ ਹਫ਼ਤੇ ਲਈ ਚਿੱਤਰਕਾਰ ਪਰਮ ਸਿੰਘ ਦੀਆਂ ਇਤਿਹਾਸਕ ਤਸਵੀਰਾਂ ਦੀ ਪ੍ਰਦਰਸਨੀ ਵੀ ਸਮੁੱਚੇ ਕੈਲੇਫੋਰਨੀਆ ਦੇ ਲੋਕਾਂ ਲਈ ਖਿੱਚ ਦਾ ਕੇਂਦਰ ਰਹੀ। ਇਸ ਸਿੱਖ ਇਤਿਹਾਸ ਨਾਲ ਸਬੰਧਤ ਚਿੱਤਰਕਾਰੀ ਦੀ ਸਮੁੱਚੀ ਪ੍ਰਦਰਸਨੀ ਨੂੰ ਦੇਖਣ ਲਈ ਲੋਕ ਆਪਣੇ ਬੱਚਿਆਂ ਅਤੇ ਪਰਿਵਾਰਾਂ ਸਮੇਤ ਪਹੁੰਚੇ। ਬੱਚਿਆਂ ਦੇ ਆਰਟ ਕੈਂਪ ਦੀ ਸਮਾਪਤੀ 'ਤੇ ਵਿਸ਼ੇਸ਼ ਪ੍ਰੋਗਰਾਮ ਵੀ ਹੋਇਆ। ਇਸ ਸਮੇਂ ਬੱਚਿਆਂ ਵਲੋਂ ਪਰਮ ਸਿੰਘ ਦੀ ਅਗਵਾਈ ਅਧੀਨ ਸਾਂਝੇ ਤੌਰ 'ਤੇ ਬਣਾਈ ਗਈ ਦਰਬਾਰ ਸਾਹਿਬ ( ਸ੍ਰੀ ਹਰਿਮੰਦਰ ਸਾਹਿਬ) ਦੀ ਤਸਵੀਰ ਵੀ ਸਭ ਦੀ ਖਿੱਚ ਦਾ ਕੇਂਦਰ ਰਹੀ, ਜਿਸ ਦਾ ਆਗਾਜ਼ ਸਭ ਨੂੰ 'ਜੀ ਆਇਆਂ ਨੂੰ' ਕਹਿੰਦੇ ਹੋਏ ਰੇਡੀਓ ਹੋਸਟ ਰਾਜਕਰਨਵੀਰ ਸਿੰਘ ਨੇ ਕੀਤਾ। ਉਪਰੰਤ ਬਹੁਤ ਸਾਰੇ ਬੁਲਾਰਿਆਂ ਨੇ ਵਿਚਾਰਾਂ ਦੀ ਸਾਂਝ ਪਾਈ। ਖਾਸ ਤੌਰ 'ਤੇ ਚਿੱਤਰਕਾਰ ਪਰਮ ਸਿੰਘ ਹਾਜ਼ਰੀਨ ਅਤੇ ਬੱਚਿਆਂ ਨੂੰ ਸੰਬੋਧਿਤ ਹੋਏ। ਇਸੇ ਦੌਰਾਨ ਬੱਚਿਆਂ ਨੇ ਵੀ ਆਪਣੇ ਕੈਂਪ ਸਬੰਧੀ ਅਨੁਭਵ ਸਾਂਝੇ ਕੀਤੇ। ਇਸ ਉਪਰਾਲੇ ਲਈ ਹਰਜੋਤ ਸਿੰਘ ਖਾਲਸਾ, ਬਲਵਿੰਦਰ ਕੌਰ ਖਾਲਸਾ, ਪੰਜਾਬੀ ਰੇਡੀਓ ਯੂ. ਐੱਸ. ਏ. ਅਤੇ ਪੰਜਾਬੀ ਕਲਚਰਲ ਸੈਂਟਰ ਯੂ. ਐੱਸ. ਏ. ਦੀ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਅੰਤ 'ਚ ਇਹ ਆਰਟ ਕੈਂਪ ਅਤੇ ਪ੍ਰਦਰਸ਼ਨੀ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਦੇ ਹੋਏ ਅਮਿੱਟ ਪੈੜਾਂ ਛੱਡ ਗਿਆ।

Sikh Day Parade ( Nagar Kirtan )
August 28th, 2021 (11:00 am - 3:00 pm), Sikh Society Regina
Sikh Society Regina invites you to the 4th Annual Sikh Day Parade, a part of Vaisakhi Celebration.
Please join us with your family and friends and celebrate the event promoting Diversity and Inclusion
Highlights:
- Free Vegetarian Food served in the spirit of *Love, Compassion* and *Selfless Service* to All
- Turban Tying Experience
- Gatka (Sikh Martial Arts)
- Information Displays



Sikh Values are Canadian Values
- *Equality*
- *Respect* for All
- Community *Service*
- *Freedom* and *Liberty* for Everyone
- *Social Justice* and Protecting *Human Rights*

Where:
Program begins at Sikh Society Regina, (3905 Princess Dr.) 9:00 am with Parade starting at 11:00 am and proceeding towards Legislative Building and then back to the origin via McCallum Ave. & Montague St.
Food served at 3905 Princess Dr. and Leg. Building.






Contact : Surender S. Grewal 306-596-5153 | Balvir Singh 306-501-7892 | Manmohan S. Khuber 306-550-1253




# ਇਹ ਲੋਕ ਕਦੇ ਵੀ ਯਮਲਾ, ਸਦੀਕ, ਮਾਣਕ, ਛਿੰਦਾ, ਬਾਬੂ ਸਿੰਘ ਮਾਨ, ਚਰਨਜੀਤ ਆਹੂਜਾ ਨਹੀਂ ਬਣ ਸਕਦੇ



ਗੀਤ-ਸੰਗੀਤ ਮੇਰੀ ਰੂਹ ਦੀ ਖ਼ੁਰਾਕ ਐ, ਇਹ ਮੇਰਾ ਨਿੱਜ ਐ, ਜਦੋਂ ਕੋਈ ਗੀਤ ਵਧੀਆ ਲੱਗੇ ਸਭ ਤੋਂ ਪਹਿਲਾਂ ਉਸ ਨੂੰ ਮਾਣਦਾ ਹਾਂ, ਗੀਤ ਨਾਲ ਇਕ ਮਿੱਕ ਹੋ ਜਾਣਾਂ।

ਜੋ ਗੀਤ ਮੇਰੀ ਤੇ ਮੈਂ ਗੀਤ ਦੀ ਰੂਹ ਤੱਕ ਅੱਪੜਣ ਦੀ ਸਮਰੱਥਾ ਰੱਖਦਾ ਹੋਵੇ,ਫੇਰ ਮੈਂ ਉਹਦੇ ਬਾਰੇ ਲਿਖਦਾ ਵੀ ਆਂ , ਉਸਦੇ ਗੀਤਕਾਰ ਬਾਰੇ ਸੰਗੀਤਕਾਰ ਬਾਰੇ ਗਾਇਕ ਬਾਰੇ ਰੱਜ ਕੇ ਲਿਖਦਾਂ ਉਸਦਾ ਗੀਤਕਾਰ ਗਾਇਕ ਸੰਗੀਤਕਾਰ ਦੁਨੀਆਂ ਦੇ ਕਿਸੇ ਕੋਨੇ 'ਚ ਵੀ ਵਸਦਾ ਹੋਵੇ ਜੇ ਉਸਦਾ ਫੋਨ ਨੰਬਰ ਮਿਲ ਜਾਵੇ ਤਾਂ ਪ੍ਰਸ਼ੰਸ਼ਾ ਵੀ ਜ਼ਰੂਰ ਕਰਦਾ ਹਾਂ

ਇਹ ਮੇਰੀ ਰੂਹ ਐ , ਮੈਂ ਉਹੀ ਲਿਖਦਾਂ ਜੋ ਮੈਨੂੰ ਚੰਗਾ ਲੱਗਦੈ, ਮੈ ਕਿਸੇ ਅਖਬਾਰ ਦਾ ਕਾਲਮ ਨਵੀਸ ਨਹੀਂ ਕਿ ਮੈਨੂੰ ਲਿਖਣਾ ਈ ਪੈਣੇ, ਨਾ ਈ ਅਜੇ ਤੱਕ ਮੇਰਾ ਕੋਈ ਯੂ ਟਿਊਬ ਚੈਨਲ ਐ ਕਿ ਮੈਨੂੰ ਪੈਸੇ ਆਉਂਦੇ ਐ ਤੇ ਨਾ ਈ ਕੋਈ ਐਡਾ ਅਮੀਰ ਐ ਕਿ ਜੋ ਮੈਨੂੰ ਖਰੀਦ ਕੇ ਮੈਥੋਂ ਲਿਖਵਾ ਸਕੇ ਜਾਂ ਬੁਲਵਾ ਸਕੇ।

ਉਹ ਕਲਾਕਾਰ ਜਿਹਨਾਂ ਨੂੰ ਪ੍ਰਮਾਤਮਾ ਨੇ ਕਲਾ ਦੇ ਨਾਲ ਇੱਜ਼ਤ ਹਜਮ ਕਰਨ ਦੀ ਤੋਫੀਕ ਵੀ ਬਖਸ਼ੀ ਐ, ਉਹ ਖੁਦ ਮੈਨੂੰ ਫੋਨ ਕਰਕੇ ਧੰਨਵਾਦ ਵੀ ਆਖ ਦੇਂਦੇ ਨੇ।

ਪਰ ਕਈ ਐਸੇ ਵੀ ਹੰਦੇ ਨੇ ਜਿਹਨਾਂ ਬਾਰੇ ਲਿਖਦਾ ਵੀ ਹਾਂ ਪ੍ਰਸੰਸਾ ਵੀ ਕਰਦਾ ਹਾਂ ਤੇ ਫੇਰ ਲੱਭ ਕੇ ਫੋਨ ਤੇ ਵੀ ਹੱਲਾਸ਼ੇਰੀ ਦੇਣੀ ਲੋਚਦਾ ਹਾਂ ਪਰ ਉਹ ਫੋਨ ਈ ਨਹੀਂ ਚੁੱਕਦੇ ।

ਪਤਾ ਕਰਨ ਤੇ ਉਹ ਉੱਤਰ ਦਿੰਦੇ ਹਨ ਕਿ ਮੈਂ ਅਨਨੋਨ ਫੋਨ ਨਹੀਂ ਚੁੱਕਦਾ, ਭਾਵ ਮੈਂ ਆਮ ਲੋਕਾਂ ਦੇ ਫੋਨ ਨਹੀਂ ਚੁੱਕਦਾ।

ਤੇ ਅਕਸਰ ਇਹ ਉਹ ਲੋਕ ਈ ਹੁੰਦੇ ਨੇ ਜੋ ਨਵੇਂ ਨਵੇਂ ਸਟਾਰ ਬਣੇ ਹੁੰਦੇ ਨੇ ਜਿਹਨਾਂ ਦੇ ਅਜੇ ਦੋ-ਚਾਰ ਗੀਤ ਈ ਚੱਲੇ ਹੁੰਦੇ ਨੇ , ਤੇ ਉਹ ਲਿਖਤ ਨੂੰ ਪੜ੍ਹਦੇ ਵੀ ਨੇ ਤੇ ਲਿਖਤ ਦੇ ਥੱਲੇ ਤੁਹਾਡਾ ਕੱਲਾ ਕੱਲਾ ਕੁਮੈਂਟ ਵੀ ਚੈਕ ਕਰਦੇ ਐ ਪਰ ਉਹਦੇ ਤੇ ਉਂਗਲ ਦਾ ਫੁੱਲ ਨੀ ਛੂਹਾਉਂਦੇ।

ਇਹ ਲੋਕ ਕਦੇ ਵੀ ਯਮਲਾ, ਸਦੀਕ, ਮਾਣਕ, ਛਿੰਦਾ, ਬਾਬੂ ਸਿੰਘ ਮਾਨ , ਚਰਨਜੀਤ ਆਹੂਜਾ ਨਹੀਂ ਬਣ ਸਕਦੇ।

ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂਵਾਲੀਆ ਅਕਸਰ ਈ ਆਪਣੇ ਸ਼ਗਿਰਦਾਂ ਨੂੰ ਆਖਿਆ ਕਰਦੇ ਸਨ ਕਿ
" ਕਲਾਕਾਰ ਸਿਰਫ ਤੁਸੀਂ ਉਹ ਦੋ ਘੰਟੇ ਹੋ ਜਦੋਂ ਸਟੇਜ਼ ਉੱਪਰ ਹੋ , ਬਾਕੀ ਦਾ ਸਾਰਾ ਦਿਨ ਤੁਸੀਂ ਕੀ ਹੋ "

ਦਾਤਾ ਇਹਨਾਂ ਨੂੰ ਸੁਮੱਤ ਬਖਸ਼ੇ !

ਅੱਜ ਕੱਲ੍ਹ ਇੱਕ ਲਫਜ਼ ਵਰਤਿਆ ਜਾਂਦਾ ਐ 'ਭਗਤ' ਇਹ ਭਗਤ ਲਫਜ਼ ਜਿਆਦਾ ਤਰ ਸਿਆਸੀ ਪਾਰਟੀਆਂ ਦੇ ਹਮਦਰਦਾਂ ਪਿਆਰਿਆਂ ਲਈ ਵਰਤਿਆ ਜਾਂਦਾ ਐ ।

ਇੱਕ ਦੂਸਰਾ ਲਫਜ਼ ਹੋਰ ਐ 'ਕੱਟੜ ਫੈਨ' ਇਹ ਕੱਟੜ ਫੈਨ ਲਫਜ਼ ਜ਼ਿਆਦਾ ਤਰ ਫਿਲਮੀ ਹਸਤੀਆਂ, ਗਾਇਕ ਕਲਾਕਾਰਾਂ, ਕ੍ਰਿਕਟਰਾਂ ਦੇ ਪ੍ਰੇਮੀਆਂ ਲਈ ਵਰਤਿਆ ਜਾਂਦਾ ਹੈ।

ਜਦੋਂ ਕਦੀ ਮੈਂ ਆਪਣਾ ਸਵੈ-ਮੰਥਣ ਕਰਦਾ ਹਾਂ ਤੇ ਮੈਨੂੰ ਵੀ ਜਾਪਦਾ ਐ ਕਿ ਮੈਂ 'ਭਗਤ' ਜਾਂ ਕੱਟੜ ਫੈਨ ਆਂ ।

ਹੁਣ ਮੈਂ ਸਿਆਸੀ ਆਦਮੀ 'ਤੇ ਨਹੀਂ ਸਿਰਫ ਪੰਜਾਬੀ ਗੀਤਾਂ ਦਾ ਈ ਚਾਸੜੂ ਆਂ, ਜਦੋਂ ਕੋਈ ਚੰਗਾ ਗੀਤ ਮਿਲੇ ਉਹਦੇ ਨਾਲ ਆਪਣੀ ਰੂਹ ਤੱਕ ਖੇਡਦਾ ਹਾਂ ਉਹਦਾ ਗੀਤਕਾਰ ਗਾਇਕ ਕੋਈ ਵੀ ਹੋਵੇ ।

ਪਰ ਜਦੋਂ ਮੈਂ ਆਪਣੀ ਜ਼ਿੰਦਗੀ ਦੇ ਸਫਰ ਬਾਰੇ ਗੱਲ ਕਰਾਂ ਤਾਂ ਜਦੋਂ ਦੀ ਮੇਰੀ ਸੁਰਤ ਸੰਭਾਲੀ ਐ ਦੁਨੀਆਂ ਵਿੱਚ ਇੱਕੋ ਈ ਸ਼ਖਸ਼ ਐ ਜੀਹਦੇ ਗੀਤ ਲਗਾਤਾਰ ਮੇਰੀ ਰੂਹ ਦੀ ਖੁਰਾਕ ਹਨ ।

ਉਸ ਸ਼ਖਸ਼ ਦਾ ਨਾਮ ਹੈ 'ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ' ਜਦੋਂ ਵੀ ਕਦੇ ਜ਼ਿੰਦਗੀ ਨੀਰਸ ਜਿਹੀ ਹੋ ਜਾਂਦੀ ਐ ਤਾਂ ਮਾਨ ਸਾਹਿਬ ਦੀ ਕੋਈ ਐਸੀ ਗੱਲ ਮਿਲ ਜਾਂਦੀ ਐ ਜੀਹਦੇ ਨਾਲ ਰੂਹ ਫੇਰ ਖਿੜ ਜਾਂਦੀ ਐ ।

ਇਹ ਨਹੀਂ ਕਿ ਹੋਰ ਗੀਤਕਾਰ ਵਧੀਆ ਨਹੀਂ ਲਿਖਦੇ , ਬਹੁਤ ਵਧੀਆ ਲਿਖਦੇ ਹਨ, ਇਹ ਵੀ ਨਹੀਂ ਕਿ ਮਾਨ ਸਾਹਿਬ ਦੇ ਸਾਰੇ ਹੀ ਗੀਤ ਮੈਨੂੰ ਬਹੁਤ ਵਧੀਆ ਲੱਗਦੇ ਨੇ ਪਰ ਐਡੇ ਲੰਮੇ ਸਮੇਂ ਤੋਂ ਝਰਨੇ ਵਾਂਗੂੰ ਲਗਾਤਾਰ ਵਹਿਣਾ ਬਾਬੂ ਸਿੰਘ ਮਾਨ ਦੇ ਈ ਹਿੱਸੇ ਆਇਆ ਐ ।

ਉੱਥੇ ਭਾਵੇਂ ਮਹੁੰਮਦ ਸਦੀਕ ਹੋਵੇ ਭਾਵੇਂ ਕਰਮਜੀਤ ਧੂਰੀ, ਭਾਵੇਂ ਹਰਚਰਨ ਗਰੇਵਾਲ, ਭਾਵੇਂ ਦਿਲਸ਼ਾਦ ਅਖਤਰ 'ਤੇ ਭਾਵੇਂ ਹਰਭਜਨ ਮਾਨ । ਜਦੋਂ ਕੋਈ ਮੈਂ ਮਾਨ ਦੇ ਗੀਤਾਂ ਨੂੰ ਭਿੱਜ ਕੇ ਗਾਉਂਦੈ ਤਾਂ ਰੂਹ ਨਸ਼ਿਆ ਜਾਂਦੀ ਐ ।

ਇਹ ਗੱਲ ਮੈਨੂੰ ਤਾਂ ਲਿਖਣੀ ਪਈ ਕਿਉਂਕਿ ਇੱਕ ਦੋ ਸੱਜਣਾ ਨੇ ਕਿਹਾ ਕਿ ਬਾਂਸਲ ਤਾਂ 'ਮਾਨ ਭਗਤ' ਐ। ਅਸਲ ਵਿੱਚ ਮੈਂ ਭਗਤ ਕਿਸੇ ਦਾ ਨਹੀਂ ਮੈਂ ਤਾਂ ਆਪਣੀ ਰੂਹ ਦਾ ਭਗਤ ਆਂ, ਬੀਤੇ ਦਿਨੀ ਮਾਨ ਸਾਹਿਬ ਨੇ ਇੱਕ ਵਧਾਈਆਂ ਨਾਂ ਦਾ ਗੀਤ ਸੁਣਾਇਆ ਜੀਹਦਾ ਨਸ਼ਾ ਮੈਨੂੰ ਅਜੇ ਤੱਕ ਨਹੀਂ ਉੱਤਰਿਆ ਹੁਣ ਮੈਂ ਕੀ ਕਰਾਂ ?

ਮੈਂ ਮਾਨ ਸਾਹਿਬ ਬਾਰੇ ਲਿਖਦਾ ਨਹੀਂ ਆਪੇ ਲਿਖਿਆ ਜਾਂਦਾ ਐ ਹੁਣ ਇਸਨੂੰ ਜੋ ਮਰਜ਼ੀ ਕਹਿ ਲਵੋ ਕੱਟੜ ਫੈਨ ਕਹਿ ਲਓ,ਭਗਤ ਕਹਿ ਲਓ, ਅਸਲ ਵਿੱਚ ਮੈਂ ਦਿਮਾਗ ਨੂੰ ਪਾਸੇ ਰੱਖ ਕੇ ਦਿਲ ਦੀ ਗੱਲ ਸੁਣਦਾ ਹਾਂ।




# ਬੀਬੀ ਜੀ ਛੇਤੀ ਬਾਹਰ ਜਾਓ, ਬਾਹਰ ਸਕੂਟਰ ਪਰ ਹਮਾਰੇ ਘਰ ਵਾਹਿਗੁਰੂ ਜੀ ਆਏ ਹੈਂ

**ਉਮਰ ਭਰ ਤੁਰ ਕੇ ਵੀ ਤੇਰੇ ਤਕ ਨਾ ਆਇਆ ਗਿਆ,**
**ਇਸ ਤਰ੍ਹਾਂ ਜਾਪਦਾ ਹੈ ਸਾਰਾ ਸਫਰ ਜ਼ਾਇਆ ਗਿਆ।**



ਬਰਜਿੰਦਰ ਚੌਹਾਨ ਦੇ ਇਹ ਸ਼ਬਦ ਗੁਰੂ ਘਰ ਵਲ ਜਾਂਦਿਆਂ ਆਪਣੇ ਅਰਥਾਂ ਸਮੇਤ ਅੱਖਾਂ ਮੂਹਰੇ ਵਿਛ ਜਾਂਦੇ ਹਨ। ਜਦੋਂ ਅਸੀਂ ਛੋਟੇ ਹੁੰਦੇ ਸੀ, ਗੁਰਦੁਆਰੇ ਜਾਣਾ ਪੈਂਦਾ ਸੀ। ਘਰ ਦੇ ਹੱਥ ਫੜਕੇ ਓਸ ਦਰ ਤਕ ਲੈ ਜਾਂਦੇ ਸੀ। ਉਸ ਸਰਦਲ ਅੰਦਰ ਕਦਮ ਰਖਦਿਆਂ ਸੱਜੇ ਹੱਥ ਦੀਆਂ ਉਂਗਲਾਂ ਦੇ ਪੋਟੇ ਛੋਹ ਕੇ ਅੰਦਰ ਵੜਦੇ ਸੀ। ਮੈਂ ਵੀ ਨਕਲ ਕਰਨ ਵਾਂਗ ਇਹ ਸਭ ਦੁਹਰਾ ਦਿੰਦੀ ਸੀ। ਉਸ ਸਮੇਂ ਉਸ ਦਰ ਤੇ ਆਪਣਾ ਆਪ ਸਮਰਪਿਤ ਕਰਨ ਵਾਲੀ ਭਾਵਨਾ ਦੀ ਸੋਝੀ ਨਹੀਂ ਸੀ। ਅੰਦਰ ਜਾ ਕੇ ਵੀ ਮੱਥਾ ਟੇਕਦਿਆਂ ਸਿਰ ਦਾ ਵਿਚਾਲਾ ਉਸ ਫ਼ਰਸ਼ ਨੂੰ ਲਾ ਕੇ ਪੰਡਾਲ ਵਿਚ ਬੈਠੀ ਸੰਗਤ ਨੂੰ ਲੱਤ ਹੇਠ ਦੀ ਦੇਖ ਕੇ ਉਲਟੇ ਰੁਖ ਕਰ ਕੇ ਵੇਖਣ ਦਾ ਵੀ ਵਖਰਾ ਹੀ ਨਜ਼ਾਰਾ ਲਗਦਾ ਸੀ। ਮੂਹਰੇ ਪਏ ਗੁਰੂ ਗ੍ਰੰਥ ਸਾਹਿਬ ਦਾ ਤਾਂ ਉਕਾ ਹੀ ਚੇਤਾ ਵਿਸਰ ਜਾਂਦਾ ਸੀ। ਹੌਲੀ ਹੌਲੀ ਘਰ ਦਿਆਂ ਵੱਲੋਂ ਸਿਖਾਈ ਇਕ ਤਰਤੀਬ ਪਤਾ ਲੱਗੀ ਕਿ ਏਥੇ ਸਿਰ ਢਕ ਕੇ ਬੈਠਣਾ ਹੈ, ਖ਼ਾਮੋਸ਼ ਹੋ ਕੇ ਹੋਰਨਾ ਨੂੰ ਸੁਣਨਾ ਹੈ, ਜੇ ਹੋ ਸਕੇ ਪਲ ਦੋ ਪਲ ਅੱਖਾਂ ਮੀਚ ਕੇ ਆਪਣੇ ਅੰਦਰ ਨੂੰ ਉਤਰਨ ਦਾ ਯਤਨ ਕਰਨਾ ਹੈ।ਇੱਕ ਆਦਤ ਵਾਂਗ ਇਹ ਸਭ ਸਾਡੇ ਮਨ-ਮਸਤਕ ਵਿੱਚ ਬੈਠ ਜਾਂਦਾ ਹੈ। ਬਹੁਤ ਚਿਰ ਪਿੱਛੋਂ ਇਹ ਸੋਝੀ ਆਈ ਕਿ ਇਹ ਥਾਂ ਸਾਨੂੰ ਸਕੂਲ ਵਾਂਗ ਹੀ ਇੱਕ ਅਨੁਸਾਸ਼ਨ ਅਤੇ ਜ਼ਿੰਦਗੀ ਇੱਕ ਤਰਤੀਬ ਨੂੰ ਵਿਸ਼ੇਸ਼ ਲੈਅ-ਬਧਤਾ ਵਿੱਚ ਢਾਲਦਾ ਹੈ। ਚਾਹੇ ਇਹ ਸਭ ਅਸੀਂ ਬੱਧੇ-ਰੁੱਧੇ ਹੀ ਕਰਦੇ ਹੋਈਏ ਪਰ ਕਦੇ ਕਦੇ ਦਵਾਈ ਨਾ ਪੀ ਕੇ ਵੀ ਬਸ ਕੁਰਲੀ ਕਰਨ ਨਾਲ ਹੀ ਅਸਰ ਕਰ ਜਾਂਦੀ ਹੈ। ਸਰਦਲ ਤੇ ਸਿਰ ਝੁਕਾਉਂਦਿਆਂ ਮਨ ਵਿੱਚ ਇਹ ਧਰਮ ਪਲਦਾ ਹੈ ਕਿ ਲੱਖਾਂ ਹਜ਼ਾਰਾਂ ਲੋਕਾਂ ਵਿੱਚੋਂ ਕਿਸੇ ਇੱਕ ਸਵੱਛ ਆਤਮਾ ਵਾਲੇ ਧਰਮੀ ਬੰਦੇ ਦੀ ਚਰਨ-ਛੋਹ ਇਸ ਥਾਂ ਤੇ ਲੱਗੀ ਹੋਵੇਗੀ, ਸ਼ਾਇਦ ਉਸ ਦੀ ਚਰਨ-ਧੂੜ ਦਾ ਕੋਈ ਕਿਣਕਾ ਸਾਡੇ ਪੋਟਿਆਂ ਨੂੰ ਵੀ ਨਸੀਬ ਹੋ ਜਾਵੇ। ਬਹੁਤ ਦੇਰ ਬਾਦ ਇਹ ਵੀ ਪਤਾ ਲੱਗਾ ਕਿ ਰੱਬ ਦੇ ਘਰ ਦੀ ਇਹ ਤਰਤੀਬ ਹੀ ਦੇਹੀ ਦੀਆਂ ਮੂੰਹ-ਜ਼ੋਰ ਹੋਈਆਂ ਅੱਥਰੀਆਂ ਹਰਕਤਾਂ ਨੂੰ ਨੱਥ ਪਾਉਣ ਲਈ, ਇਸ ਮਨ ਅੰਦਰ ਉਛਲਦੀਆਂ ਸੋਚਾਂ ਨੂੰ ਸੀਮਤ ਕਰਨ ਲਈ ਜਾਂ ਕਿਨਾਰਿਆਂ ਤੋਂ ਬਾਹਰ ਛਲਕਦੀਆਂ ਲਾਲਸਾਵਾਂ ਨੂੰ ਠੱਲ੍ਹਣ ਲਈ ਕੋਈ ਥਾਂ, ਕੋਈ ਭੈਅ ਜਾਂ ਸਹਿਮ ਵੀ ਸਾਨੂੰ ਕਿਸੇ ਹੱਦ ਤਕ ਲੋੜੀਂਦੀ ਹੈ, ਜਿੱਥੇ ਬਾਹਰਲੇ ਜਗਤ ਤੋਂ ਅੱਖਾਂ ਮੀਚ ਕੇ ਅਸੀਂ ਅੰਦਰਲੇ ਸੰਸਾਰ ਦੀ ਸ਼ਰਨ ਜਾ ਕੇ ਸੁਖ ਦਾ ਸਾਹ ਲੈ ਸਕੀਏ।

ਮੈਂ ਪੀ. ਐਚ. ਡੀ. ਕਰਦਿਆਂ ਮਰਸ਼ੀਆ ਇਲਿਆਡ ਦੀ ਕਿਤਾਬ 'ਸੇਕਰਡ ਐਂਡ ਦ ਪਰੋਫੇਨ ( ਪਵਿੱਤਰ ਅਤੇ ਅਪਵਿੱਤਰ ) ਪੜ੍ਹੀ ਸੀ। ਉਸ ਨੇ ਕਿਸੇ ਵੀ ਧਾਰਮਿਕ ਸਥਾਨ ਦੇ ਅੰਦਰਲੀ ਦੁਨੀਆਂ ਅਤੇ ਬਾਹਰਲੇ ਜਗਤ ਤੋਂ ਨਖੇੜਦਿਆਂ ਸਰਦਲ ਤੇ ਸਿਜਦਾ ਕਰਨ ਦੇ ਅਰਥ ਸਪਸ਼ਟ ਕੀਤੇ ਸਨ। ਉਸ ਦਹਿਲੀਜ਼ ਦੇ ਅੰਦਰ ਕਦਮ ਰਖਦਿਆਂ ਹੀ ਸਾਡੀਆਂ ਸੋਚਾਂ ਤੇ ਵੱਖਰਾ ਹੀ ਅਸਰ ਭਾਰੂ ਹੋ ਜਾਂਦਾ ਹੈ। ਅਸੀਂ ਉਸ ਚੌਗਿਰਦੇ ਦੀਆਂ ਪਵਿੱਤਰ ਭਾਵਨਾਵਾਂ ਦੀ ਪਕੜ ਵਿੱਚ ਆ ਕੇ ਹੋਰ ਹੋ ਜਾਂਦੇ ਹਾਂ। ਪਰ ਜੇ ਅਸੀਂ ਉਥੇ ਪੁੱਜ ਕੇ ਵੀ ਦਿਸਦੀ ਭੀੜ ਦਾ ਹਿੱਸਾ ਹੀ ਹੁੰਦੇ ਹਾਂ ਤਾਂ ਉਹ ਭਾਵਨਾਵਾਂ ਮਨਫ਼ੀ ਵੀ ਹੋ ਤੁਰਦੀਆਂ ਹਨ। ਕਈ ਸਾਲ ਪਹਿਲਾਂ ਦੀ ਗੱਲ ਹੈ ਮੈਂ ਕੈਲਗਰੀ ਗੁਰਦੁਆਰੇ ਮੱਥਾ ਟੇਕ ਕੇ ਹਾਲੇ ਬੈਠੀ ਹੀ ਸੀ ਕਿ ਮੇਰੇ ਕੋਲ ਬੈਠੀ ਔਰਤ ਹੁੱਜਾਂ ਮਾਰ ਕੇ ਨਾਲ ਦੀ ਨੂੰ ਆਖ ਰਹੀ ਸੀ--'ਔਹ ਜਿਹੜੀ ਕੁੜੀ ਮੱਥਾ ਟੇਕੀ ਜਾਂਦੀ ਐ, ਹੁਣੇ ਪੰਜਾਬੋਂ ਮੁੜੀ ਲਗਦੀ ਐ, ਨਵੇਂ ਨਵੇਂ ਫ਼ੈਸ਼ਨ ਦਾ ਸੂਟ ਪਾਇਆ ਹੋਇਐ।'

ਜੇ ਅਸੀਂ ਹੋਰਨਾਂ ਦੇ ਸੂਟ ਵੇਖਣ ਹੀ ਆਉਂਦੇ ਹਾਂ ਤਾਂ ਸਾਡੀਆਂ ਪਵਿੱਤਰ ਭਾਵਨਾਵਾਂ ਮਨਫ਼ੀ ਹੋ ਰਹੀਆਂ ਹੁੰਦੀਆਂ ਹਨ। ਇਹ ਸਵਾਲ ਜੋੜੇ ਉਤਾਰਨ ਵੇਲੇ ਵੀ ਸਾਂਭੇ ਜਾਣ ਤਾਂ ਗੱਲ ਬਣੇ। ਅਸੀਂ ਫਿਰ ਇੱਥੋਂ ਦੇ ਬਰਫਾਂ ਵਿੱਚ ਖੜ੍ਹੇ ਨਿਪੱਤਰੇ ਰੁੱਖਾਂ ਵਾਂਗ ਹੀ ਕਿਸੇ ਹੋਰ ਰੁੱਤ ਦੀ ਕਿਸੇ ਸੋਝੀ ਦੀ ਉਡੀਕ ਵਿੱਚ ਜਾ ਖੜ੍ਹਦੇ ਹਾਂ। ਪਰ ਇਹ ਸੋਝੀ ਹੀ ਤਾਂ ਪੁਆੜੇ ਦੀ ਜੜ੍ਹ ਹੈ। ਕਹਿੰਦੇ ਹਨ--'ਮੂਰਖ ਲੋਕ ਸਦਾ ਸੁਖ ਸੌਂਦੇ ਰੋਜ਼ ਕਮਾਉਂਦੇ ਪੈਸਾ, ਨਿਜ ਹੁੰਦੀ ਚਤੁਰਾਈ ਖਵਾਰ ਕੀਤਾ ਜਿਸ ਐਸਾ।'ਪਟਿਆਲੇ ਰਹਿੰਦਿਆਂ ਮੈਂ ਇੱਕ ਨਿਪਾਲੀ ਮੁੰਡਾ ਘਰ ਕੰਮ ਲਈ ਰਖਿਆ ਹੋਇਆ ਸੀ। ਉਹ ਵੀ ਸਾਡੇ ਨਾਲ ਗੁਰਦੁਆਰੇ ਮੱਥਾ ਟੇਕਣ ਜਾਂਦਾ ਹੁੰਦਾ ਸੀ। ਕੁਦਰਤੀ ਜਿਸ ਵੇਲੇ ਉਹ ਮੱਥਾ ਟੇਕਦਾ ਹੁੰਦਾ, ਉਦੋਂ ਇੱਕ ਪ੍ਰੋਫੈਸਰ ਤਾਬਿਆ ਤੇ ਬੈਠਾ ਹੁੰਦਾ ਸੀ। ਇੱਕ ਦਿਨ ਓਹੀ ਪ੍ਰੋਫੈਸਰ ਕੋਈ ਸੁਨੇਹਾ ਦੇਣ ਸਾਡੇ ਘਰ ਆਇਆ ਤਾਂਸਾਡਾ ਇਹ ਮੁੰਡੂ ਪੂਰਾ ਖ਼ੁਸ਼ ਭੱਜਿਆ ਮੇਰੇ ਕੋਲ ਆ ਕੇ ਚੀਕ ਮਾਰਨ ਵਾਂਗ ਕਹਿ ਰਿਹਾ ਸੀ,'ਬੀਬੀ ਜੀ ਛੇਤੀ ਬਾਹਰ ਜਾਓ, ਬਾਹਰ ਸਕੂਟਰ ਪਰ ਹਮਾਰੇ ਘਰ ਵਾਹਿਗੁਰੂ ਜੀ ਆਏ ਹੈਂ।'ਉਸ ਦੀ ਡੁਲ੍ਹਦੀ ਖ਼ੁਸ਼ੀ ਦੇਖ ਮੈਂ ਸੋਚਦੀ ਹਾਂ ਕਿ ਬਿਨਾ ਸੋਝੀ ਤੋਂ ਮੱਥਾ ਟੇਕਦੇ ਉਹ ਅਭੋਲ ਪਲ ਕਿਧਰ ਅਲੋਪ ਹੋ ਗਏ। ਕਾਸ਼ ਉਸੇ ਤਰ੍ਹਾਂ ਕਦੇ ਫੇਰ ਜਾ ਮੱਥਾ ਟੇਕੀਏ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

ਪਿਛਲੇ ਸਾਢੇ ਚਾਰ ਸਾਲਾਂ 'ਚ ਕਰੀਬ 5000 ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ ਜੀਅ ਰਹੇ ਨੇ ਤੰਦਰੁਸਤ ਜ਼ਿੰਦਗੀ
ਰੈੱਡ ਕਰਾਸ ਸੰਗਰੂਰ ਦਾ ਨਸ਼ਾ ਛੁਡਾਉ ਕੇਂਦਰ ਪੀੜਤ ਨੌਜੁਆਨਾਂ ਲਈ ਸਾਬਤ ਹੋ ਰਿਹਾ ਹੈ ਚਾਨਣ ਮੁਨਾਰਾ




ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਭੈੜੀ ਸੰਗਤ ਕਾਰਨ ਨਸ਼ਿਆਂ ਦੀ ਗ੍ਰਿਫਤ ਵਿਚ ਆਏ ਨੌਜਵਾਨਾਂ ਦੀ ਜ਼ਿੰਦਗੀ ਨੂੰ ਬਦਲਣ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਨੌਜਵਾਨ ਜਿੱਥੇ ਨਸ਼ਿਆਂ ਤੋਂ ਮੁਕਤ ਹੋ ਕੇ ਤੰਦਰੁਸਤ ਜ਼ਿੰਦਗੀ ਬਤੀਤ ਕਰ ਰਹੇ ਹਨ ਉੱਥੇ ਹੀ ਆਪਣੇ ਪਰਿਵਾਰ ਦਾ ਸਹਾਰਾ ਵੀ ਬਣ ਰਹੇ ਹਨ। ਜ਼ਿਲ੍ਹਾ ਸੰਗਰੂਰ ਦੇ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਤੋਂ ਇਲਾਜ ਕਰਵਾਉਣ ਉਪਰੰਤ ਨਸ਼ਾ ਮੁਕਤ ਹੋਏ ਇਹਨਾਂ ਨੌਜਵਾਨਾਂ ਲਈ ਇਹ ਕੇਂਦਰ ਚਾਨਣ ਮੁਨਾਰਾ ਸਾਬਤ ਹੋਇਆ ਹੈ ਅਤੇ ਇਹ ਨੌਜਵਾਨ ਹੁਣ ਹੋਰਨਾਂ ਲਈ ਮਿਸਾਲ ਅਤੇ ਪ੍ਰੇਰਨਾ ਸਰੋਤ ਵੀ ਹਨ ।

ਰੈਡ ਕਰਾਸ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਨਸ਼ਾ ਛੁਡਾਊ ਕੇਂਦਰ ਸੰਗਰੂਰ ਤੋਂ ਇਲਾਜ ਕਰਵਾ ਕੇ ਠੀਕ ਹੋਏ, ਇੱਕ ਨੌਜਵਾਨ ਹਰਪ੍ਰੀਤ ਸਿੰਘ (ਕਾਲਪਨਿਕ ਨਾਂਅ )ਦਾ ਕਹਿਣਾ ਸੀ ਕਿ ਸਰਕਾਰ ਵੱਲੋਂ ਆਰੰਭੀ ਨਸ਼ਾ ਛੁਡਾਊ ਮੁਹਿੰਮ ਨੇ ਉਸ ਨੂੰ ਮੁੜ ਤੋਂ ਜ਼ਿੰਦਗੀ ਪ੍ਰਦਾਨ ਕੀਤੀ ਹੈ। ਉਸ ਨੇ ਦੱਸਿਆ ਕਿ ਨਸ਼ੇ ਕਾਰਨ ਉਹ ਸਮਾਜ ਤੇ ਪਰਿਵਾਰ ਨਾਲੋਂ ਟੁੱਟ ਚੁੱਕਾ ਸੀ। ਉਸ ਨੇ ਦੱਸਿਆ ਕਿ ਨਸ਼ਿਆਂ ਨੇ ਜਿੱਥੇ ਉਸ ਦੇ ਸਰੀਰ ਨੂੰ ਨੁਕਸਾਨ ਕੀਤਾ ਉੱਥੇ ਹੀ ਉਸ ਦੇ ਪਰਿਵਾਰ ਦੀ ਆਰਥਿਕ ਹਾਲਤ ਵੀ ਪਤਲੀ ਕਰ ਦਿੱਤੀ ਸੀ। ਉਸ ਵੱਲੋਂ ਘਰ ਦਾ ਸਾਮਾਨ ਵੇਚ ਕੇ ਵੀ ਨਸ਼ਿਆਂ ਦੀ ਪੂਰਤੀ ਕੀਤੀ ਜਾਂਦੀ ਸੀ। ਉਸ ਨੌਜਵਾਨ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਜਦੋਂ ਉਹ ਰੈੱਡ ਕਰਾਸ ਨਸ਼ਾ ਛੁਡਾਊ ਕੇਂਦਰ ਵਿਚ ਆਇਆ ਤਾਂ ਉਸਨੂੰ ਇੱਥੋਂ ਦੇ ਮਾਹੌਲ ਅਤੇ ਇਲਾਜ ਨੇ ਮੁੜ ਤੰਦਰੁਸਤ ਜੀਵਨ ਵੱਲ ਮੋੜ ਲਿਆਂਦਾ। ਠੀਕ ਹੋਣ ਉਪਰੰਤ ਉਸ ਨੌਜਵਾਨ ਨੂੰ ਰੁਜ਼ਗਾਰ ਵੀ ਮੁਹੱਈਆ ਕਰਵਾਇਆ ਗਿਆ।

ਇਸੇ ਤਰ੍ਹਾਂ ਨੌਜਵਾਨ ਜਗਸੀਰ ਸਿੰਘ(ਕਾਲਪਨਿਕ ਨਾਂਅ) ਨੇ ਦੱਸਿਆ ਕਿ ਉਹ ਚਿੱਟੇ ਦੀ ਲਪੇਟ ਵਿਚ ਆਉਣ ਤੋਂ ਬਾਅਦ ਆਪਣੀ ਪੜ੍ਹਾਈ ਛੱਡ ਚੁੱਕਾ ਸੀ। ਇਹ ਨਸ਼ਾ ਛੁਡਾਊ ਕੇਂਦਰ ਉਸ ਦੀ ਜ਼ਿੰਦਗੀ ਬਦਲਣ ਵਿਚ ਬੜਾ ਸਹਾਈ ਹੋਇਆ । ਹੁਣ ਉਹ ਹਰ ਤਰ੍ਹਾਂ ਦਾ ਨਸ਼ਾ ਛੱਡ ਚੁੱਕਾ ਹੈ ਅਤੇ ਆਪਣੀ ਪੜ੍ਹਾਈ ਨੂੰ ਦੁਬਾਰਾ ਸ਼ੁਰੂ ਕਰ ਚੁੱਕਾ ਹੈ। ਉਸ ਨੇ ਦੱਸਿਆ ਕਿ ਜਿਹੜਾ ਸਮਾਜ ਪਹਿਲਾਂ ਉਸ ਨੂੰ ਨਫ਼ਰਤ ਕਰਦਾ ਸੀ ਅੱਜ ਉਸ ਨੂੰ ਹਰ ਪਾਸੇ ਸਤਿਕਾਰ ਮਿਲ ਰਿਹਾ ਹੈ ।

ਪ੍ਰਾਜੈਕਟ ਡਾਇਰੈਕਟਰ ਸ਼੍ਰੀ ਮੋਹਨ ਸ਼ਰਮਾ ਨੇ ਦੱਸਿਆ ਕਿ ਪਿਛਲੇ ਸਾਢੇ ਚਾਰ ਸਾਲਾਂ ਦੌਰਾਨ ਕਰੀਬ 5000 ਨੌਜਵਾਨ ਇਸ ਕੇਂਦਰ ਤੋਂ ਨਸ਼ਾ ਮੁਕਤ ਹੋ ਕੇ ਇਕ ਜ਼ਿੰਮੇਵਾਰ ਨਾਗਰਿਕ ਦੇ ਤੌਰ ਤੇ ਸਮਾਜ ਵਿੱਚ ਵਿਚਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਨਸ਼ਾ ਛੁਡਵਾਉਣ ਲਈ ਸਿਰਫ਼ ਦਵਾਈ ਨਹੀਂ ਸਗੋਂ ਪੀੜਤ ਵਿਅਕਤੀ ਦੀ ਸੋਚ 'ਚ ਵੀ ਤਬਦੀਲੀ ਲਿਆਉਣ ਦੀ ਜ਼ਰੂਰਤ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਛੁਡਾਉ ਕੇਂਦਰ ਵਿੱਚ ਦਵਾਈ ਦੇ ਨਾਲ ਨਾਲ ਕਾਉਂਸਲਿੰਗ, ਯੋਗਾ, ਧਰਮ ਅਤੇ ਸਾਹਿਤ ਨਾਲ ਜੋੜਨਾ ਉਨ੍ਹਾਂ ਨੂੰ ਨਸ਼ੇ ਦੀ ਦਲਦਲ 'ਚੋਂ ਬਾਹਰ ਕੱਢਣ ਵਿੱਚ ਸਹਾਈ ਸਿੱਧ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨੌਜਵਾਨਾਂ ਨੂੰ ਇਲਾਜ ਦੌਰਾਨ ਕੰਪਿਊਟਰ ਟ੍ਰੇਨਿੰਗ ਅਤੇ ਮੋਮਬੱਤੀਆਂ ਬਣਾਉਣ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ ।

ਸ੍ਰੀ ਸ਼ਰਮਾ ਨੇ ਦੱਸਿਆ ਕਿ ਅਕਸਰ ਨਸ਼ਿਆਂ ਦੇ ਆਦੀ ਵਿਅਕਤੀਆਂ ਦੀਆਂ ਪਤਨੀਆਂ ਉਨ੍ਹਾਂ ਨੂੰ ਛੱਡ ਕੇ ਚਲੀਆਂ ਜਾਂਦੀਆਂ ਹਨ । ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਉਨ੍ਹਾਂ ਵੱਲੋਂ ਅਜਿਹੇ 10 ਪਰਿਵਾਰਾਂ ਨੂੰ ਮੁੜ ਜੋੜਿਆ ਗਿਆ ਹੈ ਜਿਨ੍ਹਾਂ ਵਿੱਚ ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ ਤੰਦਰੁਸਤ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਇਕ ਨੌਜਵਾਨ ਨੇ ਨਸ਼ਾ ਛੱਡਣ ਦੇ ਨਾਲ ਨਾਲ ਇਸ ਕੇਂਦਰ ਵਿੱਚ ਰਹਿ ਕੇ ਸ੍ਰੀ ਜਪੁਜੀ ਸਾਹਿਬ ਦੀ ਬਾਣੀ ਦਾ ਅੰਗਰੇਜ਼ੀ ਵਿਚ ਅਨੁਵਾਦ ਵੀ ਕੀਤਾ ਹੈ ।

ਸ੍ਰੀ ਮੋਹਨ ਸ਼ਰਮਾ ਨੇ ਪੰਜਾਬ ਸਰਕਾਰ ਦੀ ਇਸ ਨਸ਼ਾ ਵਿਰੋਧੀ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਦੇ ਬਹੁਤ ਬਿਹਤਰ ਨਤੀਜੇ ਸਾਹਮਣੇ ਆ ਰਹੇ ਹਨ । ਉਨ੍ਹਾਂ ਕਿਹਾ ਕਿ ਮਜ਼ਬੂਤ ਇੱਛਾ ਸ਼ਕਤੀ ਨਾਲ ਨਸ਼ਿਆਂ ਨੂੰ ਛੱਡਿਆ ਜਾ ਸਕਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਨੌਜਵਾਨ ਕਿਸੇ ਕਾਰਨ ਨਸ਼ਿਆਂ ਦੀ ਦਲਦਲ ਵਿਚ ਧਸ ਚੁੱਕਾ ਹੈ ਤਾਂ ਉਹ ਆਪਣੇ ਆਪ ਨੂੰ ਇਸ ਚੋਂ ਬਾਹਰ ਕੱਢਣ ਲਈ ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ ਦਾ ਲਾਹਾ ਜ਼ਰੂਰ ਲਵੇ ।

**(ਮੋਹਨ ਸ਼ਰਮਾ ਸੰਗਰੂਰ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ)**






# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

Canadian PR MSc Nursing Ramgarya girl (D.O.B-16/10/1988) ht-5'3, looking for MSc/MTech clean shaven or trim beard Sikh and Vaishnu Ramgarya only boy (Height- 5'6-5'9)Work permit holders can also be considered. +1(639) 318-4864 or +91 9417589810***182***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੀ ਪੜੀ ਲਿਖੀ ਚੰਗੀ ਜੌਬ ਕਰਦੀ , ਵੈਸ਼ਨੂੰ ਲੜਕੀ ,ਉਮਰ 34 ਸਾਲ, ਕੱਦ 5 ਫੁੱਟ 3 ਇੰਚ, ਲਈ ਕਨੇਡਾ ਤੋਂ ਹੀ ਲੜਕੇ ਦੀ ਲੋੜ ਹੈ।ਸੰਪਰਕ: 587 664 3022 **181**

### ਲੜਕੇ ਦੀ ਲੋੜ

ਖੇਲਾ ਪਰਿਵਾਰ ਦੀ ਸੋਹਣੀ ਸੁਨੱਖੀ ਪੰਜਾਬ ਰਹਿੰਦੀ ਲੜਕੀ ਉਮਰ 20 ਸਾਲ , ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਗਰੇਡ ਟਵੈਲਵ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਆਇਆ ਲੜਕਾ ਵੀ ਸੰਪਰਕ ਕਰ ਸਕਦਾ ਹੈ ।ਲੜਕੀ ਦਾ ਨਾਨਕਾ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ ਜੋ ਲੜਕੀ ਨੂੰ ਕਨੇਡਾ ਆਉਣ ਮੌਕੇ ਸੈਟਲ ਹੋਣ ਵਿੱਚ ਮੱਦਦ ਕਰ ਸਕਦਾ ਹੈ। ਸੰਪਰਕ: 587 937 0224 ***181***

### ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਚੰਗੀ ਪੜੀ ਲਿਖੀ ,ਬੈਂਕ ਦੀ ਜੌਬ ਕਰਦੀ, ਕਨੇਡੀਅਨ ਪੀ ਆਰ ( ਡਿਵੋਰਸ ਸਾਰਟ ਮੈਰਿਜ ) ਲੜਕੀ ਉਮਰ 29 ਸਾਲ ,ਕੱਦ 5 ਫੁੱਟ 8 ਇੰਚ, ਲਈ ਪੜੇ ਲਿਖੇ ਚੰਗੇ ਪਰਿਵਾਰ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ।ਲੜਕੀ ਦੀ ਵਿਦਿਅਕ ਯੋਗਤਾ ਐਮ ਬੀ ਏ (ਹਿਊਮਨ ਰਿਸੋਰਸ) ਹੈ।ਸੰਪਰਕ : 1 661 578 2665 (ਯੂ ਐਸ ਏ ) 9915240051 ਜਾਂ ਈ ਮੇਲ ਕਰੋ : UNITEDHIGHWAYS@GMAIL.COM ***181***

### ਲੜਕੀ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜਨ ,ਉਮਰ 38 ਸਾਲ, ਕੱਦ 5 ਫੁੱਟ 6 ਇੰਚ, ਸਾਊ ,ਨਸਾ ਰਹਿਤ, ਤਲਾਕਸੁਦਾ ਲੜਕੇ ਲਈ ਕਨੇਡਾ ਵਿੱਚ ਹੀ ਪੱਕੀ ਰਹਿੰਦੀ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੀ ਘਰੇਲੂ ਵਿਚਾਰਾਂ ਵਾਲੀ ਘੱਟ ਪੜੀ ਲਿਖੀ ਹੀ ਹੋਵੇ। ਵਿਜਟਿਰ ਜਾਂ ਸਟੂਡੈਂਟ ਸੰਪਰਕ ਨਾ ਕਰਨ। ਲੜਕੇ ਦੇ ਪਹਿਲੇ ਵਿਆਹ ਵਿੱਚੋਂ 5 ਸਾਲ ਦੀ ਇੱਕ ਬੇਟੀ ਵੀ ਹੈ ਜੋ ਆਪਣੀ ਮਾਂ ਨਾਲ ਕਿਸੇ ਹੋਰ ਸਹਿਰ ਵਿੱਚ ਰਹਿੰਦੀ ਹੈ।ਸੰਪਰਕ: 204 632 4138 ***181***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਚਹਿਲ ਪਰਿਵਾਰ ਦੀ ਲੜਕੀ, ਉਮਰ 31 ਸਾਲ, ਕੱਦ 5 ਫੁੱਟ 5 ਇੰਚ, ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ ।ਲੜਕੀ ਦੀ ਵਿਦਿਅਕ ਯੋਗਤਾ ਬੈਚੂਲਰ ਆਫ ਕਾਮਰਸ ਡਿਗਰੀ (ਇੰਡੀਆ) ਅਕਾਂਊਟਿੰਗ ਐਂਡ ਫਾਇਨੈਂਸਿੰਗ ਡਿਗਰੀ (ਕਨੇਡਾ) ਤੋਂ ਕੀਤੀ ਹੈ ਅਤੇ ਹੁਣ ਸਰਵਿਸ ਕਨੇਡਾ ਇੰਪਲਾਈਮੈਂਟ ਇੰਸੋਰੈਂਸ ਨਾਲ ਜੌਬ ਕਰ ਰਹੀ ਹੈ।ਸੰਪਰਕ ਲਈ ਈ ਮੇਲ : Navdeepkaur28@gmail.com ***181***

### ਲੜਕੇ ਦੀ ਲੋੜ

ਕਨੇਡੀਅਨ ਜੱਟ ਸਿੱਖ ਲੜਕੀ ,ਉਮਰ 1981,ਕੱਦ 5 ਫੁੱਟ 4 ਇੰਚ, ਮਾਲਵਾ ਏਰੀਆ ਨਾਲ ਸਬੰਧਿਤ ,ਕੈਲਗਰੀ ਵਿੱਚ ਰਹਿ ਰਹੀ ਲੜਕੀ ਵਾਸਤੇ ਲੜਕੇ ਦੀ ਲੋੜ ਹੈ।ਸੰਪਰਕ : 403 671 3435 ਜਾਂ 587 891 3435 ***181***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ , ਧਾਲੀਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ, ਉਮਰ 25 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ licensed practical Nurse ਲਈ ਹਾਣ ਪਰਵਾਣ ਦੇ ਸੋਹਣੇ ਸੁਨੱਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਸੰਪਰਕ 403 850 6263 ***179***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ , ਜੱਟ ਸਿੱਖ ਪਰਿਵਾਰ ਦੇ ਤਲਾਕ ਸੁਦਾ ਵੈਸਨੂੰ ਲੜਕੇ ਉਮਰ 35 ਸਾਲ ,ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਤਲਾਕਸ਼ੁਦਾ, ਵਿਜਟਿਰ ਜਾਂ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਵਿਨੀਪੈਗ ਨੂੰ ਪਹਿਲ ।ਸੰਪਰਕ: 431 556 4986 ***178***

### ਲੜਕੀ ਦੀ ਲੋੜ

Looking for suitable match for single never married 36-year-old Arora Sikh boy born in Canada. Height 5'-8". Fair complexion. Educated, bachelor's degree in criminology from Canada. Currently working for the Federal Government. Contact: telephone 403-208-2354 or e-mail saamlak@yahoo.com ***178***

### ਲੜਕੀ ਦੀ ਲੋੜ

ਪਰਮਾਨੈਂਟ ਰੈਜੀਡੈਂਸੀ ਹੋਲਡਰ ਨਿਊਜੀਲੈਂਡ, ਨਿਊਜੀਲੈਂਡ ਤੋਂ ਹੀ ਵਿਦਿਆ ਪ੍ਰਾਪਤ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 27 ਸਾਲ , ਕੱਦ 5 ਫੁੱਟ 11 ਇੰਚ, ਲਈ ਕਨੇਡਾ ਤੋਂ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ ।ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ।ਸੰਪਰਕ: 403 437 9061 ***177***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿ ਰਹੇ ਖੰਗੂੜਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 26 ਸਾਲ , ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਇਨਫਾਰਮੇਸਨ ਟੈਕਨੋਲਜੀ ਤਿੰਨ ਸਾਲ ਡਿਪਲੋਮਾ ਹੋਲਡਰ, ਲਈ ਹਾਣ ਪ੍ਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦੀ ਸਾਰੀ ਫੈਮਿਲੀ ਕਨੇਡਾ ਵਿੱਚ ਹੀ ਸੈਟਲ ਹੈ ।ਸੰਪਰਕ: 403 680 8300 ਜਾਂ 403 589 4209 ***177***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ।ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ।ਸੰਪਰਕ: 587 438 4041 ***177***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਰਾਮਗੜੀਆ ਪਰਿਵਾਰ ਦੀ ਚੰਗੀ ਪੜੀ ਲਿਖੀ ਗੁਰਸਿੱਖ,ਤਲਾਕਸੁਦਾ ਲੜਕੀ ਉਮਰ 35 ਸਾਲ ਕੱਦ 5 ਫੁੱਟ 3 ਇੰਚ ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸਤੇ ਦੀ ਲੋੜ ਹੈ ।ਸੰਪਰਕ: 587 700 8715 ***173***

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌ ਲੋੜ ਹੈ ।ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 587 917 5911 ਜਾਂ 403 702 2524 ***182***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਬਰਾੜ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 30 ਸਾਲ ,ਕੱਦ 6 ਫੁੱਟ 2 ਇੰਚ ,ਵਿਦਿਅਕ ਯੋਗਤਾ: ਲਵਲੀ ਯੁਨੀਵਰਿਸਟੀ ਤੋਂ ਕੰਪਿਊਟਰ ਸਾਇੰਸ ਤੋਂ ਬੀ ਟੈਕ,ਅਤੇ ਹੁਣ ਕਨੇਡਾ ਵਿੱਚ ਚੰਗੀ ਨੌਕਰੀ ਕਰਦੇ ਲੜਕੇ ਲਈ ਹਾਣ ਪਰਵਾਣ ਦੀ ਮੈਡੀਕਲ ਕਿੱਤੇ ਨਾਲ ਸਬੰਧਿਤ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕਾ ਸਾਲ 2011 ਤੋਂ ਕਨੇਡਾ ਰਹਿ ਰਿਹਾ ਹੈ। ਲੜਕੀ ਦਾ ਰਿਸਤਾ ਕਨੇਡਾ ਤੋਂ ਹੀ ਚਾਹੀਦਾ ਹੈ ਸੰਪਰਕ: 403 689 6471ਜਾਂ 403 861 2250***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਇਕਲੌਤੇ ਲੜਕੇ ਉਮਰ 23 ਸਾਲ, ਕੱਦ 5 ਫੁੱਟ 10 ਇੰਚ , ਵਿਦਿਅਕ ਯੋਗਤਾ ਪਲੱਸ ਟੂ ਵਿਦ ਨਾਨ ਮੈਡੀਕਲ , ਤਿੰਨ ਸਾਲ ਦੇ ਮਕੈਨਿਕ ਡਿਪਲੋਮਾਂ, ਪੰਜਾਬ ਵਿੱਚ 18 ਏਕੜ ਜਮੀਨ ਦੇ ਮਾਲਕ ਲਈ ਕਨੇਡੀਅਨ ਪੀ ਆਰ ਜਾਂ ਅਮਰੀਕਨ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੇ ਦੇ ਮਾਤਾ ਪਿਤਾ ਅਮਰੀਕਨ ਸਿਟੀਜਨ ਹਨ। ਸੰਪਰਕ: 403 604 2861***176***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਤਲਾਕਸੁਦਾ ,ਜੱਟ ਸਿੱਖ ਪਰਿਵਾਰ ਦੀ ਲੜਕੀ ਉਮਰ 30 ਸਾਲ , ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਏ, ਕੈਲਗਰੀ ਵਾਸੀ ਲਈ ਯੋਗ ਵਰ ਦੀ ਲੋੜ ਹੈ। ਸਿਰਫ ਦੁਆਬਾ ਇਲਾਕੇ ਨਾਲ ਸਬੰਧਿਤ ਪਰਿਵਾਰ ਹੀ ਸੰਪਰਕ ਕਰਨ।ਕਾਲ: 403 998 8473 ***176***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਸੋਹਣੇ ਸੁਨੱਖੇ ਲੜਕੇ ਟਾਂਕ ਕਸੱਤਰੀ-ਖੁਰਪਾ ,ਭੱਲਾ ਪਰਿਵਾਰ ਦੇ ਅਣਵਿਆਹੇ ਲੜਕੇ ਉਮਰ 39 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਬੀਏ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਸੰਪਰਕ: 905 783 0784 ***176***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ । ਸੰਪਰਕ: 403 615 0583 **190**

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

**ਕੈਲਗਰੀ-403 640 2000**
**ਐਡਮਿੰਟਨ-780 599 2000 ਸੈਸਕਾਟੂਨ 639 999 1000**
**ਰੀਜਾਇਨਾ- 639 999 1000, ਵਿਨੀਪੈਗ- 431 733 3000**

Masihi Life Church
3663 19th STREET CALGARY AB T2E 6S8
FOR PRAYER CALL
403-429-0369

ਯੂਹੰਨਾ 8:12
ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ।
ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ
ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।

Are you searching for a church to attend
Come and join us
(Service in Hindi/Punjabi)
We welcome you all




CHURCH SERVICE EVERY
SUNDAY 12PM TO 3PM
facebook

ਮੱਤੀ 11:28
ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ,
ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ

**Hiring !**

Daffodils Cargo Logistics Inc. is looking for Class 1 Drivers for Long - Haul Best pay packages upto 58 cents per mile Applicants should have minimum of 7 - 12 months driving experience Please contact with your driving license and commercial driving abstract

**Email : dclogistics4@gmail.com**
**Phone : 204-396-1696 , 204-891-0031**

## ਇਤਰਾਜ਼ਯੋਗ ਸ਼ਬਦਾਂ ਵਾਲੀ ਗ੍ਰੈਫੀਟੀ ਸਬੰਧੀ ਪੁਲਿਸ ਜਾਂਚ ਕਰ ਰਹੀ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪ੍ਰਸਿੱਧ ਨਿਊ ਬ੍ਰਾਇਟਨ ਐਥਲੈਟਿਕ ਪਾਰਕ ਦੇ ਸਕੇਟ-ਪਾਰਕ ਵਾਲੇ ਹਿੱਸੇ ਵਿੱਚ ਗ੍ਰੈਫੀਟੀ ਕਰਕੇ ਉਸ ਨੂੰ ਖ਼ਰਾਬ ਕੀਤੇ ਜਾਣ ਦੀ ਖ਼ਬਰ ਹੈ। ਪੇਂਟ ਨਾਲ ਇਤਰਾਜ਼ਯੋਗ ਸ਼ਬਦ ਲਿਖੇ ਗਏ ਹਨ ਜਿਹੜੇ ਨਫ਼ਰਤ ਅਤੇ ਨਸਲਵਾਦ ਨੂੰ ਦਰਸਦਾਉਂਦੇ ਹਨ। ਬਜ਼ੁਰਗਾਂ ਦੇ ਇੱਕ ਟੋਲੇ ਨੇ ਇਹ ਗ੍ਰੈਫੀਟੀ ਦੇਖੀ 'ਤੇ ਪੁਲਿਸ ਨੂੰ ਸੂਚਿਤ ਕੀਤਾ। ਇਹਨਾਂ ਬਜ਼ੁਰਗਾਂ ਨੇ ਦੱਸਿਆ ਕਿ ਅਕਸਰ ਉਹ ਪਹਿਲਾਂ ਵੀ ਆਪ ਹੀ ਇਸ ਤਰ੍ਹਾਂ ਦੀ ਗ੍ਰੈਫੀਟੀ ਨੂੰ ਸਾਫ਼ ਕਰਦੇ ਰਹੇ ਹਨ ਤੇ ਇਹ ਘਟਨਾ ਕਈ ਵਾਰ ਹੋ ਚੁੱਕੀ ਹੈ। ਪੁਲਿਸ ਲੋਕਾਂ ਤੋਂ ਸਹਿਯੋਗ ਮੰਗ ਰਹੀ ਹੈ ਕਿ ਜੇ ਕਿਸੇ ਨੇ ਇਸ ਘਟਨਾ ਨੂੰ ਅੱਖੀਂ ਵੇਖਿਆ ਹੋਵੇ ਤਾਂ ਉਹਨਾਂ ਨਾਲ ਸੰਪਰਕ ਕੀਤਾ ਜਾਵੇ। ਇਲਾਕਾ ਨਿਵਾਸੀਆਂ ਨੇ ਇਸ ਪਾਰਕ ਵਿੱਚ ਪੁਲਿਸ ਗ਼ਸ਼ਤ ਵਧਾਉਣ ਦੀ ਮੰਗ ਕੀਤੀ ਹੈ।

**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ।ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ।ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ:**
**403 680 0436**

**Name Change**

I Gursimran Kaur wife of Preet Singh Chawla holder of Indian passport No. S4157161 issued at Jalandhar on 03-08-2018 resident of Brown Road Ludhiana Punjab India permanent resident of 29 Walden Park SE Calgary, Alberta T2X 0Z1 Canada do hereby change my name from Gursimran Kaur to Gursimran Kaur Chawla with immediate effect .
Date: July 24/2021"Phone: 403 554 8736




**Tractor Trucks for Lease**

Two Trucks for Lease
Volvo Trucks with Sleeper
Maintenance Free Lease
Minimum Six Months to Twelve Months Lease
Good for Local, Regional/Short-Haul
$5000.00 Down
$4000.00 Per Month
Some Restrictions Apply
Please Contact:

FRESH FREIGHT



**KulbirShergill Fresh Freight Ltd**
Phone or Text- 403-510-0070
Email: info@freshfreight.ca

## ਨਵਜੋਤ ਸਿੱਧੂ ਪ੍ਰਧਾਨਗੀ ਦੇ ਨਸ਼ੇ ਵਿੱਚ ਗੁਰ-ਅਸਥਾਨਾਂ ਦੀ ਮਰਿਯਾਦਾ ਨਾ ਭੁੱਲਣ- ਬੀਬੀ ਜਗੀਰ ਕੌਰ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ) ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਪਹੁੰਚੇ ਕਾਂਗਰਸ ਆਗੂ ਨਵਜੋਤ ਸਿੰਘ ਸਿੱਧੂ ਨੂੰ ਕਿਸੇ ਪਤਿੱਤ ਵਿਅਕਤੀ ਵੱਲੋਂ ਗੁਰਦੁਆਰਾ ਸਾਹਿਬ ਦੇ ਅੰਦਰ ਦਿੱਤੇ ਗਏ ਸਿਰੋਪਾਓ 'ਤੇ ਸਖ਼ਤ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਇਹ ਸਿੱਖ ਮਰਯਾਦਾ ਦੀ ਉਲੰਘਣਾ ਹੈ ਅਤੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨਗੀ ਦੇ ਨਸ਼ੇ ਵਿੱਚ ਗੁਰ-ਅਸਥਾਨਾਂ ਦੀ ਮਰਯਾਦਾ ਦਾ ਉਲੰਘਣ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਬੀਤੇ ਦਿਨੀਂ ਦਸਮ ਪਾਤਸ਼ਾਹ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਪਾਵਨ ਅਸਥਾਨ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਵਜੋਤ ਸਿੰਘ ਸਿੱਧੂ ਨੂੰ ਉਸ ਦੀ ਪਾਰਟੀ ਦੇ ਪਤਿੱਤ ਲੋਕਾਂ ਨੇ ਗੁਰਦੁਆਰਾ ਸਾਹਿਬ 'ਚ ਸਿਰੋਪਾਓ ਦੇ ਕੇ ਮਰਯਾਦਾ ਦਾ ਉਲੰਘਣ ਕੀਤਾ ਹੈ। ਇਸ ਦੇ ਨਾਲ ਹੀ ਸਿੱਧੂ ਦੇ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ 'ਤੇ ਪੁਲਿਸ ਪ੍ਰਸ਼ਾਸ਼ਨ ਵਲੋਂ ਸੰਗਤ ਨੂੰ ਵੀ ਰੋਕ ਕੇ ਪ੍ਰੇਸ਼ਾਨ ਕੀਤਾ ਗਿਆ, ਜਿਸ ਨਾਲ ਉਨ੍ਹਾਂ ਦੇ ਮਨਾਂ ਅੰਦਰ ਭਾਰੀ ਰੋਸ ਹੈ। ਉਨ੍ਹਾਂ ਆਖਿਆ ਕਿ ਨਵਜੋਤ ਸਿੰਘ ਸਿੱਧੂ ਵਾਰ-ਵਾਰ ਗੁਰਦੁਆਰਾ ਸਾਹਿਬਾਨ ਦੀ ਮਾਣ-ਮਰਯਾਦਾ ਨੂੰ ਠੇਸ ਪਹੁੰਚਾ ਰਿਹਾ ਹੈ। ਬੀਬੀ ਜਗੀਰ ਕੌਰ ਨੇ ਅੱਗੇ ਕਿਹਾ ਕਿ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਪਹਿਲਾਂ ਨਵਜੋਤ ਸਿੰਘ ਸਿੱਧੂ ਵਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਨਤਮਸਤਕ ਹੋਣ ਸਮੇਂ ਵੀ ਸ਼ਕਤੀ ਪ੍ਰਦਰਸ਼ਨ ਵਰਗਾ ਵਿਹਾਰ ਕੀਤਾ ਗਿਆ ਸੀ ਅਤੇ ਪਰਕਰਮਾਂ ਵਿੱਚ ਧੱਕੀ-ਮੁੱਕੀ ਹੋਣ ਨਾਲ ਸੰਗਤ ਨੂੰ ਭਾਰੀ ਮੁਸ਼ਕਿਲਾਂ ਆਈਆਂ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਇੱਕ ਮਰਯਾਦਾ ਹੈ ਅਤੇ ਇਥੇ ਨਤਮਸਤਕ ਹੋਣ ਸਮੇਂ ਸਭ ਨੂੰ ਇਸ ਮਰਯਾਦਾ ਦਾ ਖ਼ਿਆਲ ਰੱਖਣਾ ਚਾਹੀਦਾ ਹੈ। ਨਵਜੋਤ ਸਿੰਘ ਸਿੱਧੂ ਗੁਰਦੁਆਰਾ ਸਾਹਿਬ ਅੰਦਰ ਪ੍ਰਧਾਨ ਦੀ ਹੈਸੀਅਤ ਨਾਲੋਂ ਇੱਕ ਸ਼ਰਧਾਲੂ ਦੀ ਤਰ੍ਹਾਂ ਪੁੱਜਣ ਅਤੇ ਆਪਣੇ ਸਾਥੀਆਂ ਨੂੰ ਮਨਮੱਤੀ ਕਾਰਵਾਈਆਂ ਕਰਨ ਤੋਂ ਵਰਜਣ।

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682



# ਕਵੀਸ਼ਰੀ ਦਾ ਧਰੂ ਤਾਰਾ - ਬਾਬੂ ਰਜਬ ਅਲੀ ਖਾਨ



ਜਗਦੇਵ ਸਿੱਧੂ ਕੈਲਗਰੀ
403 351 1136

ਕਵੀਸ਼ਰੀ ਲਿਖਣੀ ਤੇ ਗਾਉਣੀ ਹਾਰੀ ਸਾਰੀ ਦਾ ਕੰਮ ਨਹੀਂ। ਇਸ ਦੇ ਵਾਸਤੇ ਕਵੀਸ਼ਰੀ ਪ੍ਰੰਪਰਾ ਦਾ ਪੂਰਨ ਗਿਆਨ, ਵਿਦਵਤਾ, ਬੌਧਿਕਤਾ, ਇਤਿਹਾਸ-ਮਿਥਿਹਾਸ ਦੀ ਭਰਪੂਰ ਜਾਣਕਾਰੀ, ਅੱਖਰਾਂ ਦਾ ਗਿਆਨ, ਪਿੰਗਲ ਅਰੂਜ਼ ਦੀ ਮੁਹਾਰਤ, ਪ੍ਰਸੰਗਾਂ ਵਿਚਲੇ ਕਥਾਨਕਾਂ ਅਨੁਸਾਰ ਢੁਕਵੇਂ ਛੰਦਾਂ ਦੀ ਚੋਣ, ਕਥਾਨਕ ਨੂੰ ਬਿਆਨਣ ਲਈ ਵਿਸਥਾਰ ਦੇਣ ਦੀ ਯੋਗਤਾ, ਸਭਿਆਚਾਰ, ਲੋਕ-ਧਾਰਾ, ਰਸਮ-ਰਿਵਾਜ, ਰਹੁ-ਰੀਤਾਂ, ਅਖਾਣਾ, ਮੁਹਾਵਰੇ, ਵਗੈਰਾ ਕਵੀਸ਼ਰੀ ਦੀ ਰਚਨਾਤਮਕ ਸ਼ਕਤੀ ਬਣਦੇ ਹਨ। ਬਾਬੂ ਰਜਬ ਅਲੀ ਖ਼ਾਨ ਕੋਲ ਇਸ ਸਾਰੀ ਮੂਲ ਸਮੱਗਰੀ ਦਾ ਅਥਾਹ ਤੇ ਹੈਰਾਨਕੁਨ ਖ਼ਜ਼ਾਨਾ ਸੀ। ਉਸ ਨੇ ਪੰਜਾਬੀ ਤੋਂ ਇਲਾਵਾ ਹਿੰਦੀ, ਫ਼ਾਰਸੀ-ਉਰਦੂ ਤੇ ਅੰਗ੍ਰੇਜ਼ੀ ਵਿੱਚ ਬਾਕਾਇਦਾ ਤਾਲੀਮ ਹਾਸਲ ਕੀਤੀ। ਇੰਜੀਨੀਅਰਿੰਗ ਦਾ ਵਕਾਰੀ ਡਿਪਲੋਮਾ ਕਰ ਕੇ ਨਹਿਰੀ ਮਹਿਕਮੇ ਵਿੱਚ ਓਵਰਸੀਅਰ ਵਜੋਂ ਲੋਕਾਂ ਦਾ ਹਰਮਨ ਪਿਆਰਾ 'ਬਾਬੂ ਜੀ' ਬਣ ਗਿਆ। ਉਨ੍ਹਾਂ ਵੇਲਿਆਂ ਦੇ ਏਨੇ ਸ਼ਾਨਦਾਰ ਪਿਛੋਕੜ ਨੇ ਉਸ ਨੂੰ ਪਿੰਗਲ ਪੜ੍ਹਨ ਉਪ੍ਰੰਤ ਪਿੰਗਲ ਦਾ ਉਸਤਾਦ ਹੀ ਬਣਾ ਦਿੱਤਾ। ਉਸ ਨੂੰ ਪੰਜਾਬੀ ਜ਼ਬਾਨ ਉਪਰ ਮੁਕੰਮਲ ਪਕੜ ਸੀ। ਉਸ ਦੀ ਲਿਖਾਈ ਵੀ ਕਾਬਲੇ- ਤਾਰੀਫ਼ ਸੀ।

**--ਖ਼ਤ ਲਿਖੇ ਸੁੱਚੇ ਨੂੰ ਨਰੈਣਾ ਸੜਿਆ ਵਿਆ।**
**ਬਾਬੂ ਜੀ ਪਿੰਗਲ ਅੰਗ੍ਰੇਜ਼ੀ ਪੜ੍ਹਿਆ ਵਿਆ।**
**--ਬਾਬੂ ਹਰਫ਼ ਬਣਾਂਵਦਾ ਗੁਰਮੁਖੀ ਦੇ, ਜਿਵੇਂ ਹੱਥ ਹੁਸ਼ਿਆਰ ਕਲਰਕ ਦਾ ਜੀ।**
**--ਰਜਬਲੀ ਖ਼ਾਂ ਸ਼ੈਰੀਆਂ ਕਰਨ ਲੱਗਾ, ਸਿੱਖ ਈੜੀਆਂ ਆੜਿਆਂ ਊੜਿਆਂ ਨੂੰ।**

ਕਵੀਸ਼ਰਾਂ ਵਿੱਚ ਗੁਰੂ ਧਾਰਨ ਦੀ ਪ੍ਰੰਪਰਾ ਰਹੀ ਹੈ। ਬਾਬੂ ਜੀ ਨੇ ਵੀ ਉਸ ਸਮੇਂ ਦੇ ਪ੍ਰਸਿੱਧ ਕਵੀਸ਼ਰ ਮਾਨ ਸਿੰਘ ( ਪਿੰਡ ਕਾਹਨ ਸਿੰਘ ਵਾਲਾ, ਭੁੱਚੋ-ਤੁੰਗਵਾਲੀ ਰੋਡ, ਜ਼ਿਲਾ ਬਠਿੰਡਾ ) ਨੂੰ 1921 ਵਿੱਚ ਵਿਧੀ ਪੂਰਵਕ ਪੱਗ ਦੇ ਕੇ ਗੁਰੂ ਧਾਰਿਆ।

**-- ਮਾਨ ਸਿਉਂ ਕਵੀਸ਼ਰਾਂ ਦਾ ਸ਼੍ਰੋਮਣੀ ਐਂ।**
**ਬੌਧਕ ਗਰਾਮਰ ਉਨ੍ਹਾਂ ਦੀ ਬਣੀ ਐਂ।**
**ਸੱਚ ਕਹਾਂ ਖਾਵਾਂ ਕੂੜ ਦੀ ਸੁਗੰਧ ਨਾ।**
**ਦੋਊ ਜੋੜ ਸ਼ਾਇਰਾਂ ਨੂੰ ਹਮਾਰੀ ਵੰਦਨਾ।**
**ਉਸ ਨੂੰ ਆਪਣੇ ਕਸਬ ਅਤੇ ਗੁਰੂ ਪ੍ਰਤੀ ਅਥਾਹ ਸ਼ਰਧਾ ਸੀ।**

--ਰਜਬਲੀ ਉਸਤਾਦ ਤੋਂ ਪੁੱਛ ਲੈਣਾ ਜਦੋਂ ਆਪ ਸਵਾਲ ਨਾ ਹੱਲ ਹੋਵੇ।

ਇੱਕ ਹੋਰ ਯੁਗਾਂ ਪੁਰਾਣੀ ਰੀਤ ਹੈ ਕਿ ਕਵੀ ਜਾਂ ਕਵੀਸ਼ਰ ਕਿੱਸਾ ਰਚਣ ਤੋਂ ਪਹਿਲਾਂ ਇਸ ਦੇ ਆਰੰਭ ਵਿੱਚ ਮੰਗਲਾਚਰਨ ਲਿਖ ਕੇ ਆਪਣੇ ਇਸ਼ਟ ਤੋਂ ਰਚਨਾ ਦਾ ਵਰਦਾਨ ਮੰਗਦੇ ਹਨ। ਯੂਨਾਨੀ ਕਵੀ ਹੋਮਰ ਦਾ ਤਕਰੀਬਨ 850 ਬੀ. ਸੀ. ਵਿੱਚ 'ਓਡਿੱਸੀ' ਮਹਾਂਕਾਵਿ ਲਿਖਣ ਦੇ ਆਰੰਭ ਵਿੱਚ ਵਿੱਦਿਆ ਅਤੇ ਸੰਗੀਤ ਦੀ ਦੇਵੀ 'ਮਿਊਜ਼' ਨੂੰ ਸੰਬੋਧਿਤ ਹੋਣਾ ਇਸ ਪ੍ਰਥਾ ਵੱਲ ਸੰਕੇਤ ਕਰਦਾ ਹੈ। ਸਾਡੀ ਸਭਿਅਤਾ ਵਿੱਚ ਸਰੁਸਤੀ ਦੇਵੀ ਨੂੰ ਇਹ ਮੁਕਾਮ ਹਾਸਲ ਹੈ- ' ਨਮੋ ਸ਼ਾਰਦਾ ਮਾਤ ਵਿੱਦਿਆ ਪ੍ਰਦਾਇਨੀ '। ਰਜਬ ਅਲੀ ਮੁਸਲਮਾਨ ਹੁੰਦਿਆਂ ਹੋਇਆਂ ਵੀ ਇਸ ਪ੍ਰੰਪਰਾ ਦਾ ਪਾਲਣ ਕਰਦਾ ਹੈ।

**--ਬਖ਼ਸ਼ ਕੁਝ ਜ਼ੋਰ ਸੁਰੱਸਤੀ ਦਾ, ਮੂੰਹਾਂ 'ਚੋਂ ਫ਼ਿਕਰੇ ਪੁਸ਼ਪ ਬਣ ਬਰਸਣ।**
**--ਤੇਰੇ ਪਰਵਾਹ ਕੀ ਹੋਣੀ, ਜੀ ਬਣਾਦੇ ਵਾਜ ਮੋਹਣੀ,**
**ਦੇ ਬਖ਼ਸ਼ ਸ਼ਾਇਰੀ ਸੋਹਣੀ, ਤੇ ਛੰਦਾਂ ਦੀ ਹੋਰ ਘਾੜ ਸੁੱਟ।**
**--ਵਿੱਦਿਆ ਦੀ ਲਾਗ ਲਗਣ ਦੇ, ਪਿੰਗਲ ਜੋਤ ਜਗਣ ਦੇ।**
**ਸ਼ਾਇਰੀ ਦੀ ਨਹਿਰ ਵਗਣ ਦੇ, ਵਿਚਾਰ ਸਾਰ ਗਿਆਨ ਦੇਹ।**
**-- ਬਾਬੂ ਚੱਕਤੀ ਰਾਮ ਨੇ ਸੁਸਤੀ।**
**ਰਜਬਲੀ ਖ਼ਾਂ ਵਾਂਗਰਾਂ ਚੁਸਤੀ।**
**ਮੇਰੀ ਜੀਭ ਤੇ ਰਹੇ ਸਰੁਸਤੀ।**

ਇਸੇ ਕੜੀ ਵਿੱਚ ਇੱਕ ਹੋਰ ਪ੍ਰੰਪਰਾ। ਮਾਲਵੇ ਦੀ ਧਰਤੀ ਤੇ ਬਠਿੰਡਾ - ਮੌੜ ਸੜਕ ਤੇ ਪੈਂਦੇ ਪਿੰਡ- ਮਾਈਸਰ ਖਾਨੇ- ਵਿੱਚ ਹਰ ਸਾਲ ਦੋ ਵਾਰ ਦੇਵੀ ਮਾਤਾ ਦਾ ਮੇਲਾ ਲਗਦਾ ਹੈ ਜਿੱਥੇ ਦੂਰ- ਦੂਰ ਤੋਂ ਕਵੀਸ਼ਰ ਆ ਕੇ ਚਰਨ ਵੰਦਨਾ ਗਾਉਂਦੇ ਹੋਏ ਮਾਤਾ ਦੀ ਚੌਂਕੀ ਭਰਦੇ ਹਨ। ਰਜਬ ਅਲੀ ਇਸ ਦਾ ਬਾਕਾਇਦਾ ਜ਼ਿਕਰ ਕਰਦਾ ਹੈ।

**--ਬਾਊ ਜੀ ਦਾ ਮੇਲਾ ਹੋ ਜੇ ਬੰਗਲੇ ਨਹਿਰ ਵਾਲੇ**
**ਬਾਬੂ ਜੀ ਕਵੀਸ਼ਰਾਂ ਦਾ ਮੇਲਾ ਹੋ ਜੇ ਖਾਨੇ ਜੀ।**

ਰਜਬ ਅਲੀ ਨੂੰ ਵਿਰਸੇ ਵਿੱਚ ਮਿਲੀ ਕਿੱਸਿਆਂ- ਕਵੀਸ਼ਰਾਂ ਦੀ ਬਹੁਤਾਤ, ਸਭਿਆਚਾਰ ਦੀ ਅਮੀਰੀ, ਨਾ ਸਿਰਫ਼ ਫਸਲਾਂ ਲਈ ਸਗੋਂ ਕਵੀਸ਼ਰੀ ਲਈ ਜ਼ਰਖ਼ੇਜ਼ ਧਰਤੀ, ਖੁਲ੍ਹੇ- ਡੁਲ੍ਹੇ ਸੁਭਾਅ ਦੇ ਰੰਗੀਲੇ, ਮਿਹਨਤੀ ਤੇ ਅਣਖੀਲੇ ਲੋਕ, ਨਹਿਰੀ ਪਾਣੀਆਂ ਦੀਆਂ ਮੋਘਿਆਂ ਵਿੱਚ ਪੈਂਦੀਆਂ ਛੱਲਾਂ, ਰਮਣੀਕ ਨਹਿਰੀ ਬੰਗਲੇ, ਪਟੜੀਆਂ ਤੇ ਟਾਹਲੀਆਂ ਦੀ ਸੰਘਣੀ ਛਾਂ, ਪੰਛੀਆਂ ਦੇ ਗੀਤ, ਪਸ਼ੂਆਂ ਦੀ ਰੰਭ- ਰੰਭਾਹਟ, ਪਿੰਡਾਂ ਦੀਆਂ ਭਰੀਆਂ ਸੱਥਾਂ, ਅਖਾੜੇ, ਇਤਿਹਾਸਕ, ਮਿਥਿਹਾਸਕ, ਧਾਰਮਕ ਪ੍ਰਸੰਗਾਂ ਦੀ ਗੁੜ੍ਹਤੀ। ਪੰਜਾਬ ਦੇ ਦੂਜੇ ਸਿਰੇ ਪਿਸ਼ਾਵਰ ਦੇ ਨਹਿਰਾਂ-ਰਜਵਾਹਿਆਂ ਤੋਂ ਸ਼ੁਰੂ ਹੋ ਕੇ, ਅਖਾੜੇ ( ਜਗਰਾਓਂ ) ਬੰਗਲੇ ਤੋਂ ਹੁੰਦਾ ਹੋਇਆ ਧੁਰ ਦੱਖਣ ਸੱਸੀ ਦੇ ਭੰਬੋਰ (ਅਬੋਹਰ ) ਵਾਲੇ ਇਲਾਕੇ ਤੱਕ ਨਹਿਰਾਂ ਦਾ ਬੇ-ਤਾਜ ਬਾਦਸ਼ਾਹ ਇਹ ਅਲਬੇਲਾ ਗੱਭਰੂ ਪਿਆਸੀ ਧਰਤੀ ਨੂੰ ਮੋਘਿਆਂ ਦੇ ਪਾਣੀ ਨਾਲ ਸਰਸ਼ਾਰ ਕਰ ਕੇ ਲਹਿਲਹਾਉਂਦੀਆਂ ਫਸਲਾਂ ਵੇਖ ਕੇ ਸ਼ਾਇਰ ਬਣ ਗਿਆ। ਮਾਲਵੇ ਦੇ ਲੋਕਾਂ ਦਾ ਚਹੇਤਾ ਹਰਮਨ ਪਿਆਰਾ 'ਬਾਬੂ ਜੀ'। ਸ਼ਾਇਰੀ ਦੀ ਧਾਰਾ ਇਉਂ ਵਗ ਤੁਰੀ ਜਿਵੇਂ ਨਹਿਰ ਦਾ ਪਾਣੀ ਅਠਖੇਲੀਆਂ ਕਰਦਾ ਮਾਣ-ਮੱਤਾ ਵਗਦਾ ਹੈ।




**--ਕਰ ਦੇ ਦਲੀਲ ਪੂਰੀ ਬਾਬੂ ਨਹਿਰੀ ਦੀ।**
**ਮਿੱਠੀ ਨਹਿਰ ਚੱਲ ਪਏ ਦਿਮਾਗ਼ੋਂ ਸ਼ਾਇਰੀ ਦੀ।**
**--ਜੱਟ ਦਿਲੋਂ ਭੁਲਾਉਂਦੇ ਨਾ ਦਾਸ ਨੇ ਲਾ ਤੇ ਜਿਨ੍ਹਾਂ ਦੇ ਮੋਘੇ।**

ਰਜਬ ਅਲੀ ਨੇ ਇਸ ਧਰਤੀ, ਇਸਦੇ ਪਿਛੋਕੜ ਅਤੇ ਇਸ ਦੇ ਲੋਕਾਂ ਬਾਰੇ ਕੋਈ ਪੱਖ ਅਜਿਹਾ ਨਹੀਂ ਛੱਡਿਆ ਜਿਹੜਾ ਉਸ ਦੀ ਸ਼ਾਇਰੀ ਤੋਂ ਬਾਹਰ ਰਹਿ ਗਿਆ ਹੋਵੇ। ਉਸ ਨੇ ਅੱਸੀ ਤੋਂ ਵੱਧ ਪ੍ਰਸੰਗ ਕਿੱਸਿਆਂ ਵਿੱਚ ਸੰਭਾਲ ਦਿੱਤੇ। ਉਸ ਨੇ ਸਿਆਣਪ ਦੇ ਕਬਿੱਤਾਂ ਵਿੱਚ 120 ਤੋਂ ਵੱਧ ਪਿੰਡਾਂ ਦੀਆਂ ਪ੍ਰਚਲਤ ਖਾਸੀਅਤਾਂ ਦਾ ਬਾ-ਖ਼ੂਬੀ ਤੇ ਕਮਾਲ ਦਾ ਵਰਨਣ ਕਾਵਿਆਇਆ ਹੈ, ਕੋਈ 100 ਤੋਂ ਵੱਧ ਸ਼ਹਿਰਾਂ ਦੀ ਮਸ਼ਹੂਰੀ ਦੀਆਂ ਚਲੰਤ ਧਾਰਨਾਵਾਂ ਨੂੰ ਕਬਿੱਤਾਂ ਦਾ ਸ਼ਿੰਗਾਰ ਬਣਾਇਆ ਹੈ, 50 ਤੋਂ ਵੱਧ ਕਬਿੱਤਾਂ ਵਿੱਚ ਸਿਆਣਪ ਦੀਆਂ ਉਹ ਵਡਮੁੱਲੀਆਂ ਗੱਲਾਂ ਦੱਸੀਆਂ ਹਨ ਜਿਹੜੀਆਂ ਪੀੜ੍ਹੀ ਦਰ ਪੀੜ੍ਹੀ ਬਜ਼ੁਰਗਾਂ ਰਾਹੀਂ ਸਾਡੇ ਤੱਕ ਪਹੁੰਚੀਆਂ ਸਨ ਤੇ ਜਿਨ੍ਹਾਂ ਨੂੰ ਪੜ੍ਹ ਕੇ ਹੈਰਾਨ ਰਹਿ ਜਾਣਾ ਸੁਭਾਵਕ ਹੈ। ਇਸ ਤੋਂ ਬਿਨਾ ਉਸ ਸਮੇ ਦੇ ਕਵੀਸ਼ਰਾਂ, ਖਾਸ ਕਰ ਕੇ ਆਪਣੇ 30 ਦੇ ਕਰੀਬ ਚਹੇਤੇ ਸ਼ਾਗਿਰਦ ਕਵੀਸ਼ਰਾਂ ਦੀਆਂ ਸਿਫ਼ਤਾਂ ਬਿਆਨ ਕਰਨ ਲਈ ਕਬਿੱਤਾਂ ਦਾ ਸਹਾਰਾ ਲਿਆ। ਕੁਛ ਗਿਣਤੀ ਵੀਲੀਆਂ ਬੈਂਤਾਂ ਵੀ ਧਿਆਨ ਖਿਚਦੀਆਂ ਹਨ।

--ਲੱਤੋਂ ਲੰਗਾ ਬੈਲ ਹੋ ਜੇ, ਬੁੜ੍ਹਾ ਜੇ ਬੇ-ਟਹਿਲ ਹੋ ਜੇ,
**'ਫ਼ੀਮ ਦਾ ਜੇ ਵੈਲ ਹੋ ਜੇ, ਐਦੂੰ ਦੁੱਖ ਕੋਈ ਨਾ।**
**--ਘੁੱਦੇ ਵਿੱਚ ਗੱਪੀ ਲੋਕ, ਭੁੰਬੇ ਦੇ ਚਹੇਡੀ ਬਾਹਲੇ,**
**ਬਾਹੋ ਹੁੱਕਾ ਪੀਣ ਤੇ ਮੀਏਂ ਦੇ ਲਾਉਣ ਭਾਨੀਆਂ।**
**--ਟੇਸ਼ਨ ਬਠਿੰਡਾ ਤੇ ਸਰਾਂ ਨਾ ਨੂਰ ਮਹਿਲ ਜੈਸੀ,**
**ਤਾਲ ਤਲਵੰਡੀ ਦਾ ਸੁਹਾਵੇ ਢਾਬ ਮੱਲੇ ਦੀ।**
**--ਰੂਈ, ਰੇਸ਼ਮ, ਉੱਨ, ਤੇ ਸਣ, ਕਿਉੜਾ,**
**ਨਾਰਾਂ ਸਿਆਣੀਆਂ ਲੈਂਦੀਆਂ ਕੱਤ ਪੰਜੇ।**

ਰਜਬ ਅਲੀ ਛੰਦ ਜੋੜਦਾ, ਲਿਖਦਾ, ਸੰਵਾਰਦਾ ਤੇ ਕਿੱਸਾ ਬਣਾਉਂਦਾ। ਫਿਰ ਉਸ ਦੀਆਂ ਹੱਥ-ਲਿਖਤ ਕਾਪੀਆਂ ਕਰ ਕੇ ਆਪਣੇ ਸ਼ਾਗਿਰਦਾਂ ਨੂੰ ਦਿੰਦਾ। ਉਨ੍ਹਾਂ ਨੂੰ ਕਿੱਸਾਕਾਰੀ ਦੇ ਗੁਰ ਸਿਖਾਉਂਦਾ ਤੇ ਪ੍ਰਸੰਗ ਬੰਨ੍ਹਣ ਦੇ ਹੁਨਰ ਦਸਦਾ। ਸ਼ਾਇਦ ਇਹ ਰਜਬ ਅਲੀ ਹੀ ਸੀ ਜਿਸ ਦੇ ਜਿਉਂਦੇ ਜੀਅ ਇੱਕ ਸੌ ਦੇ ਕਰੀਬ ਸ਼ਾਗਿਰਦ ਬਣੇ ਜਿਨ੍ਹਾਂ ਦੀ ਉਹ ਸਿਫ਼ਤ ਕਰਦਾ ਥਕਦਾ ਨਹੀਂ ਸੀ, ਤੇ ਜਿਨ੍ਹਾਂ ਨੂੰ ਉਹ ਧਾਰਮਿਕ ਅਕੀਦੇ ਵਾਂਗ ਪਿਆਰਦਾ ਸੀ। ਮਰਨ ਵੇਲੇ ਤੱਕ ਉਨ੍ਹਾਂ ਨੂੰ ਮਿਲਣ ਦੀ ਤਾਂਘ ਲਈ ਤੜਪਦਾ ਰਿਹਾ।

-- ਬਾਬੂ ਕਹੇ ਜਗਮੇਲ, ਬਸੰਤ, ਠਾਣਾ, ਪਿਆਰੇ ਸ਼ਿਸ਼ ਕੁਰਾਨ ਦੀ ਆਇਤ ਮੇਰੀ।

ਉਸ ਨੂੰ ਸ਼ਾਗਿਰਦਾਂ ਤੋਂ ਬਹੁਤ ਆਸਾਂ ਸਨ, ਕੁਛ ਪੂਰੀਆਂ ਹੋਈਆਂ, ਕੁਛ ਅਜੇ ਵੀ ਅਧੂਰੀਆਂ ਹਨ।

**-- ਪੰਜ ਚਾਰ ਸਾਲ ਮੇਲਿਆਂ ਤੇ ਗਾਉਣਗੇ।**
**ਫੇਰ 'ਬਾਬੂ ਸਾਹਬ' ਕਾਪੀਆਂ ਛਪਾਉਣਗੇ।**

ਬਾਬੂ ਜੀ ਦੀ ਸਮੁੱਚੀ ਕਵੀਸ਼ਰੀ ਰਚਨਾ ਵਿੱਚੋਂ ਬਹੁਤੀ ਅਜੇ ਵੀ ਅਣ-ਛਪੀ ਪਈ ਹੈ। ਸਮਾਂ ਬੀਤਣ ਨਾਲ ਚਿੱਠੇ ਖਰੀਦਣ ਤੇ ਪੜ੍ਹਨ- ਸੁਨਣ ਦਾ ਰਿਵਾਜ, ਸਭਿਆਚਾਰ ਦੇ ਦੂਜੇ ਸਦਾਚਾਰੀ ਗੁਣਾਂ ਵਾਂਗ ਅਲੋਪ ਹੋ ਗਿਆ ਹੈ। ਰਜਬ ਅਲੀ ਆਪਣੇ ਆਪ ਨੂੰ ਹਲੀਮੀ ਨਾਲ ਕਵੀਸ਼ਰੀ ਵਿੱਚ ਹੇਠਲਾ ਦਰਜਾ ਹੀ ਦਿੰਦਾ ਹੈ।

**-- ਰਜਬ ਅਲੀ ਜੈਸਾ ਨਾ ਅਕਲਹੀਣ ਸ਼ਾਇਰ ਕੋਈ,**
**ਵਾਰਸ ਸ਼ਾਹ ਦੀ ਹੀਰ ਦੇ ਸਮਾਨ ਕੋਈ ਚਿੱਠਾ ਨਾ।**
**ਪਰ ਆਪਣੇ ਸਮਕਾਲੀਨ ਕਵੀਸ਼ਰਾਂ ਨੂੰ ਵੀ ਥਾਂ-ਸਿਰ ਰਖਦਾ ਹੈ।**
**-- ਤਿਹੁੰ ਜਣਿਆਂ ਦੇ ਛੰਦ ਹਾਸਰਸ ਦਾ ਨਮੂਨਾ ਇੱਕੋ,**
**ਬਾਬੂ ਜੀ ਤੇ ਮਾਘੀ ਸਿਉਂ ਮਰ੍ਹਾਝ ਵਾਲੇ ਚੰਦ ਦਾ।**

ਰਜਬ ਅਲੀ ਨੇ ਬੇਸ਼ੱਕ ਸਾਰੇ ਕਵੀਸ਼ਰਾਂ ਨਾਲੋਂ ਛੰਦਾਂ ਦੀਆਂ ਵੱਧ ਵੰਨਗੀਆਂ ਵਿੱਚ ਕਿੱਸਾ-ਕਾਵਿ ਦੀ ਰਚਨਾ ਕੀਤੀ ਹੈ। ਕਿੱਸਾ ਰਚਣ ਲੱਗਿਆਂ ਕਿਤੇ ਵੀ ਕਥਾ ਜਾਂ ਪ੍ਰਸੰਗ ਦੀ ਲੜੀ ਨਹੀਂ ਟੁੱਟਣ ਦਿੱਤੀ। ਉਤਸੁਕਤਾ ਅਤੇ ਲਗਾਤਾਰਤਾ ਨੂੰ ਕਾਇਮ ਰਖਦਾ ਹੋਇਆ ਮਨੋਰੰਜਨ ਅਤੇ ਹਾਸ ਰਸ ਪਾ ਕੇ ਅਕੇਵਾਂ ਨਹੀਂ ਆਉਣ ਦਿੰਦਾ। ਮੌਕੇ ਮੁਤਾਬਕ ਵਿਦਵਤਾ 'ਚੋਂ ਟੁੱਭੀ ਲਾ ਕੇ ਕਈ ਥਾਈਂ ਗਿਆਨ ਦਾ ਕਮਾਲ ਦਾ ਪ੍ਰਗਟਾਵਾ ਕੀਤਾ ਹੈ। ਕਿਸੇ ਔਰਤ ਦੇ ਸੁਹੱਪਣ ਨੂੰ ਸਾਕਾਰ ਕਰਨਾ ਹੋਵੇ, ਭਾਂਤ-ਭਾਂਤ ਦੇ ਪਕਵਾਨ ਗਿਨਾਉਣੇ ਹੋਣ, ਕਿਸੇ ਕਿਰਿਆ ਲਈ ਉੱਘੇ ਦੇਸ਼ਾਂ ਦੇ ਨਾਮ ਲੈਣੇ ਹੋਣ, ਵਿਆਹ-ਸ਼ਾਦੀ ਵੇਲੇ ਦੀਆਂ ਤਿਆਰੀਆਂ ਦੀ ਝਲਕ ਵਿਖਾਉਣੀ ਹੋਵੇ, ਹਾਰ-ਸ਼ਿੰਗਾਰ ਤੇ ਗਹਿਣਿਆਂ ਦੀ ਸੂਚੀ ਘੜਨੀ ਹੋਵੇ, ਬਾਗ ਅੰਦਰ ਵੇਲਾਂ, ਬੂਟਿਆਂ, ਦਰਖਤਾਂ, ਫੁੱਲਾਂ, ਫਲਾਂ ਦਾ ਵਰਨਣ ਕਰਨਾ ਹੋਵੇ, ਸਬਜ਼ੀਆਂ ਗਿਨਾਉਣੀਆਂ ਹੋਣ, ਪਿੰਡਾਂ ਦੇ ਰਸਤਿਆਂ-ਟਿਕਾਣਿਆਂ ਦਾ ਨਕਸ਼ਾ ਬੰਨ੍ਹਣਾ ਹੋਵੇ, ਬੰਦੂਕ ਵਰਗੇ ਹਥਿਆਰ ਦੀ ਤਕਨੀਕੀ ਬਣਤਰ ਬਿਆਨ ਕਰਨੀ ਹੋਵੇ ਜਾਂ ਕਿਸੇ ਭੂਗੋਲਿਕ ਸਥਿਤੀ ਨੂੰ ਉਜਾਗਰ ਕਰਨਾ ਹੋਵੇ, ਇਸ ਸਭ ਕਾਸੇ ਲਈ ਉਸ ਕੋਲ ਨਾ ਸ਼ਬਦਾਂ ਦੀ ਘਾਟ ਹੈ, ਨਾ ਜੁਗਾੜਬਾਜ਼ੀ ਦੀ, ਨਾ ਸ਼ਬਦਾਂ ਦੀ ਖ਼ੂਬਸੂਰਤ ਜੜਤ ਦੀ, ਤੇ ਨਾ ਪਿੰਗਲ ਦੇ ਨਿਯਮਾਂ ਦੇ ਨਿਭਾਅ ਦੀ ਕੋਈ ਕਮੀ ਹੈ। ਉਸ ਕੋਲ ਸਮਾਨ ਅਰਥ ਸ਼ਬਦ ਘੁੰਮਰ ਪਾਉਂਦੇ ਰਹਿੰਦੇ ਹਨ। ਲੋੜ ਮੁਤਾਬਕ ਸ਼ਬਦਾਂ ਨੂੰ ਸੰਵਾਰ, ਤਰਾਸ਼ ਤੇ ਘੜ ਲੈਂਦਾਹੈ। ਮਿਸਾਲ ਵਜੋਂ ਪਿੰਗਲ ਦੇ ਨਿਭਾਅ ਲਈ ਕਿਤੇ ਰਜਬ ਅਲੀ, ਕਿਤੇ ਰੱਜਬਲੀ, ਕਿਤੇ ਰੱਜਬਲੀ ਖ਼ਾਨ ਜਾਂ ਖ਼ਾਂ, ਕਿਤੇ ਬਾਬੂ, ਕਿਤੇ ਬਾਬੂ ਜੀ, ਕਿਤੇ ਬਾਬੂ ਸਾਹਬ ਬਣ ਜਾਂਦਾ ਹੈ। ਉਸ ਨੇ ਔਖੇ ਤੋਂ ਔਖੇ ਛੰਦਾਂ ਨੂੰ ਕਮਾਲ ਦੀ ਮੁਹਾਰਤ ਨਾਲ ਸਿਰਜਿਆ ਹੈ। ਬੜੇ ਕਠਿਨ ਤੇ ਦੁਰਲੱਭ ਸ਼ਬਦਾਂ ਦੇ ਤੁਕਾਂਤ ਵਾਲੇ ਲੰਮੇ ਛੰਦ ਰਚ ਕੇ ਆਪਣੀ ਕਾਵਿ-ਕਲਾ ਦਾ ਸਿੱਕਾ ਜਮਾਇਆ ਹੈ। ਬਾਬੂ ਜੀ ਨੇ ਪਿੰਗਲ ਦੀ ਹੱਦ-ਬੰਦੀ ਤੋਂ ਇਲਾਵਾ ਦੋ ਨਵੇਂ ਛੰਦ ਆਪਣੀ ਅਸਾਧਾਰਨ ਕਾਵਿ-ਬੁੱਧੀ ਨਾਲ ਨਵੀਆਂ ਤਰਜ਼ਾਂ ਵਿੱਚ ਕਾਵਿ-ਜਗਤ ਨੂੰ ਦਿੱਤੇ ਹਨ, ਜਿਨ੍ਹਾਂ ਦਾ ਨਿਭਾਅ ਜਣੇ-ਖਣੇ ਦੇ ਵੱਸ ਦੀ ਗੱਲ ਨਹੀਂ। ਇਹ ਹਨ ਬਾਬੂ ਚਾਲ ਛੰਦ ਤੇ ਬਹੱਤਰ ਕਲਾ ਛੰਦ। ਨਮੂਨੇ ਵਜੋਂ

**-- ਗੁੰਦਮਾਬਦਨ, ਚੱਕਮਾ ਜਿਆ ਨੱਕ ਨੀ,ਧੌਣ ਚਿੱਟੀ ਬੋਤਲੇ, ਤੇ ਕਪੋਲ ਰੱਤੇ ਨੀ।**
**ਚੀਤੇ ਵਾਂਗੂੰ ਪਤਲਾ ਮੁੱਠੀ ਕੁ ਲੱਕ ਨੀ, ਤੂੰ ਵਛੇਰੀ ਕੋਤਲੇ, ਮਾਰੇਂਗੀ ਦੁਲੱਤੇ ਨੀ।**
**ਆਗੀ ਹੋਸ਼ ਜਦੋਂ ਤੂੰ ਕਰੇਂਗੀ ਹੱਦ ਨੀ, ਲਾ ਸ਼ਿੰਗਾਰ ਤਾਜੇ ਨੂੰ, ਨਵੇਂ ਪਾਕੇ ਗਹਿਣੇ ਨੀ।**
**ਤੇਰਾ ਰੂਪ ਮਹਾਰਾਣੀਆਂ ਤੋਂ ਵੱਧ ਨੀ, ਪੱਟ ਦੇਂਗੀ ਰਾਜੇ ਨੂੰ, ਨਖਰੇਲੇ ਨੈਣੇ ਨੀ।**

ਇਸ ਬਾਬੂ ਚਾਲ ਛੰਦ ਵਿੱਚ ਇੱਕੋ ਸਤਰ ਵਿੱਚ ਤਿੰਨ ਤੁਕਾਂਤ ਨਿਭਾਉਣੇ ਤੇ ਫਿਰ ਟੇਕ ਨਾਲ ਵੀ ਜੋੜਨਾ ਹੁਨਰ ਦੇ ਕਮਾਲ ਦੀ ਸਿਖਰ ਹੈ।

**-- ਬਾਗ਼ੀ ਕਰਨ ਬਗ਼ਾਵਤ ਜੀ,**
**ਰਲਣ ਤਿੰਨ ਕੌਮਾਂ, ਪਿਆ ਫੁੱਟ ਸੋਮਾਂ,**
**ਭਗਤ ਸਿੰਘ ਜੁਆਨ, ਕਰੂ ਨੁਕਸਾਨ,**
**ਅਰਜ਼ ਕਰੇ ਕਿੰਗ ਨੂੰ, ਪਿਛਾਂਹ ਨੂੰ ਹਟ ਲੋ।**
**ਭੇਜੇ ਤਾਰ ਵਾਇਸਰਾਏ ਜੀ,**
**ਨਵੇਂ ਉੱਠੇ ਛੋਹਰੇ, ਮਾਰਤੇ ਗੋਰੇ,**
**ਹੁਕਮ ਨਾ ਮੰਨਦੇ, ਛਾਉਣੀਆਂ ਪੱਟ ਲੋ।**

ਇਹ ਬਹੱਤਰ ਚਾਲ ਛੰਦ ਜਿੱਥੇ ਲਿਖਣਾ ਔਖਾ ਹੈ ਉੱਥੇ ਗਾਉਣਾ ਵੀ ਕਿਸੇ ਬੂਰੀਆਂ ਚੁੰਘਣ ਵਾਲੇ ਦਾ ਹੌਸਲਾ ਹੈ।

ਰਜਬ ਅਲੀ ਪੇਸ਼ਾ ਵਰ ਕਵੀਆਂ ਵਾਂਗ ਕਿੱਸੇ ਦੇ ਦਰਮਿਆਨ ਪ੍ਰਸੰਗ ਲਿਖਦਾ ਹੋਇਆ ਕਿਤੇ ਆਪਣੀ ਜੀਵਨੀ ਨਾਲ ਸਬੰਧਤ ਟੋਟਕੇ ਦੇ ਜਾਂਦਾ ਹੈ, ਕਿਤੇ ਸ਼ਾਗਿਰਦਾਂਦੇ ਨਾਂ ਜੜ ਦਿੰਦਾ ਹੈ ਤੇ ਕਿਤੇ ਗਾਹੇ-ਬਗਾਹੇ ਆਪਣੀ ਮਾਤ-ਭੂਮੀ, ਸਾਹੋ ਦਾ ਜ਼ਿਕਰ ਉਸ ਤੋਂ ਆਪ-ਮੁਹਾਰੇ ਹੋ ਜਾਂਦਾ ਹੈ, ਬਿਲਕੁਲ ਇਉਂ ਜਿਵੇਂ ਮੋਘੇ 'ਚੋਂ ਪਾਣੀ ਡਿਗਦਾ ਹੈ। ਕਿੱਸਾ ਜਾਨੀ ਚੋਰ ਵਿੱਚ ਇੱਕ ਥਾਂ ਇਉਂ ਲਿਖ ਜਾਂਦਾ ਹੈ--

**ਰੱਜਬਲੀ ਕਵੀਸ਼ਰ ਦੀ, ਸਦਾ ਰਹੇ ਨਗਰੀ ਰੰਗਾਂ ਵਿੱਚ ਵਸਦੀ।**
**ਜੁਆਈ ਆ ਗਿਆ ਸੁਨਿਆਰਿਆਂ ਦੇ, ਕੁੜੀ ਅੱਖ ਮੀਚ ਮੀਚ ਕੇ ਹਸਦੀ।**
**ਇਸੇ ਤਰ੍ਹਾਂ ਕਿੱਸਾ ਰਾਜਾ ਰਤਨ ਸੈਣ ਵਿੱਚੋਂ ਵੰਨਗੀ--**
**ਭੂਰਾ ਗੱਲਾਂ ਕਰਦਾ ਖੜੋ ਕੇ ਰੋਹ ਦੀਆਂ।**
**ਸਾਡੇ ਯਾਦ ਕਾਪੀਆਂ ਬਣਾਈਆਂ ਉਹ ਦੀਆਂ।**
**ਰਜਬਲੀ ਬਾਬੂ ਨਹਿਰ ਦਾ ਰਿਟੈਰ ਹੈ।**
**ਮੇਰੇ ਨਾਲ ਰਾਜੇ ਦਾ ਪੁਰਾਣਾ ਵੈਰ ਹੈ।**
**ਤੇ ਕਿੱਸਾ ਗੁਰਨਾਮ ਰਾਊਕੇ ਵਿੱਚੋਂ--**
**ਸੋਹਣਾ ਕਿੱਸਾ ਰਚਤਾ ਲਗਾਕੇ ਰੀਝ ਨੂੰ।**
**ਯਾਦ ਕਰਵਾਤਾ ਫ਼ਤਹਿ ਖ਼ਾਂ ਅਜ਼ੀਜ਼ ਨੂੰ।**
**ਮੁੰਡੇ ਦੂਰ ਦੂਰ ਦੇ ਮੰਗਣ ਕਾਪੀਆਂ।**
**ਦੇਣ ਭੈਣਾਂ ਸੂਰਮੇ ਭਰਾ ਨੂੰ ਥਾਪੀਆਂ।**

**ਬਾਬੂ ਜੀ ਦੀ ਪਿੰਡਾਂ ਦੇ ਨਾਵਾਂ ਨੂੰ ਪਿੰਗਲ ਦੇ ਨਿਯਮਾਂ ਵਿੱਚ ਬੰਨ੍ਹ ਕੇ ਛੰਦਾਂ ਵਿੱਚ ਚਿਨਣ ਦੀ ਕਲਾ ਸਿਖਰ ਦੀ ਹੈ--**
**ਸੁੱਖ ਉਰੇ ਫ਼ੀਰੋਜ਼ਪੁਰੋਂ, ਮੁਕਤਸਰ, ਬੰਗਲੇ, ਬਠਿੰਡੇ, ਮੋਗੇ, ਫੂਲ, ਜਗਰਾਵੀਂ।**
**--- ਭਾਗਾਂ ਵਾਲਿਆਂ ਬੰਦਿਆਂ ਨੇ ਵੇਖੇ ਸਾਹੋ ਕੇ ਹਮਾਰੇ ਘਰ ਜੀ।**
**ਮਾੜੀ, ਮੱਲਕੇ, ਬੰਬੀਹੇ, ਸੇਖੇ, ਤੇ ਸਿਵੀਆਂ ਸਮਾਲਸਰ ਜੀ।**
**ਜੀਦਾ, ਵਾਂਦਰ, ਬੁਰਜ, ਠੱਠੀ ਨਾਲੇ ਬਾਬੂ ਕੋਲੇ ਬਰਗਾੜੀ ਦੇ।**
**ਰਜਬ ਅਲੀ ਖੇਡਾਂ ਦਾਸ਼ੌਕੀਨ ਅਤੇ ਮੱਲ ਅਖਾੜਿਆਂ ਦੀ ਜਾਨ ਸੀ। ਲੰਮੀ ਛਾਲ ਵਿੱਚ ਉਸ ਦੀ ਝੰਡੀ ਸੀ।**
**-- ਜਦੋਂ ਮੈਂ ਤੇ ਅਰਜਣ ਨੇ ਮਾਰੀਆਂ ਸੇਖੇ ਝਿੜੀ ਛਲਾਂਗਾਂ।**

ਮੈਨੂੰ ਉਠਦੇ ਬਹਿੰਦੇ ਨੂੰ ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਸਾਹੋ ਨੂੰ, ਸ਼ਾਗਿਰਦਾਂ ਨੂੰ ਤੇ ਚੜ੍ਹਦੇ ਪੰਜਾਬ ਦੀ ਸਮੁੱਚੀ ਫ਼ਿਜ਼ਾ ਨੂੰ ਉਹ ਲਹਿੰਦੇ ਪੰਜਾਬ ਜਾ ਕੇ ਵੀ ਆਖ਼ਰੀ ਦਮ ਤੱਕ ਤਰਸਦਾ ਰਿਹਾ।

-- ਮੈਨੂੰ ਰੱਖ ਲੋ ਨਗਰ ਮੇਂ ਜੀ, ਨਗਰ ਦੇ ਲੋਕੋ ਹੱਥਾਂ ਦੀਆਂ ਵਾਹੋ।
ਬਾਬੂ ਜਾਣ ਦੇਵਣਾ ਨਾ, ਦਾਸ ਦੀ ਕਬਰ ਬਣਾ ਲੋ ਸਾਹੋ।

ਹੋਰ ਕਿਸੇ ਕਵੀ ਜਾਂ ਕਵੀਸ਼ਰ ਨੇ ਪੰਜਾਬੀ ਜ਼ਬਾਨ, ਜਨਮ-ਭੂਮੀ, ਸ਼ਾਗਿਰਦਾਂ ਜਾਂ ਆਪਣੇ ਲੋਕਾਂ ਨਾਲ ਮੋਹ ਦਾ ਏਨਾ ਜ਼ਬਰਦਸਤ ਦਿਲ-ਵਿੰਨ੍ਹਵਾਂ ਪ੍ਰਗਟਾਵਾ ਨਹੀਂ ਕੀਤਾ ਹੋਣਾ। ਇਹ ਵੀ ਉਸ ਦੀ ਸ਼ਾਇਰੀ ਦਾ ਹੀ ਇੱਕ ਉਘੜਵਾਂ ਪਹਿਲੂ ਹੈ।

ਮੁਸਲਮਾਨ ਵਰਿਆਮ ਰਾਜਪੂਤ ਧਮਾਲੀ ਖ਼ਾਂ ਅਤੇ ਮਾਂ ਜਿਉਣੀ ਦਾ ਇਹ ਚਾਰ ਭੈਣਾਂ ਮਗਰੋਂ ਜਨਮਿਆ ਇੱਕੋ-ਇੱਕ ਸਪੁੱਤਰ ਵਿੱਦਿਆ ਦੇ ਖੇਤਰ ਵਿੱਚ ਤਾਂ ਨਿੱਤਰਿਆ ਹੀ, ਸਗੋਂ ਬਤੌਰ ਨਹਿਰੀ ਓਵਰਸੀਅਰ ( ਬਾਬੂ ) ਬੜੀ ਇਮਾਨਦਾਰੀ, ਦਿਆਨਤਦਾਰੀ, ਮਿਹਨਤ, ਸਿਰੜ, ਅਤੇ ਲਗਨ ਨਾਲ ਸਰਕਾਰੀ ਨੌਕਰੀ ਕੀਤੀ। ਉਨ੍ਹਾਂ ਵੇਲਿਆਂ ਵਿੱਚ ਨਵੇਂ ਰਜਬਾਹੇ, ਕੱਸੀਆਂ ਨਿਕਲ ਰਹੇ ਸਨ, ਨਵੇਂ ਮੋਘੇ ਲੱਗ ਰਹੇ ਸਨ, ਸਦੀਆਂ ਤੋਂ ਬਰਾਨੀ ਪਏ ਬੰਜਰ ਖੇਤਾਂ ਦੀ ਸੁੱਕੀ ਹਿੱਕ ਤੇ ਪਾਣੀ ਫੇਰ ਕੇ ਤਰਸਦੀਆਂ ਜ਼ਮੀਨਾਂ ਨੂੰ ਹਰਾ ਭਰਿਆ ਬਣਾਇਆ ਜਾ ਰਿਹਾ ਸੀ। ਹਰੀ ਕਰਾਂਤੀ ਦੇ ਇਸ ਮੁੱਢਲੇ ਦੌਰ ਵਿੱਚ ਬਾਬੂ ਜੀ ਦੀ ਵੱਖਰੀ, ਅਨੋਖੀ ਤੇ ਵਡਮੁੱਲੀ ਇਤਿਹਾਸਕ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਸ ਦਾ ਇਹ ਕਾਰਜ ਵੀ ਉਸ ਦੀ ਸ਼ਾਇਰੀ ਦੀ ਕਰਮ ਭੂਮੀ, ਪਿੱਠ- ਕਥਾ ਤੇ ਪ੍ਰੇਰਨਾ ਬਣ ਕੇ ਉਸ ਵਿੱਚ ਰਲਗੱਡ ਹੋ ਗਿਆ। ਉਸ ਦੀ ਸ਼ਖ਼ਸੀਅਤ ਦਾ ਇੱਕ ਹੋਰ ਮਹੱਤਵਪੂਰਨ ਪੱਖ ਉਸ ਦੀ ਵਤਨ ਪ੍ਰਸਤੀ ਅਤੇ ਆਜ਼ਾਦੀ ਦੀ ਤਾਂਘ ਸੀ। ਉਸ ਨੇ ਸਰਕਾਰੀ ਅਫ਼ਸਰ ਹੁੰਦਿਆਂ ਅੰਗ੍ਰੇਜ਼ੀ ਸਾਮਰਾਜ ਵਿਰਵੁੱਧ ਚਲ ਰਹੀ ਆਜ਼ਾਦੀ ਦੀ ਲੜਾਈ ਵਿੱਚ ਬੇ-ਬਾਕ ਲਿਖਤਾਂ ਰਾਹੀਂ ਵਰਨਣਯੋਗ ਹਿੱਸਾ ਪਾਇਆ। ਇਸ ਦਾ ਖ਼ਮਿਆਜ਼ਾ ਉਸ ਨੂੰ ਤਰੱਕੀ ਵਿੱਚ ਰੋਕ ਦੀ ਸ਼ਕਲ ਵ੍ਚ ਭੁਗਤਣਾ ਪਿਆ ਤੇ ਅਣਖੀ ਪੰਜਾਬੀ ਨੇ ਸਮੇਂ ਤੋਂ ਪਹਿਲਾਂ ਸੇਵਾ-ਮੁਕਤੀ ਲੈ ਲਈ।

-- ਥੋਡਾ ਧੰਨ ਲੁੱਟ ਕੇ ਬਣਾਲੇ ਬੰਗਲੇ, ਬਲੈਤ ਵਾਲੇ ਗੋਰਿਆਂ ਨੇ।

ਉਸ ਨੇ ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਉਚੇਚੇ ਤੌਰ ਤੇ ਕਿੱਸਾ ਲਿਖਿਆ। ਮੁਸਲਮਾਨੀ ਸ਼ਰੀਅਤ ਦੀ ਪੂਰੀ ਪਾਲਣਾ ਕਰਨ ਵਾਲਾ ਰਜਬ ਅਲੀ ਆਪਣੇ ਕਾਰ ਵਿਹਾਰ ਅਤੇ ਰਚਨਾ ਧਰਮ ਨੂੰ ਧਰਮ-ਨਿਰਪੇਖ ਹੋ ਕੇ ਨਿਭਾਉਂਦਾ ਰਿਹਾ।

**-- ਨਾਮ ਰੱਬ ਦਾ ਜਪ ਕੇ ਤੇ ਰਜਬਲੀ ਰਖਦਾ ਦਿਲਾਂ ਨੂੰ ਮਾਂਜੀ, ਧਰਮ ਦਾ ਸੋਮਾਂ।**
**ਸਿਆਣੇ ਮੰਨਦੇ ਉਸੇ ਨੂੰ ਜੀ, ਸ਼ਾਇਰ ਜਿਹੜਾ ਨਜ਼ਮ ਬਣਾਵੇ ਸਾਂਝੀ, ਸੁਣਨ ਤਿੰਨ ਕੌਮਾਂ।**

ਰਜਬ ਅਲੀ 15 ਮਾਰਚ ਤੋਂ 26 ਮਾਰਚ 1965 ਤੱਕ ਪਾਕਿਸਤਾਨੋਂ ਸਾਹੋ ਕੇ ਆਇਆ ਤਾਂ ਮੇਲੇ ਵਰਗੀਆਂ ਰੌਣਕਾਂ ਲੱਗੀਆਂ ਰਹੀਆਂ। ਕਵੀਸ਼ਰਾਂ ਨੇ ਗੌਣ ਦੇ ਅਖਾੜੇ ਲਾਏ। ਇੱਥੇ ਉਸ ਦੀ ਮਾਂ ਜਿਉਣੀ ਦੀ ਕਬਰ ਹੈ। ਬਾਬੂ ਜੀ ਨੇ ਭਾਵੁਕ ਹੁੰਦਿਆਂ ਕਿਹਾ ਕਿ ਏਥੇ ਮੇਰੀਆਂ ਦੋ ਮਾਵਾਂ ਹਨ- ਮੇਰੀ ਜਨਮ-ਭੂਮੀ ਤੇ ਮੇਰੀ ਜਨਮ-ਦਾਤੀ। ਉਸ ਨੇ ਆਪਣੀ ਸ਼ੁਹਰਤ ਦਾ ਸਿਹਰਾ ਆਪਣੀ ਮਾਂ ਨੂੰ ਦਿੱਤਾ--

**ਐਸਾ ਤਾਂ ਮੈਂ ਕੁੱਝ ਨਹੀਂ ਕੀਤਾ ਮਿਲੀਆਂ ਜੋ ਵਡਿਆਈਆਂ,**
**ਇਹ ਤਾਂ ਕੀਤੀਆਂ ਮੇਰੀ ਮਾਂ ਦੀਆਂ, ਮੇਰੇ ਕੰਮ ਦੁਆਵਾਂ ਆਈਆਂ।**

ਜਦੋਂ 15 ਮਾਰਚ ਨੂੰ ਵਾਹਗਾ ਬਾਰਡਰ ਟੱਪ ਕੇ ਅੰਮ੍ਰਿਤਸਰ ਵਿਖੇ ਆਇਆ ਤਾਂ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਇਆ, ਪਰਿਕਰਮਾ ਵਿੱਚ ਬੈਠ ਕੇ ਜੋ ਹਿਮਾ ਦੋਤਾਰਾ ਛੰਦ ਵਿੱਚ ਅੰਕਿਤ ਕੀਤੀ, ਉਹ ਕਿਸੇ ਹੋਰ ਦੇ ਲਿਖਣ ਦੇ ਹਿੱਸੇ ਨਹੀਂ ਆਈ।

**-- ਇਸ ਮੰਦਰ ਸੁਨਹਿਰੀ ਤੇ, ਗਿਰਦੀਆਂ ਚੰਦ ਸੂਰਜ ਤੋਂ ਕਿਰਨਾ।**
**ਬਣੇ ਅਜਬ ਸੀਨਰੀ ਜੀ, ਸਿਓਨੇ ਨਾਲ ਟੱਕਰ ਜਲਾਂ ਪਰ ਗਿਰਨਾ।**
**ਫੜ ਪਟਕੇ ਰੇਸ਼ਮ ਦੇ, ਏਸ ਦਾ ਲਾਹੁਣ ਫ਼ਰਿਸ਼ਤੇ ਗਰਦਾ।**
**ਹਰਿਮੰਦਰ ਸੁਨਹਿਰੀ ਜੀ, ਦੂਰ ਤੋਂ ਜਗਮਗ ਜਗਮਗ ਕਰਦਾ।**

ਰਜਬ ਅਲੀ ਦੀ ਪੰਜਾਬੀ ਸਾਹਿਤ ਜਗਤ ਨੂੰ ਇੱਕ ਹੋਰ ਵੱਡੀ ਦੇਣ ਇਹ ਹੈ ਕਿ ਉਸ ਨੇ ਪੰਜਾਬੀ ਸ਼ਬਦਾਂ ਦਾ ਅਥਾਹ ਭੰਡਾਰ ਸੰਭਾਲ ਕੇ ਇਨ੍ਹਾਂ ਨੂੰ ਅਲੋਪ ਹੋਣ ਤੋਂ ਬਚਾ ਲਿਆ। ਕਿਸੇ ਵੀ ਸਾਹਿਤਕਾਰ ਜਾਂ ਪੰਜਾਬੀ ਪ੍ਰੇਮੀ ਲਈ ਇਹ ਵਡਮੁੱਲਾ ਸੋਮਾ ਅਤੇ ਤੋਹਫ਼ਾ ਹਨ। ਉਸ ਦੇ ਪੰਜਾਬੀ ਪ੍ਰਤੀ ਪ੍ਰੇਮ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਚਿਤਾਵਨੀ ਭਰੀ ਇਹ ਨਸੀਹਤ ਅੱਖੋਂ ਪ੍ਰੋਖੇ ਨਹੀਂ ਕੀਤੀ ਜਾ ਸਕਦੀ--

**ਬਾਬੂ ਜੀ ਪੰਜਾਬੀ ਫਿਰੇ ਸਿਖਦਾ ਜ਼ਬਾਨਾਂ ਹੋਰ,**
**ਵੀਰ ਜੀ ਪੰਜਾਬੀ ਬੋਲੀ ਤੇਰੇ ਮਾਂ ਤੇ ਬਾਪ ਦੀ।**

ਰਜਬ ਅਲੀ ਖ਼ਾਨ 10 ਅਗਸਤ, 1894 ਨੂੰ ਹੁਣ ਦੇ ਮੋਗਾ ਜ਼ਿਲੇ ਦੇ ਪਿੰਡ ਸਾਹੋ ਕੇ ਜੰਮਿਆਂ, 1947 ਨੂੰ ਦੇਸ਼ ਵੰਡ ਸਮੇਂ ਪਾਕਿਸਤਾਨ ਦੇ ਬੱਤੀ ਚੱਕ, ਅਕਾੜੇ, ਜਾ ਟਿਕਿਆ। ਜੂਨ, 1979 ਦੀ ਪਹਿਲੀ ਤਰੀਕ ਵਾਲੇ ਦਿਨ ਆਖ਼ਰੀ ਰਚਨਾ-14 ਸਤਰੀ ਬੈਂਤ ਲਿਖੀ--ਰਜਬਅਲੀ ਤੂੰ ਰੋਜ਼ ਉਡੀਕ ਰੱਖੀਂ, ਤੈਨੂੰ ਆਵਣੀ ਮੌਤ ਦੀ ਤਾਰ ਬੀਬਾ। ਇਹ ਭਵਿੱਖਬਾਣੀ ਹੋ ਨਿੱਬੜੀ। ਛੇ ਜੂਨ ਨੂੰ ਚੰਗਾ ਭਲਾ ਭਰੇ ਪਰਿਵਾਰ ਦੀ ਹਾਜ਼ਰੀ ਦਰਮਿਆਨ ਇਸ ਰੰਗਲੇ ਜਹਾਨ ਨੂੰ ਉਦੋਂ ਆਖ਼ਰੀ ਅਲਵਿਦਾ ਕਹਿ ਗਿਆ ਜਦੋਂ ਸੂਰਜ ਦੀ ਟਿੱਕੀ ਵੀ ਬਰਦਾਸ਼ਤ ਨਾ ਕਰ ਸਕੀ ਤੇ ਲਾਲੀ ਬਿਖੇਰਦੀ ਹੋਈ ਦਿਸਹੱਦੇ ਪੁਰ ਅਲੋਪ ਹੋ ਗਈ। ਬਾਬੂ ਜੀ ਦੀ ਰੂਹ ਪਤਾ ਨਹੀਂ ਤਾਰਾ ਬਣੀ ਕਿ ਨਹੀਂ ਪਰ ਉਹ ਸਾਡਾ ਅਲਬੇਲਾ ਸ਼ਾਇਰ ਕਵੀਸ਼ਰੀ ਦਾ ਧਰੂ ਤਾਰਾ ਬਣ ਕੇ ਪੰਜਾਬੀ ਜਗਤ ਦੇ ਵਿਸ਼ਾਲ ਆਕਾਸ਼ ਵਿੱਚ ਹਮੇਸ਼ਾ ਹਮੇਸ਼ਾ ਲਈ ਚਮਕਦਾ ਰਹੇਗਾ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

## ਖ਼ਬਰਦਾਰ ! ਕੈਲਗਰੀ ਵਿੱਚ ਕਰੋਨਾ ਫਿਰ ਫੈਲਣਾ ਸ਼ੁਰੂ ਹੋ ਗਿਆ ਹੈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੱਕ ਪਾਸੇ ਐਲਬਰਟਾ ਦੀ ਜੇਸਨ ਕੈਨੀ ਸਰਕਾਰ ਨੇ ਸੂਬੇ ਵਿੱਚ ਕੋਰੋਨਾ ਵਾਇਰਸ ਮਹਾਮਾਰੀ ਦੇ ਚੱਲਦਿਆਂ ਲੱਗੀਆਂ ਸਾਰੀਆਂ ਸਿਹਤ ਪਾਬੰਦੀਆਂ ਖ਼ਤਮ ਕਰਨ ਦਾ ਐਲਾਨ ਕਰ ਦਿੱਤਾ ਹੈ, ਦੂਜੇ ਪਾਸੇ ਸੂਬੇ ਵਿੱਚ ਇਸ ਵਾਇਰਸ ਦੇ ਐਕਟਿਵ ਮਾਮਲਿਆਂ ਦੀ ਸੰਖਿਆ ਵਿੱਚ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। 22 ਜੁਲਾਈ ਵਾਲੇ ਦਿਨ ਐਲਬਰਟਾ ਵਿੱਚ ਕੋਰੋਨਾ ਵਾਇਰਸ ਦੇ ਐਕਟਿਵ ਕੇਸਾਂ ਦੀ ਸੰਖਿਆ 367 ਸੀ ਜਿਹੜੀ ਇੱਕ ਹਫ਼ਤੇ ਬਾਦ 29 ਜੁਲਾਈ ਨੂੰ ਵਧ ਕੇ 796 'ਤੇ ਪਹੁੰਚ ਗਈ। 30 ਜੁਲਾਈ ਨੂੰ ਅਪਡੇਟ ਕੀਤੀ ਗਈ ਸਰਕਾਰੀ ਵੈਬਸਾਇਟ ਮਤਾਬਕ ਸੂਬੇ ਵਿੱਚ ਐਕਟਿਵ ਕੇਸਾਂ ਦੀ ਸੰਖਿਆ 1655 'ਤੇ ਪਹੁੰਚ ਗਈ।

ਕੈਲਗਰੀ ਵਿੱਚ ਹਾਲਾਤ ਹੋਰ ਵੀ ਖ਼ਰਾਬ ਹਨ। ਕੈਲਗਰੀ ਲੋਅਰ ਨੌਰਥ ਵੈਸਟ ਵਿੱਚ 12 ਜੁਲਾਈ ਵਾਲੇ ਦਿਨ ਇੱਕ ਵੀ ਐਕਟਿਵ ਕੇਸ ਨਹੀਂ ਸੀ ਪਰ ਹੁਣ ਉਥੇ 38 ਐਕਟਿਵ ਕੇਸ ਰਿਪੋਰਟ ਹੋ ਰਹੇ ਹਨ। ਕੈਲਗਰੀ ਜ਼ੋਨ ਵਿੱਚ ਐਕਟਿਵ ਕੇਸਾਂ ਦੀ ਗਿਣਤੀ ਵਧ ਕੇ 990 ਹੋ ਗਈ ਹੈ।

ਸੂਬੇ ਵਿੱਚ ਇਸ ਵਾਇਰਸ ਤੋਂ ਪੀੜਤ ਮਰੀਜ਼ਾਂ ਦੀ ਹਸਪਤਾਲਾਂ ਵਿੱਚ ਗਿਣਤੀ 90 'ਤੇ ਪਹੁੰਚ ਗਈ ਹੈ ਜਿਹਨਾਂ ਵਿੱਚੋਂ 19 ਇੰਟੈਂਸਿਵ ਕੇਅਰ ਹੇਠ ਹਨ। ਐਡਮੰਟਨ ਜ਼ੋਨ ਵਿੱਚ ਕੇਸਾਂ ਦੀ ਸੰਖਿਆ 301 ਦਰਜ ਕੀਤੀ ਗਈ ਹੈ। ਬੀਤੇ ਸ਼ੁੱਕਰਵਾਰ 30 ਜੁਲਾਈ ਵਾਲੇ ਦਿਨ ਡਾਕਟਰਾਂ ਦੇ ਇੱਕ ਗਰੁੱਪ ਨੇ ਕੈਲਗਰੀ ਵਿੱਚ ਮੈਕਡੂਗਲ ਸੈਂਟਰ ਦੇ ਬਾਹਰ ਰੋਸ ਮੁਜ਼ਾਹਰਾ ਕੀਤਾ ਤੇ ਸਰਕਾਰ ਨੇ ਪਾਬੰਦੀਆਂ ਹਟਾਉਣ ਦੇ ਫੈਸਲੇ ਦੀ ਰੱਜ ਕੇ ਆਲੋਚਨਾ ਕੀਤੀ। ਸ਼ਨੀਵਾਰ ਵਾਲੇ ਦਿਨ ਐਡਮੰਟਨ ਵਿੱਚ ਵਿਧਾਨਸਭਾ ਦੀਆਂ ਪੌੜੀਆਂ 'ਤੇ ਵਿਰੋਧ ਕਰਨ ਪਹੁੰਚੇ ਕੁੱਝ ਲੋਕਾਂ ਨੇ ਸਰਕਾਰ ਦੇ ਫੈਸਲੇ ਦੀ ਆਲੋਚਨਾ ਕੀਤੀ ਸੀ

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਨਸ਼ਿਆਂ ਦੇ ਕਾਰੋਬਾਰੀਆਂ ਨੇ ਕੈਨੇਡਾ ਵਿੱਚ ਪੰਜਾਬੀਆਂ ਦਾ ਅਕਸ ਖ਼ਰਾਬ ਕੀਤਾ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072



ਪੰਜਾਬ ਦੀ ਨੌਜਵਾਨੀ ਪਿਛਲੇ 15 ਸਾਲਾਂ ਤੋਂ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੀ ਹੈ। ਇਸ ਹਾਲਤ ਵਿੱਚੋਂ ਨਿਕਲਣ ਦੀ ਕੋਈ ਆਸ ਵੀ ਬੱਝ ਨਹੀਂ ਰਹੀ। ਇਸ ਲਈ ਮਾਪਿਆਂ ਨੇ ਆਪਣੇ ਜਿਗਰ ਦੇ ਟਕੜੇ ਬੱਚਿਆਂ ਦੇ ਭਵਿਖ ਨੂੰ ਬਚਾਉਣ ਲਈ ਉਨ੍ਹਾਂ ਨੂੰ ਪਰਵਾਸ ਵਿੱਚ ਪੜ੍ਹਾਈ ਦੇ ਬਹਾਨੇ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜੀਲੈਂਡ ਆਦਿ ਦੇਸ਼ਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ। ਇਥੋਂ ਤੱਕ ਕਿ ਖਾਂਦੇ ਪੀਂਦੇ ਸਮਰੱਥ ਪਰਿਵਾਰ ਵੀ ਆਪਣੇ ਬੱਚਿਆਂ ਨੂੰ ਬਾਹਰ ਭੇਜਣ ਲੱਗ ਪਏ ਹਨ। ਅਲ੍ਹੜ ਉਮਰ ਦੇ ਲੜਕੇ ਅਤੇ ਲੜਕੀਆਂ ਨੂੰ ਵੀ ਬਾਹਰ ਭੇਜਣ ਲੱਗ ਪਏ ਜਦੋਂ ਕਿ ਉਨ੍ਹਾਂ ਨੂੰ ਅਜੇ ਜ਼ਿੰਦਗੀ ਵਿੱਚ ਅਡਜਸਟ ਕਰਨ ਦੀ ਸਮਝ ਹੀ ਨਹੀਂ ਹੁੰਦੀ। ਪਿਆਰੇ ਨੌਜਵਾਨੋ/ਵਿਦਿਆਰਥੀਓ/ਪੰਜਾਬੀਓ ਪੰਜਾਬ ਦੀ ਮਿੱਟੀ ਦੀ ਮਹਿਕ ਨੂੰ ਦਾਗ਼ ਨਾ ਲਗਾਓ। ਗੁਰੂਆਂ ਪੀਰਾਂ ਦੀ ਪਵਿਤਰ ਧਰਤੀ ਦੇ ਜਾਇਓ ਪਰਵਾਸ ਵਿੱਚ ਜਾ ਕੇ ਪੰਜਾਬੀਅਤ ਦਾ ਝੰਡਾ ਬਰਦਾਰ ਕਰਨ ਦੀ ਥਾਂ ਦਾਗ਼ਦਾਰ ਨਾ ਕਰੋ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਤੀ ਸਰਦਾਰੀ ਦੀ ਆਭਾ ਨੂੰ ਹੋਰ ਉਚਾ ਚੁੱਕ ਕੇ ਪੰਜਾਬੀਆਂ ਦਾ ਮਾਣ ਵਧਾਓ। ਸੰਸਾਰ ਤੁਹਾਡੀ ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ ਦੀ ਵਿਚਾਰਧਾਰਾ ਦੀ ਕਦਰ ਕਰਦਾ ਹੈ। ਇਸ ਵਿਚਾਰਧਾਰਾ 'ਤੇ ਪਹਿਰਾ ਦੇਣਾ ਤੁਹਾਡਾ ਫ਼ਰਜ਼ ਹੈ ਪ੍ਰੰਤੂ ਫ਼ਰਜ਼ਾਂ ਦੀ ਪਾਲਣਾ ਕਰਨ ਦੀ ਥਾਂ ਉਨ੍ਹਾਂ ਦੀ ਉਲੰਘਣਾ ਕਰ ਰਹੇ ਹੋ। ਪੰਜਾਬੀਆਂ ਦੀਆਂ ਨਸ਼ਿਆਂ ਦੇ ਵਿਓਪਾਰ ਨਾਲ ਸੰਬਧਤ ਖ਼ਬਰਾਂ ਨੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਜਿਹੜੇ ਪੰਜਾਬੀ ਪਿਛਲੇ ਲੰਬੇ ਸਮੇਂ ਤੋਂ ਕੈਨੇਡਾ ਵਿਚ ਰਹਿ ਰਹੇ ਹਨ, ਉਨ੍ਹਾਂ ਨੂੰ ਸ਼ਰਮਿੰਦਗੀ ਮਹਿਸੂਸ ਹੋ ਰਹੀ ਹੈ। ਪੰਜਾਬ ਵਿੱਚ ਬੇਰੋਜ਼ਗਾਰੀ ਅਤੇ ਨਸ਼ਿਆਂ ਦੀ ਦਲਦਲ ਵਿੱਚ ਨੌਜਵਾਨੀ ਦੇ ਫਸ ਜਾਣ ਕਰਕੇ ਮਾਪੇ ਆਪਣੇ ਬੱਚਿਆਂ ਨੂੰ ਪਰਵਾਸ ਵਿੱਚ ਭੇਜਣ ਲਈ ਮਜ਼ਬੂਰ ਹਨ। ਇਥੋਂ ਤੱਕ ਕਿ 10+2 ਤੋਂ ਬਾਅਦ ਹੀ ਬੱਚਿਆਂ ਨੂੰ ਅਗਲੇਰੀ ਪੜ੍ਹਾਈ ਦੇ ਬਹਾਨੇ ਪਰਵਾਸ ਵਿੱਚ ਵਸਾਉਣ ਲਈ ਭੇਜ ਰਹੇ ਹਨ। ਸੰਸਾਰ ਦੇ ਸਾਰੇ ਦੇਸ਼ਾਂ ਨਾਲੋਂ ਕੈਨੇਡਾ ਵਿੱਚ ਪੰਜਾਬੀ ਜ਼ਿਆਦਾ ਹਨ, ਕਿਉਂਕਿ ਕੈਨੇਡਾ ਦੀਆਂ ਸਰਕਾਰਾਂ ਦੀਆਂ ਨੀਤੀਆਂ ਪੰਜਾਬੀ ਨੂੰ ਉਥੇ ਵਸਣ ਵਿੱਚ ਸਹਾਈ ਹੋ ਰਹੀਆਂ ਹਨ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਜਿਹੜੇ ਕੁਝ ਪੰਜਾਬੀਆਂ ਦੇ ਮਾਪੇ ਪੰਜਾਬ ਵਿੱਚ ਆਪ ਨਸ਼ਿਆਂ ਦੇ ਕਾਰੋਬਾਰ ਵਿੱਚ ਗਲਤਾਨ ਹਨ ਅਤੇ ਜੋ ਭਰਿਸ਼ਟਾਚਾਰ ਰਾਹੀਂ ਇਕੱਤਰ ਕੀਤੀ ਕਮਾਈ ਕਰਕੇ ਸਰਦੇ ਪੁਜਦੇ ਬਣ ਗਏ ਹਨ, ਉਹ ਵੀ ਆਪਣੇ ਬੱਚਿਆਂ ਨੂੰ ਬਾਹਰ ਭੇਜੀ ਜਾ ਰਹੇ ਹਨ ਕਿਉਂਕਿ ਉਹ ਮਹਿਸੂਸ ਕਰਦੇ ਹਨ ਕਿ ਕਿਤੇ ਉਨ੍ਹਾਂ ਦੀ ਤਰ੍ਹਾਂ ਬੱਚੇ ਵੀ ਅਜਿਹੇ ਕਾਰੋਬਾਰ ਵਿੱਚ ਨਾ ਪੈ ਜਾਣ ਜਾਂ ਕਿਤੇ ਨਸ਼ਿਆਂ ਵਿਚ ਫਸ ਨਾ ਜਾਣ। ਅਜਿਹੇ ਪਰਿਵਾਰਾਂ ਦੇ ਬੱਚੇ ਬਾਹਰ ਜਾ ਕੇ ਵੀ ਮਿਹਨਤ ਨਹੀਂ ਕਰਨਾ ਚਾਹੁੰਦੇ ਕਿਉਂਕਿ ਉਨ੍ਹਾਂ ਪੰਜਾਬ ਵਿੱਚ ਆਪਣੇ ਮਾਪਿਆਂ ਦੇ ਸਿਰ 'ਤੇ ਮੌਜਾਂ ਮਾਣਦਿਆਂ ਗ਼ੈਰ ਸਮਾਜਿਕ ਗਤੀਵਿਧੀਆਂ ਕੀਤੀਆਂ ਹਨ। ਪੰਜਾਬ ਵਿੱਚ ਪੈਸੇ ਦੇ ਜ਼ੋਰ ਜਾਂ ਸਿਆਸੀ ਪ੍ਰਭਾਵ ਵਰਤਕੇ ਬਚਦੇ ਰਹੇ ਹਨ। ਪ੍ਰੰਤੂ ਪਰਵਾਸ ਵਿੱਚ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਦੇ ਕਿਉਂਕਿ ਤੁਸੀਂ ਤਾਂ ਜਿਹੜਾ ਲਾਹੌਰ ਬੁੱਧੂ ਉਹ ਪਿਸ਼ੌਰ ਬੁੱਧੂ ਦੀ ਕਹਾਵਤ ਅਨੁਸਾਰ ਚਲਦੇ ਹੋ। ਪਰਵਾਸ ਵਿੱਚ ਕੰਮ ਕੀਤੇ ਬਿਨਾ ਗੁਜ਼ਾਰਾ ਨਹੀਂ। ਉਥੇ ਵਰਕ ਕਲਚਰ ਹੈ। ਮਿਹਨਤ ਕਰਨ ਦੀ ਥਾਂ ਅਲ੍ਹੜ ਉਮਰ ਦੇ ਇਹ ਬੱਚੇ ਸ਼ਾਰਟ ਕੱਟ ਮਾਰਕੇ ਅਮੀਰ ਬਣਨ ਦੇ ਸੁਪਨੇ ਸਿਰਜਣ ਲੱਗ ਜਾਂਦੇ ਹਨ। ਫਿਰ ਉਹ ਗੈਂਗਸਟਰਾਂ ਅਤੇ ਨਸ਼ਿਆਂ ਦੇ ਕਾਰੋਬਾਰੀਆਂ ਦੇ ਚੁੰਗਲ ਵਿੱਚ ਫਸ ਜਾਂਦੇ ਹਨ। ਪਿਛੇ ਜਹੇ ਕੈਨੇਡਾ ਦੇ ਟਰਾਂਟੋ ਸ਼ਹਿਰ ਦੇ ਇਲਾਕੇ ਵਿਚ 16 ਸ਼ੱਕੀ ਵਿਅਕਤੀਆਂ ਨੂੰ ਪੁਲਿਸ ਨੇ ਫੜ੍ਹਿਆ ਹੈ ਅਤੇ 140 ਮਾਮਲੇ ਦਰਜ ਕੀਤੇ ਹਨ, ਜਿਹੜੇ ਆਨ ਲਾਈਨ ਸਾਮਾਨ ਦੀ ਡਲਿਵਰੀ ਦਾ ਸਾਮਾਨ ਚੋਰੀ ਕਰਦੇ ਸਨ। ਉਹ ਸਾਰੇ ਹੀ ਪੰਜਾਬੀ ਹਨ, ਉਨ੍ਹਾਂ ਵਿੱਚ ਪਗੜੀਧਾਰੀ ਅਤੇ ਲੰਬੀਆਂ ਦਾੜ੍ਹੀਆਂ ਵਾਲੇ ਅਲੂੰਏਂ ਨੌਜਵਾਨ ਵੀ ਹਨ। ਇਕ ਲੜਕੀ ਵੀ ਹੈ, ਜਿਸਦੀ ਉਮਰ 25 ਸਾਲ ਹੈ। ਹੈਰਾਨੀ ਦੀ ਗੱਲ ਹੈ ਇਕ ਲੜਕਾ ਨਬਾਲਗ ਹੈ। ਅੱਧੇ 25 ਸਾਲ ਤੋਂ ਘੱਟ ਉਮਰ ਦੇ ਹਨ। ਡੇਢ ਮਹੀਨਾ ਜਾਂਚ ਚਲੀ, ਜਿਸ ਵਿੱਚ ਕੈਨੇਡਾ ਦਾ ਡਾਕ ਵਿਭਾਗ ਅਤੇ ਹੋਰ ਖੇਤਰੀ ਅਤੇ ਪ੍ਰਾਂਤਕ ਪੁਲਿਸ ਦੇ ਅਧਿਕਾਰੀ ਵੀ ਸ਼ਾਮਲ ਸਨ। ਸ਼ੱਕੀ ਵਿਅਕਤੀਆਂ ਕੋਲੋਂ ਚੋਰੀ ਦਾ ਸਾਮਾਨ, ਨਸ਼ੇ ਤੇ ਚੋਰੀ ਕੀਤੇ ਕਰੈਡਿਟ ਕਾਰਡ ਵਗੈਰਾ ਬਰਾਮਦ ਹੋਏ ਹਨ। ਪੁਲਿਸ ਨੂੰ ਮਿਸੀਸਾਗਾ, ਬਰੈਂਪਟਨ ਅਤੇ ਕੈਲੇਡਨ ਤੋਂ ਛੇ ਮਹੀਨੇ ਵਿੱਚ ਡਾਕ ਚੋਰੀ ਦੀਆਂ 100 ਸ਼ਿਕਾਇਤਾਂ ਮਿਲੀਆਂ ਹਨ। ਪੁਲਿਸ ਨੇ ਉਨ੍ਹਾਂ ਨੂੰ ਚਾਰਜ ਕਰ ਦਿੱਤਾ ਹੈ। ਇਸ ਤੋਂ ਇਲਾਵਾ ਟਰਾਂਟੋ ਪੁਲਿਸ ਨੇ ਇਕ ਹੋਰ ਕੇਸ ਵਿੱਚ 1000 ਕਿਲੋ ਡਰੱਗ ਪਕੜੀ ਹੈ, ਜਿਸਦੀ ਕੀਮਤ 61 ਮਿਲੀਅਨ ਦੀ ਦੱਸੀ ਜਾਂਦੀ ਹੈ। ਨਵੰਬਰ 2020 ਤੋਂ ਮਈ 2021 ਤੱਕ ਚਲੇ ਇਸ ਉਪ੍ਰੇਸ਼ਨ ਵਿੱਚ 35 ਥਾਵਾਂ ਤੇ ਛਾਪੇ ਮਾਰਕੇ ਇਸ ਡਰੱਗ ਦੀ ਖੇਪ ਪਕੜੀ ਹੈ। ਇਸ ਖੇਪ ਵਿੱਚ 444 ਕਿਲੋ ਕੋਕੀਨ, 182 ਕਿਲੋ ਕ੍ਰਿਸਟਲ, 427 ਕਿਲੋ ਮੇਰੁਆਨਾ ਅਤੇ 300 ਨਸ਼ੀਲੀਆਂ ਗੋਲੀਆਂ ਹਨ। 20 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਵਿੱਚੋਂ 13 ਪੰਜਾਬੀ ਹਨ। ਗ੍ਰਿਫ਼ਤਾਰ ਹੋਣ ਵਾਲਿਆਂ ਉਪਰ 182 ਚਾਰਜ ਲਗਾਏ ਗਏ ਹਨ। ਇਸ ਕੇਸ ਵਿੱਚ 18 ਵਿਅਕਤੀ ਪੁਲਿਸ ਨੇ ਪਕੜੇ ਹਨ ਜਿਨ੍ਹਾਂ ਵਿਚੋਂ ਅੱਧੇ ਪੰਜਾਬੀ ਹਨ। ਇਕ ਪੰਜਾਬੀ ਆਪਣੇ ਘਰ ਵਿੱਚ ਹੀ ਸ਼ਰਾਬ ਕੱਢ ਰਿਹਾ ਸੀ, ਉਸਦਾ ਬੁਆਇਲਰ ਫਟ ਗਿਆ ਜਿਸ ਦੇ ਸਿੱਟੇ ਵਜੋਂ ਘਰ ਦੇ ਤਿੰਨ ਜੀਅ ਜ਼ਖ਼ਮੀ ਹੋ ਗਏ। ਜੇਕਰ ਬੁਆਇਲਰ ਨਾ ਫਟਦਾ ਤਾਂ ਪਤਾ ਨਹੀਂ ਲੱਗਣਾ ਸੀ। ਜੇਕਰ ਪੰਜਾਬੀਆਂ ਨੇ ਕੈਨੇਡਾ ਦੇ ਕਾਨੂੰਨਾ ਦੀ ਪਾਲਣਾ ਨਹੀਂ ਕਰਨੀ ਤਾਂ ਉਨ੍ਹਾਂ ਨੂੰ ਉਥੇ ਜਾਣਾ ਹੀ ਨਹੀਂ ਚਾਹੀਦਾ। ਜੇ ਉਥੇ ਜਾਣਾ ਹੈ ਤਾਂ ਉਸ ਦੇਸ਼ ਦੇ ਨਿਯਮਾ ਦੀ ਪਾਲਣਾ ਕਰਨੀ ਪਵੇਗੀ। ਉਨ੍ਹਾਂ ਨੂੰ ਕਿਹੜਾ ਕੈਨੇਡਾ ਸਰਕਾਰ ਆਪ ਸੱਦਾ ਦਿੰਦੀ ਹੈ। ਉਹ ਤਾਂ ਖ਼ੁਦ ਆਪਣੇ ਸੁਨਹਿਰੇ ਭਵਿਖ ਲਈ ਪਰਵਾਸ ਵਿੱਚ ਜਾਂਦੇ ਹਨ ਪ੍ਰੰਤੂ ਜਲਦੀ ਅਮੀਰ ਬਣਨ ਲਈ ਗ਼ੈਰ ਕਾਨੂੰਨੀ ਸਾਧਨਾ ਦੀ ਵਰਤੋਂ ਕਰਕੇ, ਉਹ ਆਪਣਾ ਭਵਿਖ ਖੁਦ ਗੰਧਲਾ ਕਰ ਲੈਂਦੇ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੈਨੇਡਾ ਦੀ ਪੁਲਿਸ ਐਵੇਂ ਨਹੀਂ ਕਿਸੇ ਦੋਸ਼ੀ ਨੂੰ ਪਕੜਦੀ, ਸੂਚਨਾ ਮਿਲਣ ਤੋਂ ਬਾਅਦ ਪੂਰੀ ਨਿਗਾਹ ਰੱਖਦੀ ਹੈ, ਜਦੋਂ ਉਨ੍ਹਾਂ ਕੋਲ ਪੂਰੇ ਸਬੂਤ ਹੁੰਦੇ ਹਨ ਫਿਰ ਉਨ੍ਹਾਂ ਨੂੰ ਪਕੜਦੀ ਹੈ। ਇਨ੍ਹਾਂ ਸਾਰਿਆਂ ਨੂੰ ਪੁਲਿਸ ਨੇ ਚਾਰਜ ਵੀ ਕਰ ਦਿੱਤਾ ਹੈ। ਪੁਲਿਸ ਕੋਲ ਭਾਵੇਂ ਸਬੂਤ ਹੁੰਦੇ ਹਨ ਪ੍ਰੰਤੂ ਜਿਤਨੀ ਦੇਰ ਸਜਾ ਨਹੀਂ ਹੋ ਜਾਂਦੀ, ਉਨ੍ਹਾਂ ਨੂੰ ਸ਼ੱਕੀ ਹੀ ਕਿਹਾ ਜਾਂਦਾ ਹੈ। ਇਹ ਲੋਕ ਆਪਣਾ ਨੁਕਸਾਨ ਤਾਂ ਕਰਨਗੇ ਹੀ ਪ੍ਰੰਤੂ ਜਿਹੜੇ ਪੰਜਾਬੀ ਕੈਨੇਡਾ ਜਾਣਾ ਚਾਹੁੰਦੇ ਹਨ, ਉਨ੍ਹਾਂ ਨੂੰ ਵੀ ਸ਼ੱਕੀ ਨਿਗਾਹ ਨਾਲ ਵੇਖਿਆ ਜਾਵੇਗਾ। ਹੋ ਸਕਦਾ ਕੈਨੇਡਾ ਸਰਕਾਰ ਪਰਵਾਸ ਵਿੱਚ ਸੈਟਲ ਹੋਣ ਲਈ ਕਾਨੂੰਨ ਹੋਰ ਸਖ਼ਤ ਕਰ ਦੇਵੇ। ਇਸਤੋਂ ਪਹਿਲਾਂ ਆਮ ਖ਼ਬਰਾਂ ਆਉਂਦੀਆਂ ਰਹੀਆਂ ਹਨ ਕਿ ਪੰਜਾਬੀ ਟਰਾਂਸਪੋਰਟ ਦੇ ਵਿਓਪਾਰ ਵਿੱਚ ਸ਼ਾਮਲ ਲੋਕ ਆਪਣੇ ਹੋਰ ਸਾਮਾਨ ਵਿਚ ਛੁਪਾਕੇ ਨਸ਼ੀਲੀਆਂ ਦਵਾਈਆਂ ਅਤੇ ਹੋਰ ਸਾਮਾਨ ਲਿਆਉਂਦੇ ਵੀ ਪਕੜੇ ਗਏ ਸਨ। ਕੈਨੇਡਾ ਵਿੱਚ ਪੜ੍ਹਨ ਗਏ ਵਿਦਿਆਰਥੀਆਂ ਦੀ ਹੁਲੜਬਾਜ਼ੀ ਅਤੇ ਲੜਾਈ ਝਗੜਿਆਂ ਦੇ ਕੇਸ ਵੀ ਹੁੰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਪੰਜਾਬੀਆਂ ਵੱਲੋਂ ਕੀਤੇ ਜਾ ਰਹੇ ਅਨੈਤਿਕ ਕੰਮਾ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ। ਪਰਵਾਸ ਵਿੱਚ ਆਜ਼ਾਦੀ ਦਾ ਭਾਵ ਅਨੈਤਿਕ ਕੰਮਾ ਦੀ ਪ੍ਰਵਾਨਗੀ ਨਹੀਂ। ਆਜ਼ਾਦੀ ਦੇ ਗ਼ਲਤ ਅਰਥ ਕੱਢਕੇ ਐਸ਼ ਆਰਾਮ ਦੀ ਜ਼ਿੰਦਗੀ ਵਿੱਚ ਗਲਤਾਨ ਹੋ ਰਹੇ ਹਨ। ਪੰਜਾਬੀ ਮਾਪਿਆਂ ਲਈ ਇਹ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਨੂੰ ਆਪਣੇ ਬੱਚਿਆਂ ਵਿੱਚ ਵਰਕ ਕਲਚਰ ਦੀ ਭਾਵਨਾ ਪੈਦਾ ਕਰਨੀ ਚਾਹੀਦੀ ਹੈ। ਬੱਚਿਆਂ ਨੂੰ ਆਪਣੀ ਕਮਾਈ ਕਰਕੇ ਆਪਣਾ ਗੁਜ਼ਾਰਾ ਕਰਨ ਲਈ ਵੀ ਤਿਆਰ ਕਰਨਾ ਚਾਹੀਦਾ ਹੈ। ਜੇਕਰ ਅਜੇ ਵੀ ਮਾਪੇ ਨਾ ਸਮਝੇ ਤਾਂ ਉਨ੍ਹਾਂ ਦੇ ਬੱਚਿਆਂ ਨੂੰ ਪਰਵਾਸ ਵਿੱਚ ਸਖ਼ਤ ਕਾਨੂੰਨਾ ਦਾ ਸਾਹਮਣਾ ਕਰਦੇ ਹੋਏ ਜੇਲ੍ਹਾਂ ਵਿਚ ਜੀਵਨ ਗੁਜ਼ਾਰਨਾ ਪਵੇਗਾ। ਪੰਜਾਬੀ ਭੈਣੋ ਅਤੇ ਭਰਾਵੋ, ਤੁਹਾਡੇ ਦੇਸ਼ ਦੇ ਲੋਕ ਆਪਣੀ ਮਿਹਨਤ ਕਰਕੇ ਕੈਨੇਡਾ ਦੀ ਫੈਡਰਲ ਸਰਕਾਰ ਵਿਚ ਮੰਤਰੀ, ਰਾਜ ਸਰਕਾਰਾਂ ਵਿੱਚ ਮੰਤਰੀ ਅਤੇ ਹੋਰ ਉਚ ਅਹੁਦਿਆਂ ਤੇ ਬਿਰਾਜਮਾਨ ਹਨ, ਉਨ੍ਹਾਂ ਤੋਂ ਪ੍ਰੇਰਨਾ ਲੈਣ ਦੀ ਥਾਂ ਤੁਸੀਂ ਉਨ੍ਹਾਂ ਦੇ ਕਿਰਦਾਰ ਵੀ ਸ਼ੱਕੀ ਬਣਾ ਰਹੇ ਹੋ। ਸੰਭਲ ਜਾਓ, ਜੇ ਨਾ ਸੰਭਲੇ ਤਾਂ ਕੈਨੇਡਾ ਸਰਕਾਰ ਨੇ ਮੱਖਣ 'ਚੋਂ ਵਾਲ ਦੀ ਤਰ੍ਹਾਂ ਕੱਢ ਕੇ ਵਾਪਸ ਭੇਜ ਦੇਣਾ ਹੈ।

## ਸਾਡਾ ਵਿਰਸਾ

# "ਪਿੰਡਾਂ ਵਿੱਚ ਹਾਲੇ ਵੀ ਖੇਡਦੇ ਨੇ ਬਾਰਾਂ ਟਾਹਣੀ ਸਾਡੇ ਪੁਰਖੇ''



ਜਸਵੀਰ ਸ਼ਰਮਾ ਦੱਦਾਹੂਰ
95691-49556
ਸ੍ਰੀ ਮੁਕਤਸਰ ਸਾਹਿਬ

ਪੁਰਾਤਨ ਪੰਜਾਬ ਦੀਆਂ ਖੇਡਾਂ ਦੀ ਜੇਕਰ ਗੱਲ ਕਰੀਏ ਤਾਂ ਤਾਸ ਦੇ ਬਵੰਜਾ ਪੱਤੇ ਹੁੰਦੇ ਹਨ ਤੇ ਇਨ੍ਹਾਂ ਦੀਆਂ ਬਵੰਜਾ ਹੀ ਖੇਡਾਂ ਹੁੰਦੀਆਂ ਹਨ,ਓਹ ਗੱਲ ਵੱਖਰੀ ਹੈ ਕਿ ਭਾਵੇਂ ਸਾਰੀਆਂ ਤਾਂ ਪ੍ਰਚੱਲਤ ਤਾਂ ਨਹੀਂ ਸਨ ਪਹਿਲੇ ਸਮਿਆਂ ਵਿੱਚ ਪਰ ਪੱਤਾ ਮੋੜਨ(ਭਾਬੀ ਦਿਓਰ),ਘੜਵੰਜ,ਸੀਪ, ਸਰਾਂ ਬਣਾਉਣ ਇਹ ਖੇਡਾਂ ਕਾਫੀ ਖੇਡੀਆਂ ਜਾਂਦੀਆਂ ਰਹੀਆਂ ਹਨ। ਗੁੱਲੀ ਡੰਡਾ,ਕੱਚ ਦੀਆਂ ਗੋਲੀਆਂ ਦੀਆਂ ਕਾਫੀ ਖੇਡਾਂ ਜਿਵੇਂ ਪਿਲਚੋਟ,ਖੁੱਤੀ ਪਾਉਣੇ,ਕੁੰਡਲ ਵਿਚੋਂ ਗੋਲੀਆਂ ਬਾਹਰ ਕੱਢਣੀਆਂ ਆਦਿ,ਪਿੱਠ ਸੇਕੂ, ਦਾਈਆਂ ਦੂਕੜੇ,ਕੋਟਲਾ ਛਪਾਕੀ ਅਤੇ ਹੋਰ ਵੀ ਅਨੇਕਾਂ ਖੇਡਾਂ ਖੇਡਦੇ ਸਾਂ ਨਿੱਕੇ ਹੁੰਦੇ।ਇਹ ਖੇਡਾਂ ਖੇਡਦੇ ਵੀ ਮੁੰਡੇ ਕੁੜੀਆਂ ਇਕੱਠੇ ਹੀ ਸਨ ਵੇਲੇ ਚੰਗੇ ਸਨ, ਕੋਈ ਤੇਰ ਮੇਰ ਜਾਂ ਕਿਸੇ ਵੀ ਬੱਚਿਆਂ ਤੇ ਮਾਤਾ ਪਿਤਾ ਨੂੰ ਸੱਕ ਵੀ ਨਹੀਂ ਹੁੰਦਾ ਸੀ ਤੇ ਖੇਡਦੇ ਵੀ ਰਾਤ ਦੇ ਹਨੇਰੇ ਹੋਣ ਤੱਕ ਸਾਂ। ਇਸੇ ਤਰ੍ਹਾਂ ਹੀ ਬਜੁਰਗਾਂ ਦੀ ਵੀ ਇੱਕ ਬਹੁਤ ਪਿਆਰੀ ਖੇਡ ਹੋਇਆ ਕਰਦੀ ਸੀ ਜਿਸ ਨੂੰ ਬਾਰਾਂ ਟਾਹਣੀ ਕਹਿੰਦੇ ਸਨ ਤੇ ਕਿਤੇ ਕਿਤੇ ਕਿਸੇ ਪਿੰਡ ਵਿੱਚ ਸਾਡੇ ਪੁਰਾਣੇ ਬਜੁਰਗ ਹਾਲੇ ਵੀ ਖੇਡਦੇ ਵੇਖੇ ਜਾ ਸਕਦੇ ਹਨ।

ਦੋ ਫੁੱਟ ਬਾਈ ਦੋ ਫੁੱਟ ਜਗ੍ਹਾ ਨੂੰ ਚੌਰਸ ਆਕਾਰ ਵਿੱਚ ਲਕੀਰ ਮਾਰ ਕੇ ਉਸ ਦੇ ਇੱਕੋ ਜਿਹੇ ਡੱਬੇ ਬਣਾ ਕੇ ਓਸ ਆਕਾਰ ਨੂੰ ਪੱਚੀ ਕਰਾਸ ਲਕੀਰਾਂ ਵਾਹ ਕੇ ਇਸ ਬਾਰਾਂ ਟਾਹਣੀ ਖੇਡ ਨੂੰ ਦੋ ਜਣੇ ਖੇਡਦੇ ਸਨ।ਹਰ ਇੱਕ ਦੋਸਤ ਨੇ ਬਾਰਾਂ ਗੀਟੀਆਂ,ਗਟੋਲੀਆਂ, ਬਾਰਾਂ ਕਿਸੇ ਵੀ ਕਿਸਮ ਦੀ ਆਪੋ ਆਪਣੀ ਨਿਸਾਨੀ ਦੇ ਤੌਰ ਤੇ ਆਪਣੇ ਪਾਸੇ ਦੇ ਬਾਰਾਂ ਕਰਾਸ ਲਕੀਰਾਂ ਤੇ ਰੱਖ ਲੈਣਾ ਇਸੇ ਤਰ੍ਹਾਂ ਦੂਜੇ ਦੋਸਤ ਨੇ ਵੀ ਬਾਰਾਂ ਡੀਟੀਆਂ ਆਪਣੇ ਹਿਸੇ ਆਉਂਦੇ ਵਾਲੇ ਪਾਸੇ ਰੱਖ ਲੈਣੀਆਂ ਪਰ ਇਹ ਦੋਨਾਂ ਦੋਸਤਾਂ ਦੀਆਂ ਡੀਟੀਆਂ ਅਲੱਗ-ਅਲੱਗ ਭਾਵ ਜੇ ਇੱਕ ਨੇ ਟੁੱਟੇ ਘੜੇ ਦੀਆਂ ਡੀਟੀਆਂ ਰੱਖੀਆਂ ਹੁੰਦੀਆਂ ਤਾਂ ਦੂਜੇ ਦੋਸਤ ਨੇ ਇਸ ਤੋਂ ਅਲੱਗ ਭਾਵ ਰਲਦੀਆਂ ਨਹੀਂ ਸਨ। ਇੱਕ ਦੋਸਤ ਨੇ ਪਹਿਲਾਂ ਖੇਡ ਦੀ ਸੁਰੂਆਤ ਕਰਨੀ ਤੇ ਦੂਸਰੇ ਨੇ ਉਸ ਦੀ ਇੱਕ ਡੀਟੀ ਕੁੱਟ ਲੈਣੀ ਭਾਵ ਜਿੱਤ ਲੈਣੀ ਤੇ ਨਾਲ ਦੀ ਨਾਲ ਹੀ ਦੂਸਰੇ ਨੇ ਆਪਣੀ ਵਾਰੀ ਨਾਲ ਚੱਲਣਾ ਤੇ ਉਸ ਨੇ ਵੀ ਪਹਿਲੇ ਦੋਸਤ ਦੀ ਇੱਕ ਡੀਟੀ ਜਿੱਤ ਲੈਣੀ।ਸਹੀ ਮਾਅਨਿਆਂ ਚ ਇੱਕ ਇੱਕ ਡੀਟੀ ਜਿੱਤਣ ਤੋਂ ਬਾਅਦ ਅਸਲੀ ਦਿਮਾਗ ਵਾਲੀ ਗੇਮ ਸੁਰੂ ਹੋਇਆ ਕਰਦੀ ਸੀ।ਇਹ ਖੇਡ ਬਹੁਤ ਹੀ ਦਿਲਚਸਪ ਅਤੇ ਬਹੁਤ ਹੀ ਦਿਮਾਗ ਨਾਲ ਖੇਡਣ ਵਾਲੀ ਖੇਡ ਸੀ। ਕਈ ਵਾਰ ਤਾਂ ਇੱਕ ਗੇਮ ਪੂਰੀ ਹੋਣ ਨੂੰ ਕਾਫੀ ਸਮਾਂ ਲੱਗ ਜਾਂਦਾ ਸੀ। ਕਈ ਵਾਰ ਜੇਕਰ ਕੋਈ ਜਿਆਦਾ ਹੁਸਿਆਰ ਦੋਸਤ ਹੁੰਦਾ ਸੀ ਤਾਂ ਗੇਮ ਛੇਤੀ ਹੀ ਖਤਮ ਹੋ ਜਾਇਆ ਕਰਦੀ ਸੀ।ਪਰ ਹਮੇਸਾ ਇਹ ਗੇਮ ਬੰਨ੍ਹ ਕੇ ਬਿਠਾਉਣ ਦੇ ਸਮਰੱਥ ਹੋਇਆ ਕਰਦੀ ਸੀ ਭਾਵ ਉਤਸਾਹ ਬਣਿਆ ਰਹਿੰਦਾ ਸੀ ਕਿ ਸਾਰੀ ਗੇਮ ਪੂਰੀ ਵੇਖੀ ਜਾਵੇ ਤਾਂ ਕਿ ਪਤਾ ਲੱਗ ਜਾਵੇ ਕਿ ਕਿਹੜਾ ਦੋਸਤ ਕਿੰਨੀ ਕੁ ਹੁਸਿਆਰੀ ਨਾਲ ਆਪਣੇ ਹਿਸੇ ਦੀਆਂ ਡੀਟੀਆਂ ਕਿੰਨਾਂ ਸਮਾਂ ਬਚਾ ਕੇ ਰੱਖਣ ਦੇ ਸਮਰੱਥ ਹੈ।ਪਰ ਆਖਿਰ ਤਾਂ ਮੈਦਾਨ ਵਿੱਚ ਦੋ ਭਲਵਾਨ ਘੁਲਦੇ ਆ ਇੱਕ ਨੇ ਢਹਿਣਾ ਹੀ ਹੁੰਦਾ ਹੈ ਦੇ ਅਖਾਣ ਮੁਤਾਬਿਕ ਇੱਕ ਨੇ ਹਰਨਾ ਤੇ ਇੱਕ ਨੇ ਜਿੱਤਣਾ ਹੀ ਹੁੰਦਾ ਹੈ। ਬਹੁਤ ਦੇਰ ਬਾਅਦ ਜਦੋਂ ਹਾਰ ਜਿੱਤ ਹੁੰਦੀ ਤਾਂ ਫਿਰ ਬੜੀਆਂ ਤਾੜੀਆਂ ਵੱਜਦੀਆਂ ਸਨ। ਕਦੇ ਕਦੇ ਸਾਡੇ ਪੁਰਾਣੇ ਬਜੁਰਗ ਇਸ ਖੇਡ ਨੂੰ ਹੋਰ ਦਿਲਚਸਪ ਬਣਾਉਣ ਲਈ ਕੋਈ ਥੋੜੀ ਬਹੁਤੀ ਸਰਤ ਵੀ ਰੱਖ ਲੈਂਦੇ ਸਨ, ਜਿਵੇਂ ਕਿ ਦੋ ਕਿਲੋ ਦੁੱਧ ਹਾਰੇ ਹੋਏ ਨੇ ਜਿੱਤਣ ਵਾਲੇ ਦੋਸਤ ਨੂੰ ਪਿਆਉਣਾ ਜਾ ਕਿਲੋ ਲੱਡੂ ਜਾਂ ਜਲੇਬੀਆਂ ਦੀਆਂ ਸਰਤਾਂ ਲੱਗਿਆ ਕਰਦੀਆਂ ਸਨ। ਪੈਸੇ ਵਗੈਰਾ ਦੀ ਕਦੇ ਕੋਈ ਸਰਤ ਨਹੀਂ ਸੀ ਲੱਗਦੀ ਜਿਵੇਂ ਕਿ ਅਜੋਕੇ ਸਮੇਂ ਵਿੱਚ ਦੜੇ ਸੱਟੇ ਦਾ ਰਿਵਾਜ ਹੈ।ਇਹ ਮਨ ਪਰਚਾਵੇ ਅਤੇ ਬਹੁਤ ਦਿਮਾਗ ਵਾਲੀਆਂ ਖੇਡਾਂ ਖੇਡਦੇ ਰਹੇ ਹਾਂ ਅਸੀਂ ਆਪਣਿਆਂ ਸਮਿਆਂ ਵਿੱਚ। ਹੁਣ ਵੀ ਕਿਸੇ ਕਿਸੇ ਪਿੰਡ ਦੇ ਵਿੱਚ ਪੁਰਾਣੇ ਬਜੁਰਗ ਇਸ ਬਾਰਾਂ ਟਾਹਣੀ ਖੇਡ ਨੂੰ ਮਨ ਪਰਚਾਵੇ ਲਈ ਖੇਡਦੇ ਵੇਖੇ ਜਾ ਸਕਦੇ ਹਨ।ਪਰ ਸਾਡੀ ਅਜੋਕੀ ਪੀੜ੍ਹੀ ਇਨ੍ਹਾਂ ਪੁਰਾਤਨ ਖੇਡਾਂ ਤੋਂ ਬਿਲਕੁਲ ਅਣਜਾਣ ਹੈ। ਓਹ ਤਾਂ ਇਨ੍ਹਾਂ ਖੇਡਾਂ ਦੇ ਨਾਮ ਸੁਣ ਕੇ ਹੀ ਹੈਰਾਨ ਹੋ ਜਾਂਦੇ ਹਨ। ਜੇਕਰ ਘੋਖ ਕੀਤੀ ਜਾਵੇ ਤਾਂ ਅਜੋਕੀ ਕ੍ਰਿਕਟ ਖੇਡ ਵੀ ਗੁੱਲੀ ਡੰਡਾ ਦਾ ਹੀ ਬਦਲਵਾਂ ਰੂਪ ਹੈ ਜਿਸ ਨੂੰ ਇਸ ਸਮੇਂ ਬਹੁਤ ਮਾਨਤਾ ਮਿਲ ਰਹੀ ਹੈ।ਪਰ ਜੋ ਦਿਲਚਸਪੀ ਅਤੇ ਦਿਮਾਗ ਦੀਆਂ ਪੁਰਾਤਨ ਸਮਿਆਂ ਵਿੱਚ ਖੇਡੀਆਂ ਜਾਂਦੀਆਂ ਸਨ,ਸਾਡੀ ਅਜੋਕੀ ਪੀੜ੍ਹੀ ਓਹ ਖੇਡਾਂ ਨਾ ਖੇਡ ਕੇ ਮਹਿੰਗੇ ਮੁੱਲ ਵਾਲੀਆਂ ਅਤੇ ਅਜੋਕੇ ਸਮੇਂ ਦੇ ਹਾਣਦੀਆਂ ਖੇਡਾਂ ਖੇਡਣ ਵਿੱਚ ਦਿਲਚਸਪੀ ਲੈਂਦੇ ਹਨ। ਪੁਰਾਤਨ ਖੇਡਾਂ ਜਿਥੇ ਸਸਤੀਆਂ ਸਨ ਓਥੇ ਦਿਮਾਗ ਨੂੰ ਚੁਸਤ ਦਰੁਸਤ ਕਰਨ ਲਈ ਬਹੁਤ ਵਧੀਆ ਸਨ।ਬਦਲੇ ਹਾਲਾਤਾਂ ਨਾਲ ਆਪਾਂ ਸਭਨਾਂ ਨੂੰ ਹੀ ਬਦਲਣਾ ਪੈਣਾ ਹੈ ਤੇ ਖੇਡਾਂ ਵੀ ਬਦਲ ਗਈਆਂ ਹਨ।ਸੋ ਦੋਸਤੋ ਆਪਣਾ ਤਾਂ ਇਹੀ ਤੁਹੱਈਆ ਰਹਿੰਦਾ ਹੈ ਕਿ ਹਮ ਉਮਰ ਦੋਸਤਾਂ ਨੂੰ ਓਨਾਂ ਦਾ ਪੁਰਾਣਾ ਸਮਾਂ ਯਾਦ ਕਰਵਾਇਆ ਜਾਵੇ, ਤਾਂ ਕਿ ਓਹ ਇੱਕ ਵਾਰ ਬਚਪਨ ਵਿੱਚ ਜਰੂਰ ਗੇੜਾ ਮਾਰ ਆਉਣ।

ਆ ਕਿਹੜੀ ਖੇਡ ਆ---?



# ਰਾਮੂਵਾਲੀਆ ਦੀ ਧੀ ਅਮਨਜੋਤ ਭਾਜਪਾ 'ਚ ਸ਼ਾਮਲ, ਅਕਾਲੀ ਦਲ ਦੇ ਕਈ ਹੋਰ ਸਾਬਕਾ ਆਗੂਆਂ ਨੇ ਵੀ ਫ਼ੜਿਆ ਭਾਜਪਾ ਦਾ ਪੱਲਾ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ)- ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਾਬਕਾ ਆਗੂ ਅਮਨਜੋਤ ਕੌਰ ਰਾਮੂਵਾਲੀਆ ਸਮੇਤ ਪਾਰਟੀ ਦੇ ਹੋਰ ਸਾਬਕਾ ਆਗੂ ਦਿੱਲੀ 'ਚ ਇੱਕ ਸਮਾਗਮ ਦੌਰਾਨ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਪੰਜਾਬ 'ਚ ਹੋਣ ਵਾਲੀਆਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਸਿੱਖ ਤੇ ਹੋਰ ਵਰਗਾਂ ਦੇ ਚਿਹਰੇ ਪਾਰਟੀ 'ਚ ਸ਼ਾਮਲ ਕਰ ਕੇ ਆਪਣੀ ਤਿਆਰੀ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਬਕਾ ਕੇਂਦਰੀ ਮੰਤਰੀ ਤੇ ਹੁਣ ਉੱਤਰ ਪ੍ਰਦੇਸ਼ ਦੇ ਸਮਾਜਵਾਦੀ ਪਾਰਟੀ ਦੇ ਐੱਮ.ਐੱਲ.ਏ. ਬਲਵੰਤ ਸਿੰਘ ਰਾਮੂਵਾਲੀਆ ਦੀ ਧੀ ਅਮਨਜੋਤ ਕੌਰ ਭੁੱਲਰ ਅਕਾਲੀ ਦਲ ਦੀ ਮਹਿਲਾ ਵਿੰਗ ਦੀ ਮੈਂਬਰ ਵੀ ਰਹੀ ਹੈ ਤੇ ਉਨ੍ਹਾਂ ਦੇ ਭਾਜਪਾ ਵਿੱਚ ਜਾਣ ਦਾ ਕਦਮ ਹੈਰਾਨ ਕਰਨ ਵਾਲਾ ਮੰਨਿਆ ਜਾ ਰਿਹਾ ਹੈ। ਅਮਨਜੋਤ ਕੌਰ ਤੋਂ ਇਲਾਵਾ ਅਕਾਲੀ ਦਲ ਦੇ ਸਾਬਕਾ ਆਗੂ ਗੁਰਪ੍ਰੀਤ ਸਿੰਘ ਸ਼ਾਹਪੁਰ, ਚੰਦ ਸਿੰਘ ਚੱਠਾ ਤੇ ਬਲਜਿੰਦਰ ਸਿੰਘ ਡਕੋਹਾ ਨੇ ਵੀ ਕੈਬਨਿਟ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਹਾਜ਼ਰੀ 'ਚ ਭਾਜਪਾ ਦਾ ਪੱਲਾ ਫ਼ੜ ਲਿਆ। ਪ੍ਰੀਤਮ ਸਿੰਘ ਤੇ ਸਾਬਕਾ ਟੀਵੀ ਐਂਕਰ ਚੇਤਨ ਮੋਹਨ ਜੋਸ਼ੀ ਵੀ ਭਾਜਪਾ 'ਚ ਸ਼ਾਮਲ ਹੋ ਗਏ। ਇਸ ਮੌਕੇ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਅਜਿਹੇ ਆਗੂਆਂ ਦਾ ਭਾਜਪਾ 'ਚ ਸ਼ਾਮਲ ਹੋਣ ਤੋਂ ਸਾਫ਼ ਹੈ ਪੰਜਾਬ 'ਚ ਸਿਆਸੀ ਹਵਾ ਕਿਸ ਵੱਲ ਚੱਲ ਰਹੀ ਹੈ। ਉਨ੍ਹਾਂ ਕਿਸੇ ਧਿਰ ਦਾ ਨਾਂ ਲਏ ਬਿਨਾਂ ਕਿਹਾ ਕਿ ਦੇਸ਼ 'ਚ ਨਕਾਰੀਆਂ ਗਈਆਂ ਪਾਰਟੀਆਂ ਸੱਤਾ ਖ਼ਾਤਰ ਕਿਸਾਨਾਂ ਨੂੰ ਗੁੰਮਰਾਹ ਕਰ ਰਹੀਆਂ ਹਨ ਜਦਕਿ ਮੋਦੀ ਸਰਕਾਰ ਕੌਮੀ ਹਿੱਤਾਂ ਤੇ ਪੰਜਾਬ ਦੀ ਤਰੱਕੀ ਲਈ ਕੰਮ ਕਰ ਰਹੀ ਹੈ।

**'ਅਮਨਜੋਤ ਨੇ ਪੰਜਾਬ ਤੇ ਕਿਸਾਨਾਂ ਨਾਲ ਗ਼ੱਦਾਰੀ ਕੀਤੀ'**

ਐੱਸ.ਏ.ਐੱਸ. ਨਗਰ (ਮੁਹਾਲੀ)-ਜ਼ਿਲ੍ਹਾ ਯੋਜਨਾ ਕਮੇਟੀ ਮੁਹਾਲੀ ਦੀ ਸਾਬਕਾ ਚੇਅਰਪਰਸ਼ਨ ਅਮਨਜੋਤ ਕੌਰ ਰਾਮੂਵਾਲੀਆ ਦੇ ਅਚਾਨਕ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਉਨ੍ਹਾਂ ਦੇ ਪਿਤਾ ਬਲਵੰਤ ਸਿੰਘ ਰਾਮੂਵਾਲੀਆ ਅਤੇ ਉਨ੍ਹਾਂ ਦੇ ਸਮਰਥੱਕ ਕਾਫ਼ੀ ਦੁੱਖੀ ਨਜ਼ਰ ਆਏ। ਇੱਥੋਂ ਦੇ ਫ਼ੇਜ਼-9 ਸਥਿਤ ਆਪਣੇ ਨਿਵਾਸ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰਾਮੂਵਾਲੀਆ ਨੇ ਕਿਹਾ ਕਿ ਉਸ ਦੀ ਧੀ ਨੇ ਪੇਕੇ ਪਰਿਵਾਰ ਸਮੇਤ ਪੰਜਾਬ ਅਤੇ ਕਿਸਾਨਾਂ ਨਾਲ ਗ਼ੱਦਾਰੀ ਕੀਤੀ ਹੈ। ਇਸ ਗਲਤੀ ਲਈ ਉਹ ਉਸ (ਅਮਨਜੋਤ) ਨੂੰ ਕਦੇ ਵੀ ਮੁਆਫ਼ ਨਹੀਂ ਕਰਨਗੇ। ਉਨ੍ਹਾਂ ਨੇ ਆਪਣੀ ਧੀ ਨਾਲ ਸਾਰੇ ਸਬੰਧ ਤੋੜਨ ਦੀ ਗੱਲ ਵੀ ਆਖੀ। ਉਨ੍ਹਾਂ ਨੇ ਅਮਨਜੋਤ ਦੇ ਇਸ ਫ਼ੈਸਲੇ ਨੂੰ ਬੇਸਮਝੀ ਵਾਲਾ ਕਦਮ ਦੱਸਦਿਆਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਜਿਸ ਬਾਪ ਦੀ ਉਂਗਲ ਫ਼ੜ ਕੇ ਰਾਜਨੀਤੀ ਦਾ ਪਹਿਲਾ ਪਾਠ ਧੀ ਨੇ ਸਿੱਖਿਆ, ਉਸ ਨੇ ਭਾਜਪਾ ਵਿੱਚ ਸ਼ਾਮਲ ਹੋਣ ਬਾਰੇ ਰਾਇ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ।



ਰਾਮੂਵਾਲੀਆ ਨੇ ਕਿਹਾ ਕਿ ਅਮਨਜੋਤ ਦਾ ਨਾਂ ਸਕੂਲ ਸਮੇਂ ਤੋਂ ਅਮਨਜੋਤ ਕੌਰ ਗਿੱਲ ਰਿਹਾ ਹੈ ਅਤੇ ਰਾਜਨੀਤੀ ਵਿੱਚ ਆਉਣ ਤੋਂ ਬਾਅਦ ਉਸ ਨੇ ਆਪਣੇ ਨਾਮ ਨਾਲ ਰਾਮੂਵਾਲੀਆ ਲਿਖਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਪ੍ਰਸਿੱਧ ਕਵੀਸ਼ਰ ਹੋਣ ਦੇ ਨਾਲ-ਨਾਲ ਦੇਸ਼ ਭਗਤ ਸਨ ਅਤੇ ਮਾਰਕਸਵਾਦੀ ਵਿਚਾਰਾਂ ਦੇ ਧਾਰਨੀ ਸਨ। ਦੇਸ਼ ਦੀ ਵੰਡ ਵੇਲੇ ਉਨ੍ਹਾਂ ਦੇ ਪਿਤਾ ਦੀ ਉਮਰ 31 ਸਾਲ ਸੀ, ਉਨ੍ਹਾਂ ਨੇ ਆਪਣੀ ਦੇਖ-ਰੇਖ ਵਿੱਚ ਰਾਮੂਵਾਲਾ ਪਿੰਡ ਦੇ ਮੁਸਲਮਾਨਾਂ ਨੂੰ ਫ਼ਾਜ਼ਿਲਕਾ ਵਿੱਚ ਸਹੀ ਸਲਾਮਤ ਪਹੁੰਚਾ ਕੇ ਸਰਹੱਦ ਪਾਰ ਕਰਵਾਈ ਸੀ। ਉਨ੍ਹਾਂ ਕਿਹਾ ਕਿ ਉਹ ਵੀ ਸਾਰੀ ਉਮਰ ਆਰ.ਐੱਸ.ਐੱਸ. ਅਤੇ ਜਨਸੰਘ ਦੇ ਸਖ਼ਤ ਵਿਰੋਧੀ ਰਹੇ ਪਰ ਉਨ੍ਹਾਂ ਦੀ ਬੇਟੀ ਅਮਨਜੋਤ ਕੌਰ ਨੇ ਭਾਜਪਾ ਵਿੱਚ ਸ਼ਾਮਲ ਹੋ ਕੇ ਪਰਿਵਾਰ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਅੱਜ ਉਨ੍ਹਾਂ ਦੇ ਪਰਿਵਾਰ ਲਈ ਇਹ ਸਭ ਤੋਂ ਮਾੜਾ ਦਿਨ ਹੈ। ਬਲਵੰਤ ਰਾਮੂਵਾਲੀਆ ਨੇ ਕਿਹਾ ਕਿ ਉਨ੍ਹਾਂ ਨੇ ਪੱਛਮੀ ਬੰਗਾਲ ਦੀਆਂ ਚੋਣਾਂ ਵਿੱਚ 12 ਦਿਨ ਮਮਤਾ ਬੈਨਰਜੀ ਦੀ ਮਦਦ ਕੀਤੀ, ਪੱਛਮੀ ਬੰਗਾਲ ਵਿੱਚ ਭਾਜਪਾ ਨੇ 'ਮਹਾਭਾਰਤ' ਜਿੰਨਾ ਜ਼ੋਰ ਲਗਾਇਆ ਹੋਇਆ ਸੀ ਪਰ ਇਸ ਦੇ ਬਾਵਜੂਦ ਭਾਜਪਾ ਉੱਥੇ ਹਾਰ ਗਈ। ਉਨ੍ਹਾਂ ਕਿਹਾ ਕਿ ਹੁਣ ਭਾਜਪਾ ਵਲੋਂ ਯੂ.ਪੀ. ਚੋਣਾਂ ਜਿੱਤਣ ਲਈ ਪਹਿਲਾਂ ਤੋਂ ਵੀ ਵੱਧ ਜੋਰ ਲਗਾਇਆ ਜਾ ਰਿਹਾ ਹੈ ਅਤੇ ਸਿਆਸੀ ਆਗੂਆਂ ਦੇ ਪਰਿਵਾਰਾਂ ਵਿੱਚ ਫ਼ੁੱਟ ਪਾਈ ਜਾ ਰਹੀ ਹੈ ਤਾਂ ਜੋ ਆਉਣ ਵਾਲੀਆਂ ਚੋਣਾਂ ਵਿੱਚ ਇਸ ਫ਼ੁੱਟ ਦਾ ਲਾਹਾ ਲਿਆ ਜਾ ਸਕੇ। ਭਾਜਪਾ ਨੂੰ ਪਰਿਵਾਰ ਤੋੜਨ ਦੀ ਰਾਜਨੀਤੀ ਕਾਫ਼ੀ ਮਹਿੰਗੀ ਪਵੇਗੀ। ਉਨ੍ਹਾਂ ਨੇ ਆਪਣੀ ਧੀ ਨੂੰ ਭਵਿੱਖ ਆਪਣੇ ਨਾਮ ਨਾਲ ਰਾਮੂਵਾਲੀਆ ਸ਼ਬਦ ਲਿਖਣ ਤੋਂ ਵਰਜਦਿਆਂ ਕਿਹਾ ਕਿ ਉਹ ਵਿਆਹ ਤੋਂ ਬਾਅਦ ਉਸ ਦਾ ਹੁਣ ਰਾਮੂਵਾਲੀਆ ਪਿੰਡ ਨਾਲ ਕੋਈ ਸਬੰਧ ਨਹੀਂ ਹੈ। ਲਿਹਾਜ਼ਾ ਹੁਣ ਉਹ ਸਿਆਸੀ ਮੈਦਾਨ ਵਿੱਚ ਅਮਨਜੋਤ ਕੌਰ ਵਜੋਂ ਵਿਚਰੇ ਕਿਉਂਕਿ ਹੁਣ ਰਾਮੂਵਾਲੀਆ ਪਰਿਵਾਰ ਨੇ ਵੀ ਅਮਨਜੋਤ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਉਂਜ ਉਨ੍ਹਾਂ ਨੇ ਆਪਣੀ ਧੀ ਨੂੰ ਕਿਸਾਨਾਂ ਤੋਂ ਜਨਤਕ ਮੁਆਫ਼ੀ ਮੰਗਣ ਦੀ ਵੀ ਸਲਾਹ ਦਿੱਤੀ।

TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP
STOP SIGN
SPEEDING
TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677    FAX : 780-395-0772
CELL : 780-906-1800
Email : ticketdisputesolutions@gmail.com    www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
Products of Services:
· Insulation    ਇੰਸੂਲੇਸ਼ਨ
· Drywall    ਡਰਾਈਵਾਲ
· Taping    ਟੇਪਿੰਗ
· Texturing    ਬਲੋ ਇੰਸੂਲੇਸ਼ਨ
· Blow Insulation    ਟੈਕਸਚਰਿੰਗ
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
Ricky Kaler
Cell: 403-472-4243 Off: 403-483-0004    Fax: 403-532-2318
505-4655 54 Ave NE Calgary Alberta T3J 3M3  www.arrowdrywall.com


Calgary
ਜਦੋਂ ਤੁਸੀਂ
#SupportLocalYYC, ਕਰਦੇ ਹੋ
ਤਾਂ ਤੁਸੀਂ ਸਥਾਨਕ ਪਰਿਵਾਰਾਂ ਦਾ
ਸਮਰਥਨ ਕਰਦੇ ਹੋ
Come in WE'RE LOCAL
#SupportLocalYYC
ਅਸੀਂ ਮੁਫਤ ਸਪੋਰਟ ਲੋਕਲ ਪ੍ਰੋਗਰਾਮ ਦੀ ਸ਼ੁਰੂਆਤ ਕੈਲਗਰੀ ਨਿਵਾਸੀਆਂ ਨੂੰ ਸਥਾਨਕ ਕਾਰੋਬਾਰ ਲੱਭਣ ਲਈ ਸਹਾਇਤਾ ਕਰਨ ਵਾਸਤੇ ਕੀਤੀ। ਇਹ ਜਾਣੀਆਂ ਪਛਾਣੀਆਂ ਥਾਵਾਂ, ਅਤੇ ਉਨ੍ਹਾਂ ਦੇ ਪਿੱਛੇ ਦੇ ਚਿਹਰੇ, ਕੈਲਗਰੀ ਦੀ ਰੂਹ ਦਾ ਨਿਰਮਾਣ ਕਰਦੇ ਹਨ। ਜਦੋਂ ਤੁਸੀਂ ਸਥਾਨਕ ਕਾਰੋਬਾਰਾਂ ਦਾ ਸਮਰਥਨ ਕਰਦੇ ਹੋ, ਤਾਂ ਤੁਹਾਡਾ ਧਨ ਸਾਡੇ ਭਾਈਚਾਰੇ ਵਿੱਚ ਰਹਿੰਦਾ ਹੈ ਅਤੇ ਸਾਡੀ ਅਰਥ ਵਿਵਸਥਾ ਨੂੰ ਵਧਾਉਂਦਾ ਹੈ।
calgary.ca/supportlocal ਤੇ ਸਥਾਨਕ ਕਾਰੋਬਾਰਾਂ ਦਾ ਸਮਰਥਨ ਕਰਨ ਅਤੇ ਉਨ੍ਹਾਂ ਨੂੰ ਵਧਾਵਾ ਦੇਣ ਦੇ ਹੋਰ ਢੰਗ ਜਾਣੋ।


DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
• ਤਲਾਅ /ਹਰਿਆ ਭਰਿਆ ਆਲਾ ਦੁਆਲਾ
• ਫਰੰਟ ਗੈਰਾਜ ਲਾਟਾਂ
• ਵਾਕ ਆਊਟ ਲਾਟਾਂ
• ਡੁਪਲੈਕਸ ਲਾਟਾਂ
• ਲੇਨਡ ਲਾਟਾਂ
TOWNHOMES
FROM THE LOW
$300s
DUPLEX HOMES
FROM THE MID
$300s
LANED HOMES
FROM THE HIGH
$300s
FRONT GARAGE HOMES
FROM THE LOW
$500s
360° ਵਰਚੂਅਲ ਟੂਰ ਵੀ ਮਿਲਦਾ ਹੈ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
SHOWHOME APPOINTMENTS AVAILABLE AND RECOMMENDED. Broadview Homes | NuVista Homes | Trico Homes | Sterling Homes | Truman Homes | Morrison Homes
ਕਮਿਉਨਟੀ ਅੰਦਰ ਭਵਿੱਖ ਵਿੱਚ ਸਿਵਿਕ ਸੈਂਟਰ ਅਤੇ ਫੀਲਡ ਹਾਊਸ ਸਾਈਟ
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities

Vote
Elections Calgary

# ਸਹਾਇਤਾ ਕਰਨਾ ਚੁਣੋ

ਇੱਕ ਭੁਗਤਾਨਸ਼ੁਦਾ ਚੋਣ ਵਰਕਰ ਬਣੋ।
ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ।

ਅਡਵਾਂਸ ਵੋਟ: 4 - 10 ਅਕਤੂਬਰ, 2021
ਚੋਣ ਦਾ ਦਿਨ: 18 ਅਕਤੂਬਰ, 2021

electionscalgary.ca
'ਤੇ ਹੋਰ ਜਾਣੋ



# ਨਾਰਥ ਕਲਚਰਲ ਕੈਲਗਰੀ ਐਸੋਸੀਏਸ਼ਨ ਨੇ ਕੀਤਾ ਮੱਖਣ ਬਰਾੜ ਦਾ ਮਾਣ ਸਨਮਾਨ



ਕੈਲਗਰੀ(ਪੰਜਾਬੀ ਅਖਬਾਰ ਬਿਊਰੋ) 80 ਦੇ ਕਰੀਬ ਮੈਂਬਰਾਂ ਵਾਲੀ ਕੈਲਗਰੀ ਦੇ ਬਜੁਰਗਾਂ ਦੀ ਸੰਸਥਾ ਨਾਰਥ ਕਲਚਰਲ ਕੈਲਗਰੀ ਐਸੋਸੀਏਸਨ ਹਰ ਮਹੀਨੇ ਆਪਣੀਆਂ ਮਿਲਣੀਆਂ ਦੇ ਸਮਾਗਮ ਕਰਦੀ ਰਹਿੰਦੀ ਹੈ ਪਰ ਕਰੋਨਾ ਕਾਰਣ ਹੁਣ ਪਿਛਲੇ ਕਾਫੀ ਸਮੇਂ ਤੋਂ ਇਹ ਸਰਗਰਮੀਆਂ ਬੰਦ ਹੀ ਪਈਆਂ ਸਨ। ਬੀਤੇ ਸਨੀਚਰਵਾਰ 31 ਜੁਲਾਈ ਵਾਲੇ ਦਿਨ ਐਡਵਰਦੀ ਪਾਰਕ ਵਿਖੇ ਇਸ ਮਿਲਣੀ ਦਾ ਆਯੋਜਿਨ ਕੀਤਾ ਗਿਆ। ਸੰਸਥਾ ਦੀ ਪਰਬੰਧਕੀ ਕਮੇਟੀ ਦੀ ਚੋਣ ਅਗਲੇ ਦੋ ਸਾਲਾਂ ਲਈ ਕੀਤੀ ਗਈ ।ਖਾਣ ਪੀਣ ਦਾ ਪਰਬੰਧ ਬਾ ਕਮਾਲ ਸੀ।ਵਿਸੇਸ ਤੌਰ ਹਾਜਰੀ ਭਰਨ ਵਾਲੇ ਆਪਣਾ ਪੰਜਾਬ ਵਾਲੇ ਗੀਤਕਾਰ ਮੱਖਣ ਬਰਾੜ ਨੇ ਆਪਣੇ ਸਾਫ ਸੁਥਰੇ ਗੀਤਾਂ ਅਤੇ ਸੇਅਰਾਂ ਨਾਲ ਖੂਬ ਰੰਗ ਬੰਨਿਆ। ਨਾਰਥ ਕਲਚਰਲ ਕੈਲਗਰੀ ਐਸੋਸੀਏਸਨ ਵੱਲੋਂ ਮੱਖਣ ਬਰਾੜ ਦਾ ਵਿਸੇਸ ਸਨਮਾਨ ਕੀਤਾ ਗਿਆ। ਵਾਰਡ 5 ਤੋਂ ਕੌਂਸਲਰ ਦੇ ਉਮੀਂਦਵਾਰ ਰਾਜ ਧਾਲੀਵਾਲ ਨੇ ਵੀ ਇਸ ਪਰੋਗਰਾਮ ਵਿੱਚ ਹਾਜਰੀ ਭਰੀ। ਪਰਾਈਮ ਏਸੀਆ ਟੈਲੀਵੀਯਨ ਵੱਲੋਂ ਸ: ਅਵਨੀਤ ਸਿੰਘ ਤੇਜਾ ਨੇ ਇਸ ਸਮਾਗਮ ਦੀ ਰਿਪੋਰਟ ਤਿਆਰ ਕੀਤੀ।

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair



ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038

Sidhu Accounting & Financial Services



Accounting Services
Personal Tax Returns
• Corporate Tax Returns
• Computerized Bookkeeping
• T4's
• Record of Employment

Financial Services
• RRSP
• Life Insurance
Term Life
Universal Life
• Critical Illness Insurance
• Segregated Funds

IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ



Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।



ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco | Paper | Flashing | Wiring
Free Estimate
BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES FROM THE $250s
DUPLEXES FROM THE $400s
LANED HOMES FROM THE $400s
FRONT GARAGE FROM THE $500s
REDSTONE
ਆਖਰੀ ਲਾਟਾਂ ਮੌਜੂਦ ਹਨ
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
redstonecommunity.ca
DEERFOOT TRAIL
STONEY TRAIL NE
201
COUNTRY HILLS BLVD NE
METIS TRAIL NE
2
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities


Mega Sanjha Punjab
GROCERY STORE
ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ, ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ, ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ ਮਹਿਸੂਸ ਹੀ ਨਹੀਂ ਹੋਣ ਦਿੰਦੇ ।
FRESH PRODUCE
GROCERY STORE
ਕਰੋਨਾ ਕਾਰਣ ਤੁਹਾਡੀ ਸੋਸ਼ਲ ਡਿਸਟੈਂਸ ਦੇ ਪੁਖਤਾ ਪਰਬੰਧ ਹਨ।
Mega Sanjha Punjab
ਸਾਂਝਾ ਪੰਜਾਬ ਗਰੌਸਰੀ ਸਟੋਰ ਦੀ ਤੀਜੀ ਲੋਕੇਸ਼ਨ ਹੁਣ ਕੋ-ਅੱਪ ਸਟੋਰ ਵਾਲੀ ਬਿਲਡਿੰਗ ਵਿੱਚ ਖੁੱਲ ਗਈ ਹੈ
Sanjha Punjab GROCERY STORE 403-266-5200
THREE LOCATIONS TO SERVE YOU
3690 Westwinds Dr NE, Calgary, AB T3J 5H3
7171 80 Ave NE #117, Calgary, AB T3J 0P6
570-6520 Falconridge BLVD NE Calgary


Calgary
ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਕਾਰੋਬਾਰਾਂ ਲਈ ਮੁੜ ਖੋਲ੍ਹਣ ਲਈ ਗਰਾਂਟਾਂ
2 ਜੁਲਾਈ ਤੋਂ 10 ਅਗਸਤ, 2021 ਤੱਕ ਅਪਲਾਈ ਕਰੋ।
ਜਿਵੇਂ ਕੈਲਗਰੀ ਗਰਮੀਆਂ ਲਈ ਖੁੱਲ੍ਹਦੀ ਹੈ, ਸਿਟੀ ਮਹਾਂਮਾਰੀ ਨਾਲ ਪ੍ਰਭਾਵਿਤ ਹੋਏ ਕਾਰੋਬਾਰਾਂ ਨੂੰ ਮੁੜ ਖੋਲ੍ਹਣ ਲਈ ਗਰਾਂਟਾਂ ਪ੍ਰਦਾਨ ਕਰਕੇ ਸਾਡੀ ਆਰਥਿਕ ਰਿਕਵਰੀ ਦਾ ਸਮਰਥਨ ਕਰ ਰਹੀ ਹੈ।
ਅਰਜ਼ੀਆਂ 2 ਜੁਲਾਈ ਤੋਂ 10 ਅਗਸਤ ਦੇ ਵਿੱਚਕਾਰ ਜਾਂ ਯੋਗਤਾ ਦੇ ਮਾਪਦੰਡਾਂ ਦੇ ਅਧਾਰ ਤੇ ਫੰਡ ਸਮਾਪਤ ਹੋਣ ਤੱਕ ਸਵੀਕਾਰ ਕੀਤੀਆਂ ਜਾਣਗੀਆਂ।
ਵਧੇਰੇ ਜਾਣਨ ਅਤੇ ਅਪਲਾਈ ਕਰਨ ਲਈ, ਵੇਖੋ calgary.ca/BusinessGrant।
NIGHTCLUB
Restaurant
FITNESS
21-0014647


Ambleton
A Qualico Community
ਛੋਟੀਆਂ ਚੀਜਾਂ ਦਾ ਆਨੰਦ ਮਾਣੋ.
ਕੈਲਗਰੀ ਦਾ ਨਵਾਂ ਉੱਤਰੀ ਏਰੀਆ
1200 ਤੋਂ ਵੱਧ ਘਰ
8 ਫੇਸ
7.3Km ਲੰਮਾ ਪਥਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਜੂਨ 2021 ਵਿੱਚ ਸ਼ੋਅ ਹੋਮ ਵੀ ਖੁੱਲ ਜਾਣਗੇ
ਲੇਨਡ ਹੋਮ
$400s
ਤੋਂ ਸੁਰੂ ਹਨ
ਫਰੰਟ ਗੈਰਾਜ
$500s
ਤੋਂ ਸੁਰੂ ਹਨ
ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ
ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : liveinambleton.com
ਐਵਾਰਡ ਜੇਤੂ ਬਿਲਡਰ: · Shane Homes · Sterling Homes · Trico Homes · Broadview Homes · Jayman Built
24 St NW
144 Ave NE
14 St NW
Evanston Dr NW
Symons Valley Pkwy NW
Stoney Trail NW
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO communities

# ਅਲਬਰਟਾ ਕੱਪ ਦਾ ਪੋਸਟਰ ਲੋਕ ਗਾਇਕ ਗਿੱਲ ਹਰਦੀਪ ਅਤੇ ਗੀਤਕਾਰ ਮੱਖਣ ਬਰਾੜ ਨੇ ਰਿਲੀਜ਼ ਕੀਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੁਨਾਈਟਿਡ ਫੀਲਡ ਹਾਕੀ ਕਲੱਬ ਕੈਲਗਰੀ ਵੱਲੋਂ 5ਵਾਂ ਫੀਲਡ ਹਾਕੀ ਟਰੂਨਾਂਮੈਂਟ ਸਤੰਬਰ ਮਹੀਨੇ ਦੀ 3,4 ਅਤੇ 5 ਤਾਰੀਕ ਨੂੰ ਕੈਲਗਰੀ ਦੇ ਜੈਨੇਸਿਸ ਸੈਂਟਰ ਵਿਖੇ ਫੀਲਡ ਹਾਕੀ ਫੈਸਟੀਵਲ ਅਲਬਰਟਾ ਕੱਪ ਹੋਣ ਜਾ ਰਿਹਾ ਹੈ । ਇਸ ਸਬੰਧੀ ਤਿਆਰੀਆਂ ਪੂਰੇ ਜੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਪੋਸਟਰ ਰਿਲੀਜ ਕਰਨ ਦੀ ਰਸਮ ਉੱਘੇ ਲੋਕ ਗਾਇਕ ਗਿੱਲ ਹਰਦੀਪ ਅਤੇ ਆਪਣਾ ਪੰਜਾਬ ਹੋਵੇ , ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ ਵਰਗੇ ਗੀਤਾਂ ਦਾ ਲਿਖਣਹਾਰੇ ਮੱਖਣ ਬਰਾੜ ਨੇ ਨਿਭਾਈ। ਮੱਖਣ ਬਰਾੜ ਨੇ ਕਿਹਾ ਕਿ ਬੱਚੇ ਸਾਡੇ ਦੇਸ ਕੌਮ ਦਾ ਭਵਿੱਖ ਹਨ ਅਜਿਹੇ ਸਮਾਗਮਾਂ ਦੇ ਜ਼ਰੀਏ ਜੇਕਰ ਉਹਨਾਂ ਨੂੰ ਖੇਡਾਂ ਵੱਲ ਉਤਸਾਹਿਤ ਕੀਤਾ ਜਾਵੇ ਤਾਂ ਉਹ ਦੇਸ ਕੌਮ ਦਾ ਨਾਂ ਰੌਸਨ ਕਰ ਸਕਦੇ ਹਨ। ਮਨਦੀਪ ਝੱਲੀ ਨੇ ਦੱਸਿਆ ਕਿ ਯੂ ਐਸ ਏ, ਸਰੀ, ਟੌਰੌਨਟੋ, ਐਬਸਫੋਰਟ, ਵਿਨੀਪੈਗ,ਐਡਮੰਟਨ ਅਤੇ ਕੈਲਗਰੀ ਦੀਆਂ ਟੀਮਾਂ ਹਿੱਸਾ ਲੈਣਗੀਆਂ।ਇਸ ਮੌਕੇ ਕ੍ਰਿਪਾਲ ਸਿੱਧੂ, ਮਨਦੀਪ ਝੱਲੀ, ਜਾਦੂ, ਕੁਲਵੰਤ, ਧਰਮਾਂ, ਬੱਬੀ,ਹੈਪੀ, ਸੁੱਖ ਬਰਾੜ, ਸਰਨਜੀਤ ਬਰਾੜ, ਹਰਜੀਤ ਗਿੱਲ, ਕੰਵਲ, ਜਗਰਾਜ ਭੱਟੀ,ਡਾ: ਹਰਤੇਜ ਬਰਾੜ,ਜਸਕਰਨ ਬਰਾੜ ਵੀ ਹਾਜਿਰ ਸਨ।



ਸਿੱਖ ਮੋਟਰਸਾਈਕਲ ਕਲੱਬ ਕਨੇਡਾ ਦੇ ਮੋਟਰਸਾਈਕਲੀ ਜਥੇ ਨੇ ਕਨੇਡਾ ਦੀ ਗੇੜੀ ਲਗਾਉਂਦਿਆਂ ਡਾਇਬੀਟੀਜ ਦੇ ਖਾਤਮੇ ਲਈ ਫੰਡ ਇਕੱਠਾ ਕੀਤਾ ।ਵਿਕਟੋਰੀਆ ਤੋਂ ਚੱਲਕੇ ਇਹ ਜਥਾ ਕੈਲਗਰੀ ਹੁੰਦਾ ਹੋਇਆ ਸੈਸਕਾਟੂਨ ਪੁੱਜਾ ।ਗੁਰੂਘਰ ਵਿਖੇ ਆਯੋਜਿਤ ਸਮਾਗਮ ਦੌਰਾਨ ਸੈਸਕਾਟੂਨ ਵਾਸੀਆਂ ਨੇ ਬਹੁਤ ਹੀ ਗਰਮਜੋਸ਼ੀ ਨਾਲ ਸਵਾਗਤ ਕੀਤਾ ।



ਐਡਮੰਟਨ ਵਿਖੇ ਗੁਰਜੀਤ ਕੌਰ ਬਰਾੜ ਤੇ ਉਹਨਾਂ ਦੀ ਨੂੰਹ ਗੁਨੀ ਕੌਰ ਬਰਾੜ,ਵੱਲੋਂ ਉਹਨਾਂ ਘਰ ਦੇ ਵਿਹੜੇ ਵਿੱਚ ਹਰ ਸਾਲ ਦੀ ਤਰਾਂ ਤੀਆਂ ਦਾ ਮੇਲਾ ਮਨਾਇਆ ਗਿਆ । ਗਿੱਧੇ ਦੀ ਧਮਾਲ ਅਤੇ ਬੋਲੀਆਂ ਨਾਲ ਆਲਾ ਦੁਆਲਾ ਗੂੰਜ ਉਠਿਆ। ਖਾਣ ਪੀਣ ਲਈ ਸੁਚੱਜਾ ਪਰਬੰਧ ਸੀ, ਕਰੋਨਾ ਦੇ ਦਿਨਾਂ ਦਾ ਸੰਤਾਪ ਹਢਾਉਣ ਉਪਰੰਤ ਹੁਣ ਅਜਿਹੇ ਸਮਾਗਮ ਪਰਿਵਾਰਾਂ ਵਿੱਚ ਆਪਸੀ ਸਾਂਝ ਅਤੇ ਖੁਸ਼ੀਆਂ ਦਾ ਮਾਹੌਲ ਸਿਰਜ ਰਹੇ ਹਨ।

## ਕੌਂਸਲਰ ਜੋਤੀ ਗੌਂਡੇਕ ਵੀ ਸਿਹਤ ਪਾਬੰਦੀਆਂ ਚੁੱਕ ਲੈਣ ਦੇ ਹੱਕ ਵਿੱਚ ਨਹੀਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੀ ਵਾਰਡ 3 ਤੋਂ ਕੌਂਸਲਰ ਅਤੇ ਮੇਅਰ ਦੇ ਅਹੁਦੇ ਦੀ ਉਮੀਦਵਾਰ ਡਾ. ਜੋਤੀ ਗੌਂਡੇਕ ਦਾ ਕਹਿਣਾ ਹੈ ਕਿ ਐਲਬਰਟਾ ਸਰਕਾਰ ਵੱਲੋਂ ਸਿਹਤ ਪਾਬੰਦੀਆਂ ਚੁੱਕ ਲਏ ਜਾਣ ਅਤੇ ਕੋਵਿਡ-19 ਦੇ ਨਵੇਂ ਵੇਰੀਐਂਟ ਦੇ ਤੇਜ਼ੀ ਨਾਲ ਹੋ ਰਹੇ ਵਾਧੇ ਦੀਆਂ ਸੂਚਨਾਵਾਂ ਮਗਰੋਂ ਸਿਟੀ ਨੂੰ ਚਾਹੀਦਾ ਹੈ ਕਿ ਸ਼ਹਿਰ ਵਿੱਚ ਮਾਸਕ ਪਾਉਣਾ ਲਾਜ਼ਿਮੀ ਕੀਤਾ ਜਾਵੇ। ਕੌਂਸਲਰ ਗੌਂਡੇਕ ਨੇ ਮੰਗ ਕੀਤੀ ਹੈ ਕਿ ਸਿਟੀ ਕੌਂਸਲ ਦੀ ਐਮਰਜੰਸੀ ਮੀਟਿੰਗ ਹੋਣੀ ਚਾਹੀਦੀ ਹੈ ਤਾਂ ਕਿ ਇਹ ਫੈਸਲਾ ਲਿਆ ਜਾ ਸਕੇ ਕਿ ਕੀ ਕੀਤਾ ਜਾਣਾ ਚਾਹੀਦਾ ਹੈ। ਲਗਾਤਾਰ ਚੌਥੇ ਦਿਨ ਸੈਂਕੜੇ ਲੋਕ ਸਿਹਤ ਸੰਬੰਧੀ ਪਾਬੰਦੀਆਂ ਚੁੱਕ ਲਏ ਜਾਣ ਦਾ ਵਿਰੋਧ ਕਰਦੇ ਹੋਏ ਮੈਕਡੂਗਲ ਸੈਂਟਰ ਸਾਹਮਣੇ ਇਕੱਠੇ ਹੋਏ ਸਨ ਤੇ ਕੌਂਸਲਰ ਜੋਤੀ ਗੌਂਡੇਕ ਵੀ ਉਹਨਾਂ ਨਾਲ ਸ਼ਾਮਲ ਹੋਏ। ਗੌਂਡੇਕ ਨੇ ਕਿਹਾ ਕਿ ਸਰਕਾਰ ਆਪਣੀ ਜ਼ਿੰਮੇਦਾਰੀ ਤੋਂ ਭੱਜ ਰਹੀ ਹੈ। ਮੇਅਰ ਨਾਹੀਦ ਨੈਂਸ਼ੀ ਨੇ ਵੀ ਸਰਕਾਰ ਦੇ ਇਸ ਫੈਸਲੇ ਦਾ ਵਿਰੋਧ ਕੀਤਾ ਹੈ।

## ਪੌਦੇ ਲਗਾਉਂਦੀ ਔਰਤ ਰਿੱਛ ਵੱਲੋਂ ਕੀਤੇ ਹਮਲੇ ਵਿੱਚ ਮਾਰੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨੌਰਦਰਨ ਐਲਬਰਟਾ ਵਿੱਚ 26 ਸਾਲਾ ਇੱਕ ਔਰਤ ਇੱਕ ਕਾਲੇ ਰਿੱਛ ਵੱਲੋਂ ਕੀਤੇ ਗਏ ਹਮਲੇ ਵਿੱਚ ਮਾਰੀ ਗਈ ਹੈ। ਰਾਜਧਾਨੀ ਐਡਮੰਟਨ ਤੋਂ 220 ਕਿਲੋਮੀਟਰ ਨੌਰਥ ਵੈਸਟ ਵੱਲ ਸਥਿਤ ਸਵੈਨ-ਹਿਲ ਆਰ.ਸੀ.ਐਮ.ਪੀ. ਦੇ ਅਨੁਸਾਰ ਸ਼ਨੀਵਾਰ 31 ਜੁਲਾਈ ਵਾਲੇ ਦਿਨ ਬਾਦ ਦੁਪਹਿਰ 3 ਵਜੇ ਉਹਨਾਂ ਨੂੰ ਇਸ ਹਾਦਸੇ ਦੀ ਸੂਚਨਾ ਦਿੱਤੀ ਗਈ ਸੀ। ਮੌਕੇ 'ਤੇ ਮੌਜੂਦ ਲੋਕਾਂ ਦਾ ਕਹਿਣਾ ਹੈ ਕਿ ਕਈ ਜਣੇ ਪੌਦੇ ਲਗਾਉਣ ਦਾ ਕੰਮ ਕਰ ਰਹੇ ਸਨ ਤੇ ਇਹ ਔਰਤ ਵੀ ਪੌਦੇ ਲਗਾ ਰਹੀ ਸੀ ਜਦੋਂ ਅਚਾਨਕ ਆਏ ਇੱਕ ਕਾਲੇ ਰਿੱਛ ਨੇ ਉਸ ਉੱਪਰ ਹਮਲਾ ਕਰ ਦਿੱਤਾ। ਆਪਣੇ ਹੈਲਿਕੌਪਟਰ ਵਿੱਚ ਉਹੀ ਉਸ ਨੂੰ ਸਵੈਨ-ਹਿਲ ਦੇ ਏਅਰਪੋਰਟ 'ਤੇ ਲੈ ਆਏ ਤੇ ਜਦੋਂ ਮੈਡਿਕਲ ਉਸ ਨੂੰ ਚੈਕ ਕਰਨ ਲੱਗੀ ਤਾਂ ਔਰਤ ਦੀ ਮੌਤ ਹੋ ਚੁੱਕੀ ਹੋ ਚੁੱਕੀ ਸੀ। ਐਲਬਰਟਾ ਫਿਸ਼ ਐਂਡ ਵਾਇਲਡ-ਲਾਇਫ਼ ਅਧਿਕਾਰੀਆਂ ਦੇ ਨਾਲ ਆਰ.ਸੀ.ਐਮ.ਪੀ. ਵੱਲੋਂ ਸਾਂਝੀ ਜਾਂਚ ਕੀਤੀ ਜਾ ਰਹੀ ਹੈ।

## ਹੁਣ ਇੱਕ ਔਰਤ ਟਰੱਕ ਡਰਾਈਵਰ ਕੋਕੇਨ ਸਮੱਗਲਿੰਗ ਵਿੱਚ ਫੜੀ ਗਈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਮੈਰਿਕਾ ਦੇ ਕਸਟਮ ਅਧਿਕਾਰੀਆਂ ਨੇ ਐਲਬਰਟਾ-ਮੌਂਟੈਨਾ ਬੌਰਡਰ 'ਤੇ ਕੈਨੇਡਾ ਵੱਲ ਲਿਆਂਦੀ ਜਾ ਰਹੀ 32 ਕਿਲੋਗ੍ਰਾਮ ਕੋਕੇਨ ਬਰਾਮਦ ਕੀਤੀ ਹੈ। ਇਹ ਨਸ਼ੀਲਾ ਪਦਾਰਥ ਹਦਵਾਣਿਆਂ ਤੇ ਸ਼ਿਮਲਾ ਮਿਰਚਾਂ ਦੀ ਸ਼ਿਪਮੈਂਟ ਵਿੱਚ ਲੁਕੋਈ ਗਈ ਸੀ। ਇੱਕ ਕੈਨੇਡੀਅਨ ਔਰਤ ਇਹ ਟਰੱਕ ਚਲਾ ਰਹੀ ਸੀ ਤੇ ਸੈਕੰਡਰੀ ਇੰਸਪੈਕਸ਼ਨ ਦੌਰਾਨ ਇਹ ਬਰਾਮਦਗੀ ਕੀਤੀ ਗਈ। ਇਸ ਟਰੱਕ ਚਾਲਕ ਔਰਤ ਦੇ ਨਾਮ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ।

ਚੇਤੇ ਰਹੇ ਕਿ ਜੂਨ ਮਹੀਨੇ ਵਿੱਚ ਵੀ ਕੈਲਗਰੀ ਦੇ ਇੱਕ ਟਰੱਕ ਚਾਲਕ ਨੇ ਯੂ.ਐਸ. ਕੋਰਟ ਵਿੱਚ 95 ਕਿਲੋਗ੍ਰਾਮ ਕੋਕੇਨ ਲੈ ਕੇ ਆਉਣ ਦਾ ਦੋਸ਼ ਕਬੂਲ ਕਰ ਲਿਆ ਹੈ। ਉਸ ਨੂੰ ਜਨਵਰੀ ਮਹੀਨੇ ਵਿੱਚ ਸਮਗਲਿੰਗ ਕਰਦਿਆਂ ਕਾਬੂ ਕੀਤਾ ਗਿਆ ਸੀ। 39 ਸਾਲਾ ਇਸ ਟਰੱਕ ਚਾਲਕ ਦਾ ਨਾਮ ਗੁਰਪਾਲ ਸਿੰਘ ਗਿੱਲ ਦੱਸਿਆ ਗਿਆ ਹੈ। ਉਸ ਨੂੰ ਹੁਣ ਸਤੰਬਰ ਵਿੱਚ ਸਜ਼ਾ ਸੁਣਾਈ ਜਾਵੇਗੀ। ਇਹ ਸਜ਼ਾ 40 ਸਾਲ ਤੱਕ ਅਤੇ 5 ਮਿਲੀਅਨ ਡਾਲਰ ਤੱਕ ਦੇ ਜੁਰਮਾਨੇ ਦੇ ਰੂਪ ਵਿੱਚ ਹੋ ਸਕਦੀ ਹੈ।

## ਪੰਜਾਬ ਸਰਕਾਰ ਕਿਸਾਨ ਅੰਦੋਲਨ ਵਿਚ ਮਾਰੇ ਗਏ ਕਿਸਾਨਾਂ ਦੇ ਵਾਰਿਸਾਂ ਨੂੰ ਨੌਕਰੀਆਂ ਦੇਣ ਲੱਗੀ ਹੈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਸੂਬੇ ਪੰਜਾਬ ਦੀ ਸਰਕਾਰ ਨੇ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਦੌਰਾਨ ਮਾਰੇ ਗਏ ਕਿਸਾਨਾਂ ਦੇ ਵਾਰਿਸਾਂ ਨੂੰ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਸਰਕਾਰ ਨੇ ਕਿਸਾਨਾਂ ਦੇ ਬੱਚਿਆਂ ਨੂੰ ਨੌਕਰੀ ਦੇਣ ਲਈ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਹੁਣ ਇਸ ਪ੍ਰਕਿਰਿਆ ਦਾ ਕੰਮ ਸ਼ੁਰੂ ਹੋ ਗਿਆ ਹੈ। ਮਾਲ ਵਿਭਾਗ ਵਿੱਚ ਇਹ ਨੌਕਰੀਆਂ ਦਿੱਤੀਆਂ ਜਾਣਗੀਆਂ ਅਤੇ ਹੁਣ ਤੱਕ 127 ਪਰਿਵਾਰਕ ਮੈਂਬਰ ਯੋਗ ਪਾਏ ਗਏ ਹਨ। 93 ਪਰਿਵਾਰਾਂ ਦਾ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਜਿਨ੍ਹਾਂ ਬਾਰੇ ਫ਼ੈਸਲਾ ਕੈਬਨਿਟ ਵਿੱਚ ਕੀਤਾ ਜਾਵੇਗਾ। 17 ਪਰਿਵਾਰਿਕ ਮੈਂਬਰਾਂ ਨੂੰ ਕਲਰਕ ਦੀ ਨੌਕਰੀ ਮਿਲੇਗੀ ਅਤੇ 110 ਨੂੰ ਸੇਵਾਦਾਰ ਦੀ ਨੌਕਰੀ ਲਈ ਯੋਗ ਪਾਇਆ ਗਿਆ ਹੈ।



ਸਿੱਖ ਫੈਡਰੇਸ਼ਨ ਆਫ ਐਡਮੰਟਨ ਦੁਆਰਾ ਆਯੋਜਿਤ ਟੂਰਨਾਂਮੈਂਟ ਦੌਰਾਨ ਪ੍ਰਧਾਨ ਕਰਨੈਲ ਦਿਓਲ ਦੀ ਸੁਚੱਜੀ ਅਗਵਾਈ ਹੇਠ ਮਰਹੂਮ ਅਮਰਜੀਤ ਸਿੰਘ ਸਰਾਂ ਨੂੰ ਸ਼ਰਧਾਂਜਲੀ ਵੱਜੋਂ ਖੇਡਾਂ ਭਾਈਚਾਰੇ ਲਈ ਇੱਕ ਭਾਵਨਾਤਮਕ ਘਟਨਾ ਸੀ। ਸਵ: ਅਮਰਜੀਤ ਸਿੰਘ ਸਰਾਂ ਦੇ ਬੇਟੇ ਨਵੀ ਸਰਾਂ ਦਾ ਕਹਿਣਾ ਹੈ ਕਿ ਸਾਨੂੰ ਉਮੀਦ ਹੈ ਕਿ ਅਗਲੇ ਸਾਲ ਸਾਡੇ ਕੋਲ ਇਸ ਤੋਂ ਵੀ ਵਧੀਆ ਟੀਮਾਂ ਹੋਣਗੀਆਂ । ਇਸ ਮੌਕੇ ਮੈਂਬਰ ਪਾਰਲੀਮੈਂਟ ਟਿਮ ਉੱਪਲ ਨੇ ਵਿਸੇਸ ਤੌਰ ਤੇ ਹਾਜਰੀ ਭਰੀ ।



# ਮੈਨੀਟੋਬਾ ਦੀ ਪਹਿਲੀ ਪੰਜਾਬੀ ਫ਼ੀਚਰ ਫ਼ਿਲਮ "ਥਰਟੀਨ" ਦੀ ਸ਼ੂਟਿੰਗ ਸ਼ੁਰੂ




ਵਿਨੀਪੈਗ (ਸੁਰਿੰਦਰ ਮਾਵੀ) – ਫੇਮ ਸਕੂਲ ਅਤੇ ਸਟੂਡੀਓ ਵੱਲੋਂ ਬਣਾਈ ਜਾ ਰਹੀ ਪਹਿਲੀ ਪੰਜਾਬੀ ਫ਼ੀਚਰ ਫ਼ਿਲਮ "ਥਰਟੀਨ" ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਗਈ ਹੈ। ਫ਼ਿਲਮ ਦਾ ਨਿਰਦੇਸ਼ਨ ਉੱਘੇ ਗਾਇਕ, ਐਕਟਰ ਰੌਸ਼ਨ ਪ੍ਰਿੰਸ ਕਰਨਗੇ। ਫ਼ਿਲਮ ਦੇ ਨਿਰਮਾਤਾ ਗੁਰਪ੍ਰੀਤ ਸਿੰਘ ਖਹਿਰਾ ਨੇ ਕਿਹਾ ਕਿ ਅੱਜ ਦਾ ਦਿਨ ਮੈਨੀਟੋਬਾ ਵਿਚ ਪੰਜਾਬੀਆਂ ਲਈ ਇਕ ਇਤਿਹਾਸਿਕ ਦਿਨ ਹੋ ਨਿੱਬੜਿਆ ਹੈ। ਇਸ ਫ਼ਿਲਮ ਵਿਚ ਸੈਵੀ ਸੂਦ ਦੇ ਨਾਲ ਖ਼ੂਬਸੂਰਤ ਅਤੇ ਪ੍ਰਤਿਭਾਵਾਨ ਹਰਲੀਨ ਕੌਰ 'ਤੇ ਰਾਜ਼ ਮੁੱਖ ਭੂਮਿਕਾ ਨਿਭਾਉਣਗੇ। ਇਸ ਤੋਂ ਪਹਿਲਾਂ ਹਰਲੀਨ ਦੋ ਵੀਡੀਓ ਵਿਚ ਵੀ ਕੰਮ ਕਰ ਚੁੱਕੀ ਹੈ। ਇਸ ਤੋਂ ਇਲਾਵਾ ਗੋਪਿਕਾ, ਰਾਜਵੀਰ 'ਤੇ ਗੌਰਵ ਵੀ ਇਸ ਫ਼ਿਲਮ ਵਿਚ ਅਹਿਮ ਭੂਮਿਕਾ ਵਿਚ ਨਜ਼ਰ ਆਉਣਗੇ। "ਇਸ ਸਮੇਂ, ਹਰਲੀਨ ਕੌਰ ਨੇ ਕਿਹਾ, "ਇਸ ਲੰਬੇ ਸਮੇਂ ਦੀ ਉਡੀਕ ਤੋਂ ਬਾਅਦ ਹੁਣ ਕੁੱਝ ਕਰ ਦਿਖਾਉਣ ਦਾ ਸਮਾਂ ਹੈ। ਮੈਂ ਇਹ ਮੌਕਾ ਦੇਣ ਲਈ ਪੂਰੀ ਟੀਮ ਦੀ ਤਹਿ ਦਿਲੋਂ ਧੰਨਵਾਦ ਕਰਦੀ ਹਾਂ। ਫ਼ਿਲਮ ਦੇ ਨਿਰਦੇਸ਼ਕ ਰੌਸ਼ਨ ਪ੍ਰਿੰਸ ਨੇ ਕਿਹਾ, "ਹੁਣ ਜਿਵੇਂ ਕਿ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋ ਗਈ ਹੈ। ਫ਼ਿਲਮ ਦੀ ਘੋਸ਼ਣਾ ਦੇ ਨਾਲ ਹੀ ਅਸੀਂ ਫ਼ਿਲਮ ਕਹਾਣੀ, ਪਾਤਰਾਂ ਅਤੇ ਲਿਖਤਾਂ ਤੇ ਹਰ ਵਿਸਥਾਰ ਨਾਲ ਪੂਰੀ ਇਮਾਨਦਾਰੀ ਨਾਲ ਵਿਚਾਰ ਕੀਤਾ। ਮੈਂ ਬੱਸ ਆਸ ਕਰਦਾ ਹਾਂ ਕਿ ਸਭ ਕੁੱਝ ਠੀਕ ਰਹੇਗਾ ਅਤੇ ਅਸੀਂ ਆਪਣੇ ਕੰਮ ਨਾਲ ਨਿਆਂ ਕਰ ਸਕਾਂਗੇ। ਉਨ੍ਹਾਂ ਨੇ ਕਿਹਾ ਇਹ ਪੰਜਾਬੀ ਫ਼ਿਲਮ ਨਿਰਮਾਣ ਉਦਯੋਗ ਵਿਚ ਸਾਡਾ ਪਹਿਲਾ ਕਦਮ ਹੈ, ਅਸੀਂ ਇਸ ਬਾਰੇ ਬਹੁਤ ਉਤਸ਼ਾਹਿਤ ਹਾਂ। ਅਸੀਂ ਬੱਸ ਆਸ ਕਰਦੇ ਹਾਂ ਕਿ ਜਿਸ ਸੋਚ ਨਾਲ ਅਸੀਂ ਇਸ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਹੈ 'ਤੇ ਜਲਦ ਹੀ ਅਸੀਂ ਇਸ ਨੂੰ ਪਰਦੇ 'ਤੇ ਪ੍ਰਦਰਸ਼ਿਤ ਕਰਨ ਦੇ ਯੋਗ ਹੋਵਾਂਗੇ। ਫ਼ਿਲਮ ਦੀ ਸ਼ੂਟਿੰਗ ਵਿਨੀਪੈਗ ਵਿਚ ਸ਼ੁਰੂ ਹੋ ਗਈ ਹੈ। ਇਹ ਫ਼ਿਲਮ ਰੌਸ਼ਨ ਪ੍ਰਿੰਸ ਵੱਲੋਂ ਹੀ ਲਿਖੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਇਕ ਤੇਰਾਂ ਸਾਲ ਦੇ ਕੈਨੇਡੀਅਨ ਬੱਚੇ ਦੀ ਕਹਾਣੀ ਹੈ। ਜੋ ਸਾਰਿਆਂ ਨੂੰ ਪਸੰਦ ਆਵੇਗੀ 'ਤੇ ਨਾਲ ਹੀ ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਦਾ ਡਾਇਰੈਕਟਰ ਬਣਨ ਦਾ ਸੁਪਨਾ ਵੀ ਪੂਰਾ ਹੋਇਆ ਹੈ 'ਤੇ ਆਉਣ ਵਾਲਾ ਸਮਾਂ ਬਹੁਤ ਵਿਅਸਤ ਹੋਣ ਵਾਲਾ ਹੈ। ਉਨ੍ਹਾਂ ਕਿਹਾ ਕਿ "ਇੱਕ ਅਦਾਕਾਰ ਦੇ ਰੂਪ ਵਿਚ, ਮੈਂ ਹਮੇਸ਼ਾ ਮਨੋਰੰਜਨ ਦੇ ਵੱਖੋ ਵੱਖਰੇ ਰੁਝਾਨਾਂ ਦੀ ਖੋਜ ਕਰਦਾ ਹਾਂ ਅਤੇ ਅਜਿਹਾ ਕਰਨ ਦੀ ਲਾਲਸਾ ਕਰਦਾ ਹਾਂ। ਕੁੱਝ ਅਜਿਹਾ ਹੀ, ਮੈਂ ਇਸ ਫ਼ੀਚਰ ਫ਼ਿਲਮ ਨਾਲ ਇੱਕ ਵੱਖਰੀ ਦੁਨੀਆ ਵਿਚ ਕਦਮ ਰੱਖਣ ਜਾ ਰਿਹਾ ਹਾਂ ਜੋ ਕਿ ਬਹੁਤ ਰੋਮਾਂਚਕ ਅਤੇ ਦਿਲਚਸਪ ਹੈ। ਉਨ੍ਹਾਂ ਦੱਸਿਆ ਕਿ ਜ਼ਿਆਦਾ ਤਰ ਬੱਚੇ ਉਨ੍ਹਾਂ ਦੇ ਸਕੂਲ ਦੇ ਹੀ ਹਨ 'ਤੇ ਉਹ ਆਪ ਵੀ ਇਸ ਫ਼ਿਲਮ ਵਿਚ ਇਕ ਐਕਟਰ ਦੇ ਤੌਰ 'ਤੇ ਵੀ ਕੰਮ ਕਰ ਰਹੇ ਹਨ। ਇਸ ਫ਼ਿਲਮ ਦੇ ਮਹੂਰਤ ਸ਼ਾਟ ਤੋਂ ਪਹਿਲਾਂ ਫ਼ਿਲਮ ਦੀ ਕਾਮਯਾਬੀ ਲਈ ਅਰਦਾਸ ਕੀਤੀ ਗਈ। ਇਸ ਮੌਕੇ 'ਤੇ ਐਮ ਐਲ ਏ ਦਲਜੀਤ ਪਾਲ ਬਰਾੜ ਨੇ ਕਿਹਾ ਕਿ ਇਤਿਹਾਸ ਦੇ ਇਸ ਪੰਨੇ 'ਤੇ ਫ਼ੇਮ ਸਟੂਡੀਓ ਵੱਲੋਂ ਕੀਤੀ ਗਈ ਮਿਹਨਤ ਤੇ ਪਹਿਲਕਦਮੀ ਸਦਾ ਲਈ ਉੱਕਰ ਜਾਵੇਗੀ। ਇਸ ਉੱਦਮ ਲਈ ਵੀਰ ਰੌਸ਼ਨ ਪ੍ਰਿੰਸ ਤੇ ਫ਼ੇਮ ਸਟੂਡੀਓ ਦੀ ਸਾਰੀ ਟੀਮ ਨੂੰ ਵਧਾਈਆਂ ਤੇ ਸ਼ੁੱਭਕਾਮਨਾਵਾਂ।

# ਹੋਰਾਂ ਨੂੰ ਸਨਮਾਨ ਵੰਡਣ ਵਾਲੀ ਬੀਬੀ ਜੀ ਕੋਲੋਂ ਉਸ ਨੂੰ ਮਿਲਿਆ ਸਨਮਾਨ ਹੀ ਵਾਪਿਸ ਲੈਣ ਦੀ ਗੱਲ ਚੱਲ ਪਈ ਐ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਦੇਸ਼ ਦੀ ਗਵਰਨਰ ਜਨਰਲ ਵੱਜੋਂ ਜੂਲੀ ਪਾਇਐਟ ਨੇ 'ਔਡਰ ਔਫ਼ ਕੈਨੇਡਾ' ਨਾਮ ਦਾ ਦੇਸ਼ ਦਾ ਸਰਬੋਤਮ ਨਾਗਰਿਕ ਸਨਮਾਨ ਦਰਜਨਾਂ ਵਿਅਕਤੀਆਂ ਨੂੰ ਦਿੱਤਾ ਪਰ ਹੁਣ ਉਸ ਦਾ ਆਪਣਾ ਇਹੀ ਸਨਮਾਨ 'ਔਡਰ ਔਫ਼ ਕੈਨੇਡਾ' ਉਸ ਕੋਲੋਂ ਖੋਹਿਆ ਵੀ ਜਾ ਸਕਦਾ ਹੈ। 'ਔਡਰ ਔਫ਼ ਕੈਨੇਡਾ' ਦੀ ਚੋਣ ਕਰਨ ਵਾਲੀ 11 ਮੈਂਬਰੀ ਐਡਵਾਇਜ਼ਰੀ ਕੌਂਸਲ ਵੱਲੋਂ ਗੰਭੀਰਤਾ ਨਾਲ ਇਸ ਗੱਲ 'ਤੇ ਵਿਚਾਰ ਕੀਤਾ ਜਾ ਰਿਹਾ ਹੈ ਕਿ ਸਾਬਕਾ ਗਵਰਨਰ ਜਨਰਲ ਨੂੰ ਦਿੱਤਾ ਗਿਆ ਇਹ ਸਨਮਾਨ ਵਾਪਸ ਲੈ ਲਿਆ ਜਾਵੇ। ਇਸ ਐਡਵਾਇਜ਼ਰੀ ਕੌਂਸਲ ਦੀ ਪ੍ਰਧਾਨਗੀ ਦੇਸ਼ ਦੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਰਿਚਰਡ ਵੈਗਨਰ ਕਰਦੇ ਹਨ। 'ਔਡਰ ਔਫ਼ ਕੈਨੇਡਾ' ਦੇ ਲਗਪਗ 50 ਸਾਲ ਦੇ ਇਤਿਹਾਸ ਵਿੱਚ ਹੁਣ ਤੱਕ ਸਿਰਫ਼ 7 ਵਿਅਕਤੀਆਂ ਕੋਲੋਂ ਹੀ ਇਹ ਸਨਮਾਨ ਵਾਪਸ ਲਿਆ ਗਿਆ ਹੈ। ਕਿਸੇ ਨੂੰ ਵੀ ਇਸ ਕਰਕੇ ਇਹ ਸਨਮਾਨ ਵਾਪਸ ਨਹੀਂ ਕਰਨਾ ਪਿਆ ਕਿ ਉਹਨਾਂ ਨੇ ਕਿਸੇ ਨੂੰ ਕੰਮ ਵਾਲੀ ਥਾਂ 'ਤੇ ਤੰਗ ਪਰੇਸ਼ਾਨ ਕੀਤਾ ਹੈ। ਕਿਸੇ ਸਾਬਕਾ ਗਵਰਨਰ ਜਨਰਲ ਤੋਂ ਵੀ ਇਹ ਸਨਮਾਨ ਕਦੀ ਵਾਪਸ ਨਹੀਂ ਲਿਆ ਗਿਆ ਹੈ। ਵੱਡੀ ਗਿਣਤੀ ਵਿੱਚ ਲੋਕਾਂ ਨੇ ਜੂਲੀ ਪਾਇਐਟ ਤੋਂ ਇਹ ਸਨਮਾਨ ਵਾਪਸ ਲੈਣ ਲਈ ਸਰਕਾਰ ਨੂੰ ਲਿਖਿਆ ਹੈ। ਸਾਬਕਾ ਗਵਰਨਰ ਜਨਰਲ ਦੇ ਖਿਲਾਫ਼ ਆਈ ਰਿਪੋਰਟ ਮਗਰੋਂ ਉਹਨਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਉਹਨਾਂ ਦੇ ਦਫ਼ਤਰ ਅਤੇ ਰਿਹਾਇਸ਼ ਵਿੱਚ ਕੰਮ ਕਰਨ ਵਾਲੇ ਦਰਜਨਾਂ ਕਰਮਚਾਰੀਆਂ ਨੇ ਜੂਲੀ ਪਾਇਐਟ ਖਿਲਾਫ਼ ਸ਼ਿਕਾਇਤਾਂ ਕੀਤੀਆਂ ਸਨ ਕਿ ਉਹਨਾਂ ਨੂੰ ਬੁਰੀ ਤਰ੍ਹਾਂ ਤੰਗ ਪਰੇਸ਼ਾਨ ਕੀਤਾ ਜਾਂਦਾ ਸੀ, ਜ਼ਲੀਲ ਕੀਤਾ ਜਾਂਦਾ ਸੀ ਤੇ ਮਾਰ-ਕੁਟਾਈ ਵੀ ਹੋ ਜਾਂਦੀ ਸੀ।

# ਭਾਰਤ ਅਤੇ ਅਮਰੀਕਾ ਉੱਪਰ ਚੀਨ ਔਖਾ ਹੋਣ ਲੱਗਾ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਭਾਰਤ ਪਹੁੰਚੇ ਅਮੈਰਿਕਨ ਵਿਦੇਸ਼ ਮੰਤਰੀ ਐਂਟਨੀ ਬਲਿੰਕੈਨ ਦੀ ਬੁੱਧ ਧਰਮ ਦੇ ਆਗੂ ਦਲਾਈ ਲਾਮਾ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਉੱਪਰ ਚੀਨ ਭੜਕ ਗਿਆ ਹੈ। ਚੀਨੀ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਤਿੱਬਤ ਦਾ ਮਾਮਲਾ ਚੀਨ ਦਾ ਅੰਦਰੂਨੀ ਮਾਮਲਾ ਹੈ ਤੇ ਕਿਸੇ ਬਾਹਰੀ ਮੁਲਕ ਦੀ ਦਖ਼ਲੰਦਾਜ਼ੀ ਸਵੀਕਾਰ ਨਹੀਂ ਕੀਤੀ ਜਾ ਸਕਦੀ। ਚੀਨ ਨੇ ਦੋਸ਼ ਲਗਾਇਆ ਹੈ ਕਿ ਭਾਰਤ ਅਤੇ ਅਮੈਰਿਕਾ ਤਿੱਬਤ ਨੂੰ ਚੀਨ ਤੋਂ ਵੱਖ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

# ਕੈਨੇਡਾ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਨੀਪੈਗ 'ਚ ਕੱਢੀ ਰੈਲੀ




ਵਿਨੀਪੈਗ (ਸੁਰਿੰਦਰ ਮਾਵੀ) ਕੈਨੇਡਾ ਦੇ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਇਨਸੁਲਿਨ ਦੀ 100ਵੀਂ ਵਰ੍ਹੇਗੰਢ ਮੌਕੇ ਲੋਕਾਂ ਨੂੰ ਜਾਗਰੂਕ ਕਰਨ ਤੇ 'ਡਾਇਬਟੀਜ਼ ਕੈਨੇਡਾ' ਦੇ ਸਮਰਥਨ 'ਚ ਦੇਸ਼ ਭਰ ਵਿਚ ਰੈਲੀਆਂ ਕੱਢੀਆਂ ਗਈਆਂ। ਸਿੱਖ ਮੋਟਰਸਾਈਕਲ ਕਲੱਬ ਆਫ਼ ਮੈਨੀਟੋਬਾ ਵੱਲੋਂ ਕੱਢੀ ਰੈਲੀ ਇੱਕ ਵੈਸਲੀ ਸਟਰੀਟ ਤੋਂ ਸਵੇਰੇ ਸਾਢੇ 9 ਵਜੇ ਸ਼ੁਰੂ ਹੋ ਕੇ ਸਟੈਨਬੈਚ ਵਿਖੇ ਜਾ ਕੇ ਸਮਾਪਤ ਹੋਈ। ਇਸ ਰੈਲੀ 'ਚ 30 ਤੋਂ ਵੱਧ ਮੋਟਰਸਾਈਕਲ ਸ਼ਾਮਲ ਸਨ। ਕੈਨੇਡਾ ਦੇ ਵੱਖਵੱਖ ਸ਼ਹਿਰਾਂ ਵਿਚ ਸਿੱਖ ਮੋਟਰਸਾਈਕਲ ਕਲੱਬ ਵੱਲੋਂ ਕੱਢੀਆਂ ਇਨ੍ਹਾਂ ਰੈਲੀਆਂ ਦੌਰਾਨ ਜਿੱਥੇ ਡਾਇਬਟੀਜ਼ ਕੈਨੇਡਾ ਦੇ ਸਮਰਥਨ 'ਚ ਲੋਕਾਂ ਨੂੰ ਜਾਗਰੂਕ ਕੀਤਾ ਗਿਆ, ਉੱਥੇ ਫ਼ੰਡ ਵੀ ਇਕੱਠਾ ਕਰਨ ਦੀ ਮੁਹਿੰਮ ਚਲਾਈ ਗਈ ਸੀ, ਜਿਸ ਤਹਿਤ ਇਨਸੁਲਿਨ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਲਗਭਗ 1 ਲੱਖ ਡਾਲਰ ਇਕੱਠੇ ਕਰਨ ਦਾ ਟੀਚਾ ਮਿਥਿਆ ਗਿਆ ਸੀ। ਇਸ ਟੀਚੇ ਦੌਰਾਨ ਉਨ੍ਹਾਂ ਨੇ ਇਕ ਲੱਖ ਤੇਰਾਂ ਹਜਾਰ ਡਾਲਰ ਇਕਠੇ ਕੀਤੇ। ਸਿੱਖ ਮੋਟਰਸਾਈਕਲ ਕਲੱਬ ਆਫ਼ ਮੈਨੀਟੋਬਾ ਦੇ ਰਾਜ ਸੰਧੂ ਨੇ ਕਿਹਾ ਕਿ ਉਨ੍ਹਾਂ ਨੂੰ ਮੁਹਿੰਮ ਦਾ ਸਮਰਥਨ ਕਰ ਕੇ ਮਾਣ ਮਹਿਸੂਸ ਹੋ ਰਿਹਾ ਹੈ, ਜਿਹੜੀ ਕਿ ਇਨਸੁਲਿਨ ਦੀ ਖੋਜ ਦਾ ਜਸ਼ਨ ਮਨਾਉਣ ਅਤੇ ਡਾਇਬਟੀਜ਼ ਦੀਆਂ ਲੋੜਾਂ 'ਤੇ ਧਿਆਨ ਦੇਣ ਲਈ ਚਲਾਈ ਗਈ। 'ਤੇ ਕਿਹਾ ਕਿ 'ਵੀ ਕਾਂਟ ਵੇਟ ਅਨਦਰ 100 ਈਅਰਜ਼'। ਹਾਲਾਂਕਿ ਸ਼ੂਗਰ ਰੋਗ ਦੇ ਅੰਤ ਲਈ ਇਨਸੁਲਿਨ ਕਾਫ਼ੀ ਨਹੀਂ ਹੈ। ਇਹ ਇਸ ਬਿਮਾਰੀ ਦੇ ਖ਼ਾਤਮੇ ਲਈ ਸ਼ੁਰੂਆਤੀ ਲਾਈਨ ਹੈ, ਨਾ ਕਿ ਆਖ਼ਰੀ ਲਾਈਨ। ਡਾਇਬਟੀਜ਼ ਕੈਨੇਡਾ ਦੇ ਰਿਜਨਲ ਡਾਇਰੈਕਟਰ ਨੇ ਕਿਹਾ ਕਿ ਡਾਇਬਟੀਜ਼ ਕੈਨੇਡਾ, ਸਿੱਖ ਮੋਟਰਸਾਈਕਲ ਕਲੱਬ ਆਫ਼ ਕੈਨੇਡਾ ਦੇ ਦਿਲੋਂ ਧੰਨਵਾਦੀ ਹਾਂ। ਇਸ ਤਰਾਂ ਦੀਆਂ ਮੁਹਿੰਮਾਂ ਚਲਾ ਕੇ ਜਾਂ ਪ੍ਰੋਗਰਾਮ ਕਰਵਾ ਕੇ ਉਨ੍ਹਾਂ 1.5 ਮਿਲੀਅਨ ਲੋਕਾਂ ਦੀ ਮਦਦ ਕਰ ਸਕਦੇ ਹਾਂ, ਜਿਹੜੇ ਸ਼ੂਗਰ ਜਿਹੀ ਬਿਮਾਰੀ ਨਾਲ ਜੂਝ ਰਹੇ ਹਨ।

# ਅੱਛਾ! ਹੁਣ ਕਈਆਂ ਨੂੰ ਕਰੋਨਾ ਵੈਕਸੀਨ ਦੀ ਤੀਜੀ ਡੋਜ਼ ਵੀ ਮਿਲੇਗੀ




ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਕਿਊਬੈਕ ਸਰਕਾਰ ਦਾ ਕਹਿਣਾ ਹੈ ਕਿ ਜਿਹੜੇ ਸੂਬਾ ਵਾਸੀਆਂ ਨੇ ਕੋਵਿਡ-19 ਵੈਕਸਿਨ ਵਿੱਚ ਇੱਕ ਡੋਜ਼ ਐਸਟ੍ਰਾ-ਜ਼ੈਨੇਕਾ ਦੀ ਹਾਸਲ ਕੀਤੀ ਹੈ ਉਹਨਾਂ ਨੂੰ ਮੌਡਰਨਾ ਜਾਂ ਫਾਇਜ਼ਰ ਦੀ ਤੀਜੀ ਡੋਜ਼ ਦਿੱਤੀ ਜਾ ਸਕਦੀ ਹੈ। ਅਜਿਹਾ ਕਰਨ ਦਾ ਐਲਾਨ ਇਸ ਕਰਕੇ ਕੀਤਾ ਜਾ ਰਿਹਾ ਹੈ ਕਿ ਕਈ ਦੇਸ਼ਾਂ ਨੇ ਐਸਟ੍ਰਾ-ਜ਼ੈਨੇਕਾ ਨੂੰ ਮਾਨਤਾ ਨਹੀਂ ਦਿੱਤੀ ਹੈ ਤੇ ਜਿਹਨਾਂ ਦੇ ਇਹ ਵੈਕਸਿਨ ਲੱਗੀ ਹੈ, ਉਹਨਾਂ ਨੂੰ ਵਿਦੇਸ਼ ਯਾਤਰਾ ਵਿੱਚ ਸਹੂਲਤ ਦੇਣ ਲਈ ਸਰਕਾਰ ਨੇ ਇਹ ਐਲਾਨ ਕੀਤਾ ਹੈ। ਐਸਟ੍ਰਾ-ਜ਼ੈਨੇਕਾ ਦੀ ਇਹ ਦਵਾਈ ਭਾਰਤ ਦੇ ਸੀਰਮ ਇੰਸਟਿਟਿਊਟ ਤੋਂ ਬਣੀ ਹੈ ਤੇ ਭਾਰਤ ਵਿੱਚ ਇਸ ਨੂੰ ਕੋਵਿਸ਼ੀਲਡ ਵਜੋਂ ਜਾਣਿਆ ਜਾਂਦਾ ਹੈ। ਕੋਵਿਸ਼ੀਲਡ ਨੂੰ ਕਈ ਦੇਸ਼ਾਂ ਨੇ ਮਾਨਤਾ ਨਹੀਂ ਦਿੱਤੀ ਹੈ। ਤੀਸਰੀ ਡੋਜ਼ ਲੈਣ ਦੇ ਇਛੁਕ ਵਿਅਕਤੀਆਂ ਨੂੰ ਕਿਹਾ ਗਿਆ ਹੈ ਕਿ ਜੇ ਉਹਨਾਂ ਦੇ ਦੂਜੀ ਡੋਜ਼ ਲੱਗਿਆਂ ਘੱਟੋ ਘੱਟ 2 ਹਫ਼ਤੇ ਹੋ ਗਏ ਹਨ ਤਾਂ ਉਹ ਤੀਜੀ ਡੋਜ਼ ਵਾਸਤੇ ਬੁਕਿੰਗ ਕਰਵਾ ਸਕਦੇ ਹਨ।

# ਭਲਾਂ 72 ਘੰਟਿਆਂ ਵਿੱਚ ਅਫਗਾਨੀ ਲੋਕ ਕਿਵੇਂ ਕਨੇਡਾ ਦਾ ਵੀਜਾ ਅਪਲਾਈ ਕਰ ਦੇਣਗੇ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਅਫ਼ਗਾਨਿਸਤਾਨ ਵਿੱਚ ਕੈਨੇਡੀਅਨ ਫੋਰਸਿਜ਼ ਦੀ ਸਹਾਇਤਾ ਕਰਨ ਵਾਲੇ ਅਫ਼ਗ਼ਾਨੀ ਸਟਾਫ਼ ਮੈਂਬਰਾਂ ਨੂੰ ਕੈਨੇਡਾ ਸਰਕਾਰ ਵੱਲੋਂ ਇੱਧਰ ਲਿਆ ਕੇ ਸੈਟਲ ਕਰਨ ਦੀ ਯੋਜਨਾ ਦਾ ਐਲਾਨ ਕੀਤੇ ਜਾਣ ਮਗਰੋਂ ਉਹਨਾਂ ਨੂੰ ਸਿਰਫ਼ 3 ਦਿਨ ਦਾ ਸਮਾਂ ਦਿੱਤਾ ਗਿਆ ਹੈ ਕਿ ਉਹ ਇਸ ਪ੍ਰੋਗਰਾਮ ਵਾਸਤੇ ਐਪਲਾਈ ਕਰ ਸਕਦੇ ਹਨ। ਪਿਛਲੇ ਦਿਨੀਂ ਫੈਡਰਲ ਲਿਬਰਲ ਸਰਕਾਰ ਨੇ ਐਲਾਨ ਕੀਤਾ ਸੀ ਕਿ ਉਹਨਾਂ ਸਾਰੇ ਸਟਾਫ਼ ਮੈਂਬਰਾਂ ਨੂੰ ਕੈਨੇਡਾ ਲਿਆਂਦੇ ਜਾਣ ਲਈ ਟੈਂਪਰੇਰੀ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਉਹਨਾਂ ਸਟਾਫ਼ ਮੈਂਬਰਾਂ ਨੂੰ ਇਸ ਵੇਲੇ ਅਫ਼ਗ਼ਾਨੀ ਤਾਲਿਬਾਨਾਂ ਦੇ ਹਮਲੇ ਦਾ ਡਰ ਹੈ ਤੇ ਸਥਿੱਤੀ ਤੇਜ਼ੀ ਨਾਲ ਖ਼ਰਾਬ ਹੁੰਦੀ ਜਾ ਰਹੀ ਹੈ। ਇਹਨਾਂ ਵਿਅਕਤੀਆਂ ਨੂੰ 72 ਘੰਟਿਆਂ ਅੰਦਰ ਐਪਲਾਈ ਕਰਨ ਨੂੰ ਕਿਹਾ ਗਿਆ ਹੈ ਤੇ ਇਸ ਡੈਡਲਾਇਨ ਨੂੰ ਨਾਕਾਫੀ ਦੱਸਿਆ ਜਾ ਰਿਹਾ ਹੈ। ਉਹਨਾਂ ਵਿਚੋਂ ਬਹੁਤ ਅਜਿਹੇ ਇਲਾਕਿਆਂ ਵਿੱਚ ਰਹਿੰਦੇ ਹਨ ਜਿੱਥੇ ਨਾ ਬਿਜਲੀ ਹੈ ਤੇ ਨਾ ਇੰਟਰਨੈਟ ਹੈ ਤੇ ਨਾ ਹੀ ਇਲੈਕਟ੍ਰੌਨਿਕ ਸਹੂਲਤਾਂ ਹਨ ਤੇ ਅਜਿਹੇ ਵਿੱਚ ਉਹਨਾਂ ਲਈ 72 ਘੰਟਿਆਂ ਵਿੱਚ ਐਪਲਾਈ ਕਰਨਾ ਸੰਭਵ ਹੀ ਨਹੀਂ ਹੈ। ਸਰਕਾਰ ਦਾ ਕਹਿਣਾ ਹੈ ਕਿ ਡੈਡਲਾਇਨ ਵਧਾਈ ਜਾ ਸਕਦੀ ਹੈ ਤੇ ਲੋਕਾਂ ਦੀ ਪਹਿਚਾਣ ਦਾ ਕੰਮ ਤੇਜ਼ ਕੀਤਾ ਜਾ ਰਿਹਾ ਹੈ।




# ਪੁਲਿਸ ਦੇ ਅੰਕੜਿਆਂ ਅਨੁਸਾਰ ਕਰੋਨਾ ਮਹਾਮਾਰੀ ਕਾਰਣ ਘਰਾਂ ਅੰਦਰ ਬੱਚੇ ਸੋਸ਼ਣ ਦਾ ਸ਼ਿਕਾਰ ਹੋਏ ਹਨ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਪੁਲੀਸ ਚੀਫ ਡੈਨਿਸ ਸਮਿੱਥ ਵੱਲੋਂ ਇਕ ਰਿਪੋਰਟ ਸਾਂਝੀ ਕੀਤੀ ਗਈ ਜਿਸ ਅਨੁਸਾਰ ਵਿਨੀਪੈੱਗ ਵਿਚ ਕਰੋਨਾ-19 ਮਹਾਮਾਰੀ ਦੌਰਾਨ ਚਾਈਲਡ ਪੋਰਨੋਗ੍ਰਾਫੀ ਦੇ ਰਿਕਾਰਡ ਮਾਮਲੇ ਦਰਜ ਹੋਏ ਹਨ। ਪੁਲੀਸ ਚੀਫ ਦੇ ਦੱਸਣ ਅਨੁਸਾਰ ਇਹਨੀ ਦਿਨੀ ਚਾਈਲਡ ਪੋਰਨੋਗ੍ਰਾਫੀ ਕਰਾਈਮ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਸਾਲ 2020 ਵਿੱਚ ਬਹੁਤ ਵਾਧਾ ਹੋਇਆ ਹੈ। ਸਾਲ 2020 ਦੌਰਾਨ 287 ਮਾਮਲੇ ਦਰਜ ਹੋਏ ਜੋ ਕਿ ਸਾਲ 2019 ਦੇ ਮੁਕਾਬਲੇ 92 ਪੁਆਇੰਟ 6 ਪਰਸੈਂਟ ਦਾ ਇਜ਼ਾਫਾ ਹੈ ਅਤੇ ਪਿਛਲੇ ਪੰਜ ਸਾਲਾਂ ਦੇ ਐਵਰੇਜ ਨਾਲ ਪੰਜ ਸਾਲਾਂ ਦੀ ਐਵਰੇਜ ਨਾਲ 200 ਪਰਸੈਂਟ ਦਾ ਵਾਧਾ ਹੈ। ਬੱਚਿਆਂ ਦੀ ਸੈਕਸੁਅਲ ਐਬਿਊਜ਼ ਵੀਡੀਓ ਅਤੇ ਮਟੀਰੀਅਲ ਬਣਾਉਣ ਅਤੇ ਡਿਸਟਰੀਬਿਊਟ ਕਰਨ ਦੇ ਮਾਮਲੇ ਵਿਚ ਵੀ ਸਾਲ 2020 ਦੌਰਾਨ ਸਾਲ 2019 ਦੇ ਮੁਕਾਬਲੇ 27 ਪਰਸੈਂਟ ਦਾ ਵਾਧਾ ਹੋਇਆ ਹੈ ਅਤੇ ਪਿਛਲੇ ਪੰਜ ਸਾਲਾਂ ਦੀ ਐਵਰੇਜ ਨੰਬਰਾਂ ਨਾਲੋਂ ਇਹ 89 ਪਰਸੈਂਟ ਦਾ ਇਜ਼ਾਫਾ ਹੈ। ਕੰਪਿਊਟਰ ਜ਼ਰੀਏ ਬੱਚਿਆਂ ਨੂੰ ਭਰਮਾਉਣ ਦੇ ਮਾਮਲਿਆਂ ਵਿੱਚ ਵੀ ਸਾਲ 2020 ਦੌਰਾਨ 15 ਪਰਸੈਂਟ ਦਾ ਇਜ਼ਾਫਾ ਹੈ ਅਤੇ ਪਿਛਲੇ ਪੰਜ ਸਾਲਾਂ ਦੌਰਾਨ ਇਹ ਵਾਧਾ 37 ਪਰਸੈਂਟ ਦਾ ਹੈ। ਪੁਲੀਸ ਚੀਫ ਡੈਨਿਸ ਸਮਿੱਥ ਅਨੁਸਾਰ ਲੋਕ ਕਰੋਨਾ ਕਾਰਣ ਘਰੇ ਬਹੁਤਾ ਸਮਾਂ ਰਹੇ ਹਨ ਅਤੇ ਉਨ੍ਹਾਂ ਵੱਲੋਂ ਇਨ੍ਹਾਂ ਮਾਮਲਿਆਂ ਨੂੰ ਦੇਖਣ ਉਪਰੰਤ ਰਿਪੋਰਟ ਕੀਤਾ ਗਿਆ ਹੈ। ਜਿਸ ਕਾਰਨ ਜ਼ਿਆਦਾ ਮਾਮਲੇ ਦਰਜ ਹੋਏ ਹਨ। ਕੈਨੇਡਾ ਸੈਂਟਰ ਫਾਰ ਚਾਈਲਡ ਪ੍ਰੋਟੈਕਸ਼ਨ ਦੀ ਅਸਿਸਟੈਂਟ ਐਗਜ਼ੈਕਟਿਵ ਡਾਇਰੈਕਟਰ ਸਿਡਨੀ ਆਰਸਨਲ ਨੇ ਆਖਿਆ ਕਿ ਉਨ੍ਹਾਂ ਨੂੰ ਇਨ੍ਹਾਂ ਅੰਕੜਿਆਂ ਕਰਕੇ ਦੁੱਖ ਤਾਂ ਜ਼ਰੂਰ ਹੋਇਆ ਹੈ ਪਰ ਹੈਰਾਨੀ ਇਹੀ ਨਹੀਂ ਹੋਈ ਕਿਉਂਕਿ ਘਰ ਵਿੱਚ ਬੈਠੇ ਬੱਚਿਆਂ ਨੇ ਜ਼ਿਆਦਾ ਸਮਾਂ ਕੰਪਿਊਟਰ ਉੱਤੇ ਆਨਲਾਈਨ ਗੁਜ਼ਾਰਿਆ ਹੈ ਜਿਸ ਕਾਰਨ ਬੱਚੇ ਇਸ ਦਾ ਸ਼ਿਕਾਰ ਹੋਏ ਹਨ।

# ਐਨ ਡੀ ਪੀ ਅਨੁਸਾਰ ਨਰਸਾਂ ਦੀ ਭਰਤੀ ਲਈ ਸਰਕਾਰ ਸੁਸਤ ਹੈ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਦੀਆਂ ਸੂਬੇ ਦੀ ਵਿਰੋਧੀ ਧਿਰ ਐਨਡੀਪੀ ਪਾਰਟੀ ਵੱਲੋਂ ਮੈਨੀਟੋਬਾ ਸੂਬੇ ਵਿੱਚ ਨਰਸਾਂ ਦੀਆਂ ਖਾਲੀ ਪਈਆਂ ਅਸਾਮੀਆਂ ਦੇ ਸੰਬੰਧ ਵਿਚ ਕੁੱਝ ਅੰਕੜੇ ਪੇਸ਼ ਕੀਤੇ ਗਏ ਹਨ ਜਿਸ ਅਨੁਸਾਰ ਵਿਨੀਪੈੱਗ ਅਤੇ ਬਰੈਂਡਨ ਸ਼ਹਿਰ ਦੇ ਕੁੱਝ ਹਸਪਤਾਲਾਂ ਵਿਚ ਕ੍ਰਿਟੀਕਲ ਕੇਅਰ ਨਰਸਿਜ਼ ਦਾ ਵੈਕੇਂਸੀ ਰੇਟ ਪੱਚੀ ਪਰਸੈਂਟ ਦੇ ਕਰੀਬ ਹੈ। ਇਸ ਅੰਕੜੇ ਮੁਤਾਬਕ 30 ਮਈ ਤੱਕ ਕ੍ਰਿਟੀਕਲ ਕੇਅਰ ਨਰਸਾਂ ਦੀਆਂ 447 ਫੁਲ ਟਾਈਮ ਪੁਜ਼ੀਸਨਾਂ ਵਿੱਚੋਂ 111 ਖਾਲੀ ਪਈਆਂ ਹਨ। ਸੇਂਟ ਬੋਨੀਫੇਸ ਹੌਸਪਿਟਲ ਅਤੇ ਗ੍ਰੇਸ ਹਾਸਪਿਟਲ ਵਿਚ ਇਹ ਵਿਕੈਂਸੀ ਰੇਟ 28 ਪਰਸੈਂਟ ਤੱਕਦਾ ਹੈ। ਹੈਲਥ ਸਾਇੰਸ ਸੈਂਟਰ ਵਿੱਚ 10 ਕ੍ਰਿਟੀਕਲ ਕੇਅਰ ਨਰਸਿੰਗ ਪੁਜੀਸ਼ਨ ਵਿਚੋਂ 2 ਖਾਲੀ ਪਈਆਂ ਹਨ। ਐਨਡੀਪੀ ਲੀਡਰ ਬੌਬ ਕਰੂ ਨੇ ਦੱਸਿਆ ਕਿ ਵੈਕੇਂਸੀ ਰੇਟ ਸੂਬਾ ਸਰਕਾਰ ਦੀ ਹੈਲਥ ਮਨਿਸਟਰ ਵੱਲੋਂ ਦੱਸੇ ਗਏ ਅੰਕੜੇ 8 ਪਰਸੈਂਟ ਤੋਂ ਕਿਤੇ ਵੱਧ ਹਨ। ਉਨ੍ਹਾਂ ਆਖਿਆ ਕਿ ਕੋਵਿਡ -19 ਮਹਾਮਾਰੀ ਦੌਰਾਨ ਆਈਸੀਯੂ ਸਥਿਤੀ ਤੋਂ ਵੀ ਸਰਕਾਰ ਨੇ ਅਜੇ ਤੱਕ ਕੁਝ ਨਹੀਂ ਸਿੱਖਿਆ। ਉੱਧਰ ਮੈਨੀਟੋਬਾ ਨਰਸਿਜ਼ ਯੂਨੀਅਨ ਦੀ ਪ੍ਰੈਜ਼ੀਡੈਂਟ ਡਾਰਲਿੰਗ ਇੰਜੈਕਸ਼ਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਡਾਟਾ ਤੋਂ ਕੋਈ ਹੈਰਾਨੀ ਨਹੀਂ ਹੋਈ ਹੈ ਕਿਉਂਕਿ ਉਨ੍ਹਾਂ ਮੁਤਾਬਕ ਸੂਬੇ ਦੀਆਂ ਨਰਸਾਂ ਨੂੰ ਇਸ ਸਥਿਤੀ ਦਾ ਅੰਦਾਜ਼ਾ ਪਹਿਲਾਂ ਤੋਂ ਹੀ ਹੈ। ਲਗਾਤਾਰ ਸਰਕਾਰ ਨੂੰ ਇਨ੍ਹਾਂ ਖਾਲੀ ਪਈਆਂ ਜੋ ਪੁਜ਼ੀਸ਼ਨਜ਼ ਨੂੰ ਭਰਨ ਲਈ ਸਰਕਾਰ ਨੂੰ ਆਖ ਰਹੇ ਹਨ ਇੱਥੇ ਵਰਨਣਯੋਗ ਹੈ ਕਿ ਸਰਕਾਰ ਵੱਲੋਂ ਪਿਛਲੇ ਦਿਨੀਂ ਐਲਾਨ ਕੀਤਾ ਗਿਆ ਸੀ ਕਿ ਉਹ ਸੂਬੇ ਦੇ ਕਾਲਜਾਂ ਵਿੱਚ ਨਰਸਾਂ ਦੀਆਂ 800 ਸੀਟਾਂ ਨੂੰ ਵਧਾ ਕੇ 1200 ਕਰਨ ਬਾਰੇ ਵਿਚਾਰ ਕਰ ਰਹੇ ਹਨ ਅਤੇ ਇਕ ਸਪੈਸ਼ਲ ਪ੍ਰੋਗਰਾਮ ਰਾਹੀ ਇੰਟਰਨੈਸ਼ਨਲ ਟਰੇਡ ਨਰਸਿਜ਼ ਨੂੰ ਮੈਨੀਟੋਬਾ ਵਿੱਚ ਪੜ੍ਹਾਈ ਅਤੇ ਲਾਈਸੈਂਸਿੰਗ ਪੂਰੀ ਕਰਨ ਲਈ ਪ੍ਰਤੀ ਨਰਸ 30,000 ਡਾਲਰ ਦੇਣਗੇ ਤਾਂ ਕਿ ਉਹ ਹਾਲਾਂਕਿ ਉਹ ਨਰਸਿਜ਼ ਖਾਲੀ ਪਈਆਂ ਪੁਜੀਸ਼ਨ ਉੱਤੇ ਕੰਮ ਕਰ ਸਕਣ।

# ਮੈਨੀਟੋਬਾ ਵਿੱਚ ਘੱਟ ਮੀਂਹ ਕਾਰਣ ਸੋਕੇ ਵਰਗੇ ਹਾਲਾਤ ਬਣਦੇ ਜਾ ਰਹੇ ਹਨ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਸੂਬੇ ਵਿਚ ਇਸ ਵਾਰ ਪਹਿਲਾਂ ਠੰਢ ਵਿੱਚ ਘੱਟ ਮੀਂਹ ਪੈਣ ਕਾਰਨ ਅਤੇ ਫਿਰ ਗਰਮੀ ਵਿੱਚ ਮੀਂਹ ਨਾ ਪੈਣ ਕਾਰਨ ਹਾਲਾਤ ਬਹੁਤੇ ਚੰਗੇ ਨਹੀਂ ਹਨ। ਇਹਨਾਂ ਹਾਲਾਤਾਂ ਦੇ ਚੱਲਦਿਆਂ ਵਿਨੀਪੈੱਗ ਸ਼ਹਿਰ ਜੁਲਾਈ ਮਹੀਨੇ ਵਿੱਚ ਏਨਾ ਜ਼ਿਆਦਾ ਡਰਾਈ ਭਾਵ ਸੁੱਕਾ ਰਿਹਾ ਕਿ 1863 ਵਿੱਚ ਬਣਿਆ ਡੇਢ ਸੌ ਸਾਲ ਪੁਰਾਣਾ ਡਰਾਈ ਜੁਲਾਈ ਦਾ ਰਿਕਾਰਡ ਵੀ ਟੁੱਟ ਗਿਆ। ਵਿਨੀਪੈੱਗ ਵਿੱਚ ਜੁਲਾਈ ਮਹੀਨੇ ਦੌਰਾਨ ਅੱਠ ਪੁਆਇੰਟ ਪੰਜ ਮਿਲੀਮੀਟਰ ਬਾਰਿਸ਼ ਰਿਕਾਰਡ ਕੀਤੀ ਗਈ ਜਦਕਿ ਪਿਛਲੇ ਤੀਹ ਸਾਲਾਂ ਦਾ ਐਵਰੇਜ ਪਚੱਤਰ ਪੁਆਇੰਟ ਅੱਠ ਮਿਲੀਮੀਟਰ ਹੈ। ਇਸ ਤੋਂ ਪਹਿਲਾਂ ਸੂਬੇ ਦੇ ਇਨਫਰਾਸਟਰੱਕਚਰ ਮਨਿਸਟਰ ਰੌਨ ਸ਼ੂਲਰ ਨੇ ਜਾਣਕਾਰੀ ਸਾਂਝੀ ਕੀਤੀ ਕਿ ਨੀਬੋਨ ਰਿਵਰ ਦਾ ਪਾਣੀ ਦਾ ਪੱਧਰ ਵੀ ਘਟ ਗਿਆ ਹੈ ਜੋ ਕਿ 1961 ਦੌਰਾਨ ਹੋਇਆ ਸੀ ਇਨ੍ਹਾਂ ਹਾਲਾਤਾਂ ਕਾਰਨ ਮੈਨੀਟੋਬਾ ਦੇ ਕਈ ਸ਼ਹਿਰਾਂ ਵੱਲੋਂ ਸੋਕੇ ਦਾ ਐਲਾਨ ਕਰ ਦਿੱਤਾ ਗਿਆ ਹੈ ਡ੍ਰਾਈ ਵੈਦਰ ਕਰਕੇ ਕਿਸਾਨਾਂ ਦੀ ਫਸਲ ਅਤੇ ਕੈਟਲ ਫਾਰਮਰਜ਼ ਦਾ ਬਹੁਤ ਨੁਕਸਾਨ ਹੋ ਰਿਹਾ ਹੈ।

# ਪੁਰਾਣੇ ਮਾਲ ਨੂੰ ਨਵਾਂ ਬਣਾਉਣ ਦਾ ਮਾਮਲਾ ਫੰਡਾਂ ਦੀ ਕਮੀ ਕਾਰਣ ਲਟਕਿਆ ਪਿਆ ਹੈ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਡਿਵੈੱਲਪਰ ਸਟਾਰ ਲਾਈਟ ਇਨਵੈਸਟਮੈਂਟਸ ਵੱਲੋਂ ਵਿਨੀਪੈੱਗ ਡਾਊਨ ਟਾਊਨ ਵਿਖੇ ਸਥਿਤ ?ਟਿਸ ਪਲੇਸ ਮਾਲ ਨੂੰ ਦੁਬਾਰਾ ਢਾਹ ਕੇ ਨਵੇਂ ਸਿਰਿ?' ਬਣਾਉਣ ਦੀ ਜ਼ਿੰਮੇਵਾਰੀ ਲਈ ਗਈ ਸੀ। ਜਿਸ ਤਹਿਤ ਡਿਵੈਲਪਰ ਵੱਲੋਂ ਸਾਲ 2019 ਵਿੱਚ 70 ਮਿਲੀਅਨ ਡਾਲਰ ਦੀ ਆਫਰ ਦਿੱਤੀ ਗਈ ਸੀ। ਡਿਵੈੱਲਪਰ ਅਨੁਸਾਰ ਇਸ ਮਾਲ ਨੂੰ ਰੀ ਡਿਜ਼ਾਇਨ ਕਰਕੇ ਚਾਰ ਸੌ ਮਿਲੀਅਨ ਡਾਲਰ ਦੀ ਲਾਗਤ ਨਾਲ ਚਾਰ ਲੱਖ ਚਾਲੀ ਹਜ਼ਾਰ ਸਕੇਅਰ ਫੁੱਟ ਦਾ ਨਵਾਂ ਮਾਲ ਬਣਾਉਣ ਦੀ ਪੇਸ਼ਕਸ਼ ਸੀ। ਇਸ ਕੰਮ ਵਿਚ ਡਿਵੈਲਪਰ ਵੱਲੋਂ ਤਿੰਨੋਂ ਲੈਵਲ ਦੀਆਂ ਗਾਰਮੈਂਟਸ ਫੈਡਰਲ ਪ੍ਰੋਵਿੰਸ਼ੀਅਲ ਅਤੇ ਸਿਟੀ ਨੂੰ ਵਿੱਤੀ ਮੱਦਦ ਲਈ ਆਖਿਆ ਗਿਆ ਸੀ ਫੈਡਰਲ ਸਰਕਾਰ ਵੱਲੋਂ ਲੋੜੀਂਦੀ ਮਦਦ ਨਾ ਮਿਲਣ ਕਾਰਨ ਇਹ ਪ੍ਰਾਜੈਕਟ ਸਿਰੇ ਨਾ ਚੜ੍ਹਦਾ ਦਿਖਾਈ ਦੇ ਰਿਹਾ ਹੈ। ਹੁਣ ਆਖਰੀ ਕੋਸ਼ਿਸ਼ ਵਜੋਂ ਸਿਟੀ ਆਫ ਵਿਨੀਪੈੱਗ ਦੀ ਕੌਂਸਲ ਕਮੇਟੀ ਨੇ ਡਿਵੈੱਲਪਰ ਨੂੰ 2021 ਤੱਕ ਦਾ ਸਮਾਂ ਦਿੱਤਾ ਹੈ ਤਾਂ ਕਿ ਉਹ ਲੋੜੀਂਦੀ ਫੈਡਰਲ ਫੰਡਿੰਗ ਸਕਿ?ਰ ਕਰ ਸਕੇ। ਸਿਟੀ ਕੌਂਸਲ ਮੀਟਿੰਗ ਵਿੱਚ ਇਸ ਦੇ ਹੱਕ ਵਿੱਚ ਗਿਆਰਾਂ ਪੰਜ ਦੇ ਹਿਸਾਬ ਨਾਲ ਵੋਟਿੰਗ ਹੋਈ। ਪਰ ਵੱਲੋਂ ਫੈਡਰਲ ਸਰਕਾਰ ਤੋਂ ਪੰਜਾਹ ਮਿਲੀਅਨ ਡਾਲਰ ਦੀ ਡਾਇਰੈਕਟ ਸਪੋਰਟ ਅਤੇ 243 ਮਿਲੀਅਨ ਡਾਲਰ ਦਾ ਲੋਨ ਕੈਨੇਡੀਅਨ ਮੌਰਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਤੋਂ ਮੰਗਿਆ ਹੈ। ਵਰਨਣਯੋਗ ਹੈ ਕਿ ਸਿਟੀ ਆਫ ਵਿਨੀਪੈੱਗ ਦਾ ਵਾਅਦਾ ਹੈ ਕਿ ਉਹ ਇਸ ਪ੍ਰਾਜੈਕਟ ਦੇ ਵਿੱਚ 20 ਮਿਲੀਅਨ ਡਾਲਰ ਪਾਉਣਗੇ ਜਦਕਿ ਸੂਬਾ ਸਰਕਾਰ ਵੱਲੋਂ ਅਠਾਈ ਪੁਆਇੰਟ ਸੱਤ ਮਿਲੀਅਨ ਡਾਲਰ ਐਕਟ ਇਨਕਰੀਮੈਂਟ ਫਾਇਨਾਂਸਿੰਗ ਤਹਿਤ ਦੇਣ ਦਾ ਐਲਾਨ ਕੀਤਾ ਸੀ। ਉਮੀਦ ਕਰਦੇ ਹਾਂ ਕਿ ਡਿਵੈੱਲਪਰ ਨੂੰ ਫੈਡਰਲ ਸਰਕਾਰ ਵੱਲੋਂ ਲੋੜੀਂਦੀ ਵਿੱਤੀ ਮਦਦ ਮਿਲੇ ਤਾਂ ਕਿ 1987 ਵਿੱਚ ਬਣੇ ਪੋਰਟੇਜ ਪਲੇਸ ਮਾਲ ਨੂੰ ਇੱਕ ਨਵੀਂ ਦਿੱਖ ਮਿਲ ਸਕੀ

# ਕੈਨੇਡੀਅਨ ਲੋਕਾਂ ਦਾ ਕੇਅਰ ਹੋਮਸ ਪ੍ਰਤੀ ਨਜ਼ਰੀਆ ਬਦਲਿਆ ਹੈ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਐਂਗਸ ਰੀਡ ਇੰਸਟੀਚਿਊਟ ਵੱਲੋਂ ਇੱਕ ਆਨਲਾਈਨ ਸਰਵੇ ਕੀਤਾ ਗਿਆ ਜੋ ਕੈਨੇਡਾ ਦੇ ਕੇਅਰ ਹੋਮਸ ਦੇ ਨਾਲ ਸੰਬੰਧਤ ਹੈ। ਸਰਵੇ ਵਿਚ ਭਾਗ ਲੈਣ ਵਾਲੇ 1500 ਦੇ ਕਰੀਬ ਕੈਨੇਡੀਅਨਜ਼ ਨੇ ਕੋਵਿਡ-19 ਦੌਰਾਨ ?ਲਡਏਜ਼ ਕੇਅਰ ਹੋਮਜ਼ ਵਿਚ ਹੋਈਆਂ ਆਊਟ ਬਰੇਕਸ ਨੂੰ ਵੇਖਦਿਆਂ ਇਨ੍ਹਾਂ ਇਨ੍ਹਾਂ ਫੈਸਿਲਿਟੀਆਂ ਵਿੱਚ ਮੇਜਰ ਇੰਪਰੂਵਮੈਂਟਸ ਦੀ ਗੱਲ ਆਖੀ ਹੈ। ਜੇ ਇਸ ਸਰਵੇ ਦੇ ਅੰਕੜਿਆਂ ਵੱਲ ਵੇਖੀਏ ਤਾਂ ਕੈਨੇਡੀਅਨ ਲੋਕਾਂ ਦਾ ਕੇਅਰ ਹੋਮਸ ਪ੍ਰਤੀ ਨਜ਼ਰੀਆ ਬਦਲਿਆ ਹੈ ਜੋ ਕਿ ਬਹੁਤਾ ਹਾਂ ਪੱਖੀ ਨਹੀਂ ਹੈ। ਸਰਵੇ ਵਿੱਚ ਭਾਗ ਲੈਣ ਵਾਲੇ 73 ਪਰਸੈਂਟ ਮੈਨੀਟੋਬਾ ਵਾਸੀਆਂ ਨੇ ਕੇਅਰ ਹੋਮਸ ਵਿੱਚ ਭਾਰੀ ਬਦਲਾਅ ਦੀ ਹਾਮੀ ਭਰੀ ਹੈ। ਜਦਕਿ 6 ਪਰਸੈਂਟ ਲੋਕਾਂ ਨੇ ਨਾਮਾਤਰ ਬਦਲਾਅ ਲਈ ਆਖਿਆ। 44 ਪਰਸੈਂਟ ਲੋਕਾਂ ਨੇ ਸਰਵੇ ਵਿੱਚ ਆਖਿਆ ਉਹਨਾਂ ਨੂੰ ਲੌਂਗ ਟਰਮ ਕੇਅਰ ਹੋਮ ਵਿੱਚ ਰਹਿਣ ਦੇ ਖ਼ਿਆਲ ਤੋਂ ਵੀ ਹੁਣ ਡਰ ਲੱਗਦਾ ਹੈ ਅਤੇ 47 ਨੇ ਕਿਹਾ ਕਿਉਂ ਹਰ ਮੁਮਕਿਨ ਕੋਸ਼ਿਸ਼ ਕਰਨਗੇ ਕਿ ਉਨ੍ਹਾਂ ਨੂੰ ਕੇਅਰ ਹੋਮਜ਼ ਵਿੱਚ ਨਾ ਰਹਿਣਾ ਪਵੇ। ਜ਼ਿਆਦਾਤਰ ਰਸਪਾਂਡੇਂਟਸ ਨੇ ਇਹ ਗੱਲ ਵੀ ਆਖੀ ਇੰਨ ਇਨ ਹੋਮ ਕੇਅਰ ਲਈ ਪੈਸਾ ਖਰਚਿਆ ਜਾਣਾ ਚਾਹੀਦਾ ਹੈ ਤਾਂ ਕਿ ਘਰ ਦੇ ਵਿੱਚ ਹੀ ਇਹ ਸੁਵਿਧਾ ਉਪਲੱਬਧ ਹੋਵੇ। ਜਦਕਿ ਮੈਨੀਟੋਬਾ ਅਲਬਰਟਾ ਸਸਕੈਚਵਨ ਅਤੇ ਅਟਲਾਂਟਿਕ ਕੈਨੇਡਾ ਦੇ ਕੁਝ ਰਿਸਪੌਂਡੈਂਟਸ ਨੇ ਲੌਂਗ ਟਰਮ ਕੇਅਰ ਫੈਸਿਲੀਟੀਆਂ ਵਿੱਚ ਜ਼ਿਆਦਾ ਪੈਸਾ ਖਰਚਣ ਦੀ ਗੱਲ ਆਖੀ। ਇਹ ਵੀ ਵਰਨਣਯੋਗ ਹੈ ਕਿ ਮੈਨੀਟੋਬਾ ਦੀ ਮੈਪਲ ਲੌਂਗ ਟਰਮ ਕੇਅਰ ਹੋਮ ਵਿੱਚ ਹੋਈਆਂ ਕੋਵਿਡ ਨਾਈਨਟੀਨ ਕਾਰਨ ਮੌਤਾਂ ਕਰਕੇ ਸੂਬਾ ਸਰਕਾਰ ਵੱਲੋਂ ਇਨਵੈਸਟੀਗੇਸ਼ਨਜ਼ ਤੋਂ ਬਾਅਦ 17 ਰਿਕਮੈਂਡੇਸ਼ਨਜ਼ ਦਿੱਤੀਆਂ ਗਈਆਂ ਸਨ ਅਤੇ ਸੂਬੇ ਦੇ 125 ਕੇਅਰ ਹੋਮਸ ਦੇ ਲਈ ਇੰਪਰੂਵਮੈਂਟ ਦੀ ਗੱਲ ਆਖੀ ਸੀ।

## ਰੈਜ਼ੀਡੈਂਸੀਅਲ ਸਕੂਲਾਂ ਦਾ ਮਾਮਲਾ ਜਾਂਚ ਅਧੀਨ ਹੈ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਕਈ ਦਹਾਕਿਆਂ ਤੱਕ ਕੈਨੇਡਾ ਵਿੱਚ ਚੱਲੀ ਰੈਜ਼ੀਡੈਂਸ਼ੀਅਲ ਸਕੂਲ ਹਮੇਸ਼ਾਂ ਹੀ ਵਿਵਾਦਿਤ ਰਹੇ ਹਨ ਤੇ ਹੁਣ ਕੈਨੇਡਾ ਦੇ ਵੱਖ ਵੱਖ ਫਾਰਮਲ ਰੈਜ਼ੀਡੈਂਸ਼ੀਅਲ ਸਕੂਲ ਵਿਖੇ ਮਿਲੀਆਂ ਬੱਚਿਆਂ ਦੀਆਂ ਅਣਪਛਾਤੀਆਂ ਕਬਰਾਂ ਨੇ ਇਨ੍ਹਾਂ ਦੀ ਹੋਂਦ ਉੱਤੇ ਹੋਰ ਸਵਾਲ ਖੜ੍ਹੇ ਕੀਤੇ ਹਨ। ਹੁਣ ਮੈਨੀਟੋਬਾ ਆਰ ਸੀ ਐਮ ਪੀ ਨੇ ਇੱਕ ਅਹਿਮ ਜਾਣਕਾਰੀ ਸਾਂਝੀ ਕੀਤੀ ਕਿ ਇਸ ਸਮੇਂ ਸਾਕਿਬ ਫਸਟ ਨੇਸ਼ਨਜ਼ ਦੇ ਫੋਰਡ ਅਲੈਗਜ਼ੈਂਡਰ ਰੈਜ਼ੀਡੈਂਸ਼ਲ ਸਕੂਲ ਵਿਖੇ ਹੋਏ ਸੈਕਸੁਅਲ ਐਬਿਊਜ਼ ਸਬੰਧੀ ਲਾਏ ਦੋਸਾਂ ਦੀ ਵੱਡੀ ਪੱਧਰ ਉੱਪਰ ਇਨਵੈਸਟੀਗੇਸ਼ਨ ਚੱਲ ਰਹੀ ਹੈ। ਇਸ ਮਾਮਲੇ ਦੀ ਜੂਡੀਸੀਅਲ ਇਨਵੈਸਟੀਗੇਸ਼ਨ ਪਹਿਲਾਂ 2010 ਦੇ ਵਿੱਚ ਸ਼ੁਰੂ ਕੀਤੀ ਗਈ ਸੀ ਅਤੇ 2011 ਵਿੱਚ ਇਸ ਦੀ ਕ੍ਰਿਮੀਨਲ ਇਨਵੈਸਟੀਗੇਸ਼ਨ ਸਟਾਰਟ ਕੀਤੀ ਗਈ ਸੀ। ਹੁਣ ਤੱਕ ਇਸ ਮਾਮਲੇ ਵਿੱਚ ਸੈਂਕੜੇ ਲੋਕਾਂ ਨਾਲ ਗੱਲਬਾਤ ਕੀਤੀ ਜਾ ਚੁੱਕੀ ਹੈ ਅਤੇ 680 ਦੇ ਕਰੀਬ ਇਨਵੈਸਟੀਗੇਸ਼ਨ ਟਾਸਕ ਮੁਕੰਮਲ ਕੀਤੀਆਂ ਜਾ ਚੁੱਕੀਆਂ ਹਨ। ਇਸ ਵਿਚ 80 ਦੇ ਕਰੀਬ ਆਰਸੀਐਮਪੀ ਅਫਸਰਾਂ ਵਲੋਂ ਕੰਮ ਕੀਤਾ ਜਾ ਰਿਹਾ ਹੈ। ਕੈਨੇਡਾ ਦੇ ਰੈਜ਼ੀਡੈਂਸ਼ੀਅਲ ਸਕੂਲ ਨਾਲ ਸਬੰਧਤ ਇਹ ਪਹਿਲੀ ਇਨਵੈਸਟੀਗੇਸ਼ਨ ਹੈ ਜੋ ਇਸ ਸਮੇਂ ਚੱਲ ਰਹੀ ਹੈ। ਫੋਰਡ ਅਲੈਗਜ਼ੈਂਡਰ ਰੈਜ਼ੀਡੈਂਸ਼ੀਅਲ ਸਕੂਲ 1904 ਵਿੱਚ ਖੋਲ੍ਹਿਆ ਗਿਆ ਸੀ ਅਤੇ 1970 ਤੱਕ ਚੱਲਿਆ।

# ਪੱਲੇ ਕੋਈ ਯੋਗਤਾ ਤਾਂ ਹੈ ਨਹੀਂ ਸੀ ਪਰ ਹਸਪਤਾਲ ਵਿੱਚ ਅੱਠ ਦੇ ਕਰੀਬ ਸਿਫਟਾਂ ਫਿਰ ਵੀ ਲਾ ਗਿਆ

ਵਿਨੀਪੈੱਗ (ਪੰਜਾਬੀ ਅਖ਼ਬਾਰ ਬਿਊਰੋ) ਸੇਂਟ ਬੋਨੀਫੇਸ ਹਸਪਤਾਲ ਦੇ ਐਮਰਜੈਂਸੀ ਡਿਪਾਰਟਮੈਂਟ ਵਿੱਚ ਇੱਕ ਵਿਅਕਤੀ ਵੱਲੋਂ ਹੈਲਥ ਕੇਅਰ ਏਡ ਬਣਕੇ ਹਸਪਤਾਲ ਵਿੱਚ ਕੁੱਝ ਸ਼ਿਫਟਾਂ ਲਾਈਆਂ ਗਈਆਂ। ਜਦਕਿ ਉਸਨੂੰ ਹਸਪਤਾਲ ਵਿੱਚ ਜੌਬ ਨਹੀਂ ਦਿੱਤੀ ਗਈ ਸੀ। ਇਹ ਇਸ ਵਿਅਕਤੀ ਵੱਲੋਂ ਜੁਲਾਈ 2 ਤੋਂ ਜੁਲਾਈ 17 ਦੇ ਵਿਚਕਾਰ ਲਗਪਗ ਅੱਠ ਨਾਈਟ ਸਿਫਟਾਂ ਲਾਈਆਂ ਗਈਆਂ, ਜਿਸ ਦੌਰਾਨ ਇਸ ਵਿਅਕਤੀ ਨੇ ਲੌਂਗ ਟਰਮ ਕੇਅਰ ਫੈਸਿਲਟੀ ਵਿੱਚ ਕੰਮ ਕੀਤਾ ਅਤੇ ਮਰੀਜਾਂ ਦੀ ਮੱਦਦ ਕੀਤੀ। ਜਿਸ ਵਿੱਚ ਉਨ੍ਹਾਂ ਨੂੰ ਚੱਲਣ ਵਿਚ ਨਹਾਉਣ ਵਿਚ ਅਤੇ ਉਨ੍ਹਾਂ ਦੀ ਮੱਲ੍ਹਮ ਪੱਟੀ ਲਈ ਵੀ ਕੀਤੀ ਮੱਦਦ ਸਾਮਿਲ ਹਨ। ਵਿਨੀਪੈੱਗ ਹੈਲਥ ਅਥਾਰਿਟੀ ਦੇ ਦੱਸਣ ਅਨੁਸਾਰ ਇਸ ਵਿਅਕਤੀ ਨੇ ਹੈਲਥ ਕੇਅਰ ਟ੍ਰੇਨਿੰਗ ਪ੍ਰੋਗਰਾਮ ਲਈ ਰਜਿਸਟਰ ਕੀਤਾ ਸੀ ਪਰ ਕੋਰਸ ਮੁਕੰਮਲ ਨਹੀਂ ਕੀਤਾ। ਇਸ ਮਗਰੋਂ ਇਸ ਵਿਅਕਤੀ ਨੇ ਸੇਂਟ ਬੋਨੀਫੇਸ ਹਸਪਤਾਲ ਦੇ ਆਫਿਸ ਵਿਚ ਆਖਿਆ ਕਿ ਉਸ ਦੀ ਹੈਲਥਕੇਅਰ ਏਡ ਵੱਜੋਂ ਨਵੀਂ ਜੌਬ ਲੱਗੀ ਹੈ ਤੇ ਉਸ ਨੂੰ ਸ਼ਿਫਟ ਮਿਲੀ ਹੈ। ਪਹਿਲੀ ਸ਼ਿਫਟ ਲਾਉਣ ਮਗਰੋਂ ਸਟਾਫਿੰਗ ਆਫਿਸ ਨੂੰ ਇਸ ਗਲਤੀ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਇਸ ਵਿਅਕਤੀ ਨੂੰ ਕੰਮ ਕਰਨ ਤੋਂ ਮਨ੍ਹਾ ਕਰ ਦਿੱਤਾ। ਇਸ ਦੇ ਬਾਵਜੂਦ ਇਹ ਵਿਅਕਤੀ ਹਸਪਤਾਲ ਦੀ ਸਕਿਊਰਿਟੀ ਨੂੰ ਆਖਦਾ ਰਿਹਾ ਕਿਉਂ ਹਸਪਤਾਲ ਦਾ ਕਰਮਚਾਰੀ ਹੈ। ਇਸੇ ਤਰ੍ਹਾਂ ਐਮਰਜੈਂਸੀ ਡਿਪਾਰਟਮੈਂਟ ਸਣੇ ਹੋਰ ਕਈ ਥਾਂਵਾਂ ਤੇ ਅੱਠ ਦੇ ਕਰੀਬ ਸ਼ਿਫਟਾਂ ਲਾ ਗਿਆ। ਹੈਲਥ ਕੇਅਰ ਹੈਲਥ ਅਥਾਰਿਟੀ ਅਨੁਸਾਰ ਉਸ ਵਿਅਕਤੀ ਨੂੰ ਮੈਡੀਕੇਸ਼ਨ ਦੀ ਐਕਸੈੱਸ ਨਹੀਂ ਸੀ। ਉਸ ਨੇ ਇੱਥੇ ਮਰੀਜਾਂ ਦਾ ਨੁਕਸਾਨ ਵੀ ਨਹੀਂ ਕੀਤਾ। ਹੈਲਥ ਕੇਅਰ ਏਡ ਨੂੰ ਰੀਪ੍ਰੈਜੈਂਟ ਕਰਦੀ ਯੂਨੀਅਨ ਦੇ ਪਬਲਿਕ ਕੰਪ੍ਰੋਮਾਈਜ਼ ਦੀ ਪ੍ਰੈਜ਼ੀਡੈਂਟ ਡੈਬੀ ਨੇ ਇਸ ਘਟਨਾ ਨੂੰ ਬੜਾ ਮੰਦਭਾਗਾ ਦੱਸਿਆ। ਹਸਪਤਾਲ ਪ੍ਰਸ਼ਾਸਨ ਵੱਲੋਂ ਉਹ ਵੀ ਇਸ ਗਲਤੀ ਲਈ ਮਰੀਜਾਂ ਅਤੇ ਸਟਾਫ ਤੋਂ ਮੁਆਫੀ ਮੰਗੀ ਗਈ ਹੈ।

